# 11

# ਨਿਹਚਾ ਦੀਆਂ ਜਿੱਤਾਂ

## (11:1-40)

''ਨਿਹਚਾ ਹੀ ਤੋਂ'' ਇਬਰਾਨੀਆਂ 11 ਅਧਿਆਇ ਦੇ ਅਠਾਰਾਂ ਵਾਕਾਂ ਦੀ ਸ਼ੁਰੂਆਤ ਹੈ। ਇਸ ਤੋਂ ਉਨ੍ਹਾਂ ਲੋਕਾਂ ਦਾ ਪਤਾ ਚੱਲਦਾ ਹੈ, ਜਿਨ੍ਹਾਂ ਨੇ ਖ਼ੁਦਾ ਵਿਚ ਭਰੋਸਾ ਰੱਖਦੇ ਹੋਏ ਪਰੀਖਿਆ, ਸਤਾਅ ਅਤੇ ਮੁਸ਼ਕਿਲਾਂ ਦਾ ਸਾਹਮਣਾ ਕੀਤਾ। ਜ਼ੋਰ ਉਨ੍ਹਾਂ ਲੋਕਾਂ ਤੇ ਹੈ, ਜਿਨ੍ਹਾਂ ਦੀ ''ਨਿਹਚਾ ਦੇ ਕਾਰਣ ਸਾਖੀ ਦਿੱਤੀ ਗਈ'' (ਆਇਤ 39)। ਪੁਰਾਣਾ ਨੇਮ ਉਨ੍ਹਾਂ ਮਨੁੱਖਾਂ ਅਤੇ ਔਰਤਾਂ ਦੀ ਕਹਾਣੀਆਂ ਦੱਸਦਾ ਹੈ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਨੂੰ ਖ਼ੁਦਾ ਦੇ ਵਾਅਦਿਆਂ ਨਾਲ ਚਲਾਇਆ। ਜੋ ਉਨ੍ਹਾਂ ਨੂੰ ਕਿਹਾ ਗਿਆ ਸੀ ਉਨ੍ਹਾਂ ਨੇ ਮੰਨਿਆ, ਭਾਵੇਂ ਉਨ੍ਹਾਂ ਵਿੱਚੋਂ ਕੁਝ ਬਰਕਤਾਂ ਜਿਹੜੀਆਂ ਉਸ ਨੇ ਉਨ੍ਹਾਂ ਨੂੰ ਦੱਸੀਆਂ ਸਨ, ਭਵਿੱਖ ਵਿਚ ਬਹੁਤ ਦੇਰ ਬਾਅਦ ਮਿਲਣ ਵਾਲੀਆਂ ਸਨ। ਹਮੇਸ਼ਾ ਉਹ ਗੱਲਾਂ, ਜਿਨ੍ਹਾਂ ਦੇ ਵਾਅਦੇ ਉਨ੍ਹਾਂ ਦੀ ਸਮਝ ਤੋਂ ਬਹੁਤ ਦੂਰ ਸਨ, ਭਾਵ ਇਹੋ ਜਿਹੀਆਂ ਗੱਲਾਂ, ਜਿਨ੍ਹਾਂ ਨੂੰ ਵੇਖਣ ਲਈ ਉਨ੍ਹਾਂ ਨੇ ਜ਼ਿੰਦਾ ਨਹੀਂ ਰਹਿਣਾ ਸੀ, ਫਿਰ ਵੀ ਉਨ੍ਹਾਂ ਨੇ ਇਸ ਤਰ੍ਹਾਂ ਮੰਨ ਲਿਆ, ਜਿਵੇਂ ਉਹ ਅਸਲੀ ਹੋਣ। ਉਨ੍ਹਾਂ ਦੀ ਨਿਹਚਾ ਨੂੰ ''ਨਜ਼ਰ'' ਮੰਨਿਆ ਗਿਆ।

### ਨਿਹਚਾ ਦਾ ਇਕ ਵੇਰਵਾ (11:1)

**1ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ।**

**ਆਇਤ 1.** ਇਸ ਅਧਿਆਇ ਵਿਚ **ਨਿਹਚਾ** ਦਾ ਸਾਰ, ਖ਼ੁਦਾ ਦੀ ਗੱਲ ਨੂੰ ਓਸੇ ਤਰ੍ਹਾਂ ਮੰਨ ਲੈਣਾ ਹੈ। ਇਸ ਆਇਤ ਵਿਚ ਨਿਹਚਾ ਦੀ ਪਰਿਭਾਸ਼ਾ ਦੇ ਇਲਾਵਾ ਇਸ ਸ਼ਬਦ ਦਾ ਵੇਰਵਾ ਹੈ ਭਾਵ ਇਹ ਕਹਿਣਾ ਠੀਕ ਹੈ ਕਿ ਇਸ ਆਇਤ ਵਿਚ ਨਿਹਚਾ ਦੀਆਂ ਦੋ ਖ਼ੂਬੀਆਂ ਹਨ।[1] ਨਿਹਚਾ **ਪੱਕਾ ਭਰੋਸੇ** ਵਾਲੀ ਗੱਲ ਹੈ।

ਨਿਹਚਾ ਖ਼ੁਦਾ ਦੇ ਵਿਖੇ ਸਾਡੀ ਸੋਚ ਨੂੰ ''ਯਕੀਨਨ'' ਜਾਂ ''ਸਾਰ'' (KJV) ਦਿੰਦੀ ਹੈ। ਇੱਥੇ ਵਰਤਿਆ ਗਿਆ ਯੂਨਾਨੀ ਸ਼ਬਦ *hupostasis* ਕਿਤੇ ਹੋਰ ਸਿਰਫ਼ ਇਬਰਾਨੀਆਂ 1:3 ਵਿਚ ਮਿਲਦਾ ਹੈ, ਜਿੱਥੇ ਇਸ ਦਾ ਅਨੁਵਾਦ ''ਤੱਤ'' (''ਵਿਅਕਤੀ''; KJV) ਅਤੇ 3:14 ਜਿੱਥੇ ਫੇਰ ਇਸ ਦਾ ਅਨੁਵਾਦ ''ਭਰੋਸਾ'' (''ਯਕੀਨ''; KJV) ਹੋਇਆ ਹੈ। ਇਹ ਸ਼ਬਦ ਨਵੇਂ ਨੇਮ ਵਿਚ ਸਿਰਫ਼ ਦੋ ਵਾਰ ਹੀ 2 ਕੁਰਿੰਥੀਆਂ 9:4 ਅਤੇ 11:17 ਵਿਚ ਮਿਲਦਾ ਹੈ, ਜਿੱਥੇ NASB ਵਿਚ ਇਸ ਦਾ ਅਨੁਵਾਦ ''ਯਕੀਨ'' ਹੋਇਆ ਹੈ।

ਨਿਹਚਾ ਦੇ ਇਹੋ ਜਿਹੇ ਦੂਜੇ ਗੁਣ ''ਭਰੋਸਾ,'' *elegchos* ਜਾਂ ''ਯਕੀਨ'' ਹੈ। ਸਾਡੇ ਵਰਤਮਾਨ ਵਚਨ ਵਿਚ NIV ਵਿਚ ''ਪੱਕਾ'' (*hupostasis* ਦੇ ਲਈ) ਅਤੇ ''ਭਰੋਸਾ'' (*elegchos*) ਸ਼ਬਦਾਂ ਦੀ ਵਰਤੋਂ ਹੋਈ ਹੈ: ''ਹੁਣ ਨਿਹਚਾ ਉਸ ਦਾ ਪੱਕਾ ਭਰੋਸਾ ਹੈ, ਜਿਸ ਦੀ ਸਾਨੂੰ ਆਸ ਹੈ ਅਤੇ

ਉਸ ਦਾ ਭਰੋਸਾ ਹੈ, ਜਿਸ ਨੂੰ ਅਸੀਂ ਵੇਖਦੇ ਨਹੀਂ ਹਾਂ।'' ਇਹ ਗੱਲ ਬੇਕਾਰ ਲੱਗ ਸਕਦੀ ਹੈ, ਕਿਉਂਕਿ ਇਹ ਇੱਕੋ ਹੀ ਮਹੱਤਵਪੂਰਣ ਸੱਚਾਈ ਤੇ ਦੋ ਵੱਖ–ਵੱਖ ਢੰਗਾਂ ਤੇ ਜ਼ੋਰ ਦਿੰਦੀ ਹੈ।

NIV ਨਿਹਚਾ ਨੂੰ ਇਹੋ ਜਿਹੀ ਗੱਲ ਬਣਾਉਣ ਵਿਚ, ਜਿਹੜੀ ਪੂਰੀ ਤਰ੍ਹਾਂ ਨਾਲ ਯਕੀਨਨ ਹੋਵੇ, ਬਹੁਤ ਦੂਰ ਚਲਿਆ ਜਾਂਦਾ ਹੈ। ਇਹ ਨਿਹਚਾ ਦੇ ਅਸਲੀ ਸੁਭਾਅ ਲਈ ਲਗਭਗ ਕੋਈ ਸੰਭਾਵਨਾ ਨਹੀਂ ਰਹਿਣ ਦਿੰਦਾ। ਇਹ ਅਸਲ ਵਿਚ ਆਸ ਕਰਨ ਦੇ ਉਸ ਤੱਤ ਨੂੰ ਖਤਮ ਕਰ ਦਿੰਦਾ ਹੈ, ਜਿਹੜਾ ਵਿਖਾਈ ਨਹੀਂ ਦਿੰਦਾ। ''ਜੇਕਰ ਵਿਆਖਿਆ ਨੂੰ ਉਸ ਗੱਲ ਤਕ ਹੀ ਸੀਮਿਤ ਕਰਨਾ ਹੁੰਦਾ, ਜਿਸ ਨੂੰ ਪਰਖਿਆ ਜਾ ਸਕਦਾ ਹੈ ਤਾਂ ਨਿਹਚਾ ਦੀ ਲੋੜ ਨਹੀਂ ਹੋਣੀ ਸੀ।''[2]

1:3 ਵਿਚ *huptostasis* ਦੀ ਵਰਤੋਂ ਖ਼ੁਦਾ ਦੇ ''ਫ਼ਰਮਾਨ'' ਭਾਵ ਉਸ ਦੀ ਹੋਂਦ ਦੇ ਰੂਪ ਵਿਚ ਯਿਸੂ ਲਈ ਕੀਤਾ ਗਿਆ ਹੈ। ''ਹੋਰ ਸ਼ਬਦਾਂ ਵਿਚ, ਖ਼ੁਦਾ ਦੇ ਵਾਅਦਿਆਂ ਦਾ 'ਹੋਣਾ ਹੀ' ਹੈ।''[3] NEB ਵਿਚ ਹੈ ''ਨਿਹਚਾ ਸਾਡੀ ਆਸ ਨੂੰ ਅਰਥ ਦਿੰਦੀ ਹੈ।'' ਮੇਕੌਰਡ ਦੇ ਅਨੁਵਾਦ ਵਿਚ ਕਿਹਾ ਗਿਆ ਹੈ, ''ਹੁਣ ਨਿਹਚਾ ਉਨ੍ਹਾਂ ਗੱਲਾਂ ਨੂੰ ਯਕੀਨਨ ਬਣਾਉਂਦਾ ਹੈ, ਜਿਸ ਦੀ ਅਸੀਂ ਆਸ ਕਰਦੇ ਹਾਂ ਅਤੇ ਉਨ੍ਹਾਂ ਦਾ ਭਰੋਸਾ ਜਿਹੜਾ ਵਿਖਾਈ ਨਹੀਂ ਦਿੰਦਾ।'' ਇਸ ਵਾਕ ਰਚਨਾ ਵਿਚ ਮਦਦ ਮਿਲ ਸਕਦੀ ਹੈ: ''ਆਪਣੇ ਚੱਲਦੇ ਰਹਿਣ ਵਾਲੇ ਸੁਭਾਅ ਦੇ ਰਾਹੀਂ ਨਿਹਚਾ ਅਰਥ ਦਿੰਦਾ ਹੈ, ਭਾਵ ਉਨ੍ਹਾਂ ਗੱਲਾਂ ਦੀ ਅਸਲੀਅਤ ਨੂੰ ਵਿਖਾਉਂਦਾ ਹੈ ਜਿਸ ਦੀ ਆਸ ਕੀਤੀ ਜਾਂਦੀ ਹੈ। ਇਹ ਉਨ੍ਹਾਂ ਗੱਲਾਂ ਦੀ ਸੱਚਾਈ ਨੂੰ ਵਿਖਾਉਂਦਾ ਹੈ, ਜਿਹੜੀਆਂ ਅਜੇ ਵੇਖੀਆਂ ਨਹੀਂ ਗਈਆਂ।''[4]

ਇਨ੍ਹਾਂ ਸਾਰਿਆਂ ਦਾ ਅਰਥ ਹੈ ਕਿ ਬਾਈਬਲ ਦੇ ਅਰਥ ਵਿਚ ਨਿਹਚਾ ਐਨੀਂ ਅਦਭੁਤ ਹੈ ਕਿ ''ਇਸ ਵਿਚ ਪਹਿਲਾਂ ਹੀ ਉਹ ਹੈ, ਜਿਸ ਦਾ ਖ਼ੁਦਾ ਨੇ ਭਵਿੱਖ ਲਈ ਵਾਅਦਾ ਕੀਤਾ ਸੀ।''[5] ਅਸਲ ਵਿਚ ਨਿਹਚਾ ਨੂੰ ਆਮ ਤੌਰ ਤੇ ਭਵਿੱਖ ਦੀਆਂ ਗੱਲਾਂ ਨਾਲ ਜੋੜਿਆ ਜਾਂਦਾ ਹੈ। ''ਇਹ ਕਹਿਣਾ ਕਿ 'ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ' ਨਿਹਚਾ ਨੂੰ ਉਨ੍ਹਾਂ ਵਰਤਮਾਨ ਵਸਤਾਂ ਦੇ ਰੂਪ ਵਿਚ ਆਨੰਦ ਲੈਣ ਦੇ ਯੋਗ ਹੋਣ ਦੇ ਰੂਪ ਵਿਚ ਵੇਖਣਾ ਹੈ, ਜਿਹੜੀਆਂ ਮੁੱਖ ਤੌਰ ਤੇ ਭਵਿੱਖ ਲਈ ਹਨ।''[6] ਵਿਸ਼ਵਾਸ ਭਵਿੱਖ ਲਈ ਕੀਤੀ ਗਈ ਖ਼ੁਦਾ ਦੇ ਵਾਅਦੇ ਵਿਚ ਸਾਡੇ ਭਰੋਸਾ ਦਾ ਯਕੀਨ ਅਤੇ ਭਰੋਸਾ ਹੈ।

''ਨਿਹਚਾ'' ਸ਼ਬਦ ਦੇ ਹੋਰ ਪਹਿਲੂਆਂ ਨੂੰ ਵਿਖਾਉਂਦੇ ਹੋਏ ਫਿਲਿੱਪ ਏਜਕੁੰਬ ਨੇ ''ਪੱਕਾ ਭਰੋਸਾ'' ਨੂੰ ਸਭ ਤੋਂ ਵਧੀਆ ਅਨੁਵਾਦ ਮੰਨਿਆ।[7] ਇਕ ਹੋਰ ਟੀਕਾਕਾਰ ਨੇ ਇਹ ਕਹਿੰਦੇ ਹੋਏ ਇਤਰਾਜ਼ ਕੀਤਾ, ''ਅਸਲ ਵਿਚ ਜੋ ਵਿਖਾਈ ਨਹੀਂ ਦਿੰਦਾ, ਉਹ, ਉਹ ਯਕੀਨ ਜਾਂ ਭਰੋਸਾ ਹੈ, ਜਿਸ ਨਾਲ ਅਸੀਂ ਅਨੁਭਵ ਕਰਦੇ ਜਾਂ ਜਿਹੜਾ ਸਾਡੇ ਕੋਲ ਹੈ, ਬਲਕਿ ਉਹ ਹੈ ਕਿ ਵਿਸ਼ਵਾਸ ਉਸ ਨੂੰ ਜਿਸ ਦਾ ਵਾਅਦਾ ਕੀਤਾ ਗਿਆ ਹੈ, ਕਿਸੇ ਤਰ੍ਹਾਂ ਨਾਲ ਸਾਬਿਤ ਕਰਦਾ ਹੈ ਜਾਂ ਉਸ ਨੂੰ 'ਅਰਥ' ਦਿੰਦਾ ਹੈ, ਕਿਸ ਤਰ੍ਹਾਂ ਨਾਲ ਉਸ ਦਾ ਸਬੂਤ ਦਿੰਦਾ ਹੈ, ਜਿਸ ਅਦਿੱਖ ਉੱਤੇ ਨਿਹਚਾ ਕੀਤੀ ਜਾਂਦੀ ਹੈ ਅਤੇ ਅਸਲੀਅਤ ਲਈ ਆਸ ਕੀਤੀ ਜਾਂਦੀ ਹੈ।''[8]

ਬਿਨਾਂ ਨਿਹਚਾ ਦੇ ਕੋਈ ਅਸਲੀ ਆਸ ਨਹੀਂ ਹੋ ਸਕਦੀ ਅਤੇ ਬਿਨਾ ਆਸ ਦੇ ਕੋਈ ਅਸਲੀ ਨਿਹਚਾ ਨਹੀਂ ਹੋ ਸਕਦੀ। **ਅਣਡਿੱਠ ਵਸਤਾਂ** ਦੀ ਰਾਹ ਵੇਖਣ ਦਾ ਅਰਥ ਕਿਸੇ ਉੱਤਮ ਵਸਤ ਦੀ ਆਸ ਕਰਦਾ ਹੈ। ਨਿਹਚਾ ਦਾ ਇਹੀ ਮੁੱਖ ਜ਼ਰੀਆ ਹੈ। ਅਸਲ ਵਿਚ ਪੁਰਖੇ, ''[ਪਰਮੇਸ਼ੁਰ ਦੇ ਵਾਅਦਿਆਂ ਨੂੰ] ਦੂਰੋਂ ਉਨ੍ਹਾਂ ਨੂੰ ਵੇਖ ਕੇ ਅਤੇ ਮੰਨ ਲਿਆ'' (ਆਇਤ 13) ਜਿਸ ਦੀ ਭਾਲ ਵਿਚ ਸਨ, ਉਸ ਦੀ ਅਸਲੀਅਤ ਨੂੰ ''ਨਿਹਚਾ ਨਾਲ'' ਜਾਣਦੇ ਸਨ। ''ਸਿਰਫ਼ ਨਿਹਚਾ ਨਾਲ ਹੀ ਅਸੀਂ ਇਸ ਅਦਭੁੱਤ ਗੱਲ ਨੂੰ ਮੰਨ ਸਕਦੇ ਹਾਂ ਕਿ 'ਜੋ ਪਰਗਟ ਹੈ ਉਹ ਅਦਿੱਖ ਤੋਂ ਨਿੱਕਲਿਆ ਹੈ' (NEB)।''[9] ਪਰ ਖ਼ੁਦਾ ਦੇ ਵਚਨ ਦੀ ਸੱਚਾਈ ਦੇ ਸਬੂਤ ਤੋਂ ਮਿਲੀ ਸਾਡੇ ਕੋਲ ਆਪਣੀ ਨਿਹਚਾ ਦਾ ਸਬੂਤ ਹੈ (ਰੋਮੀਆਂ 10:17)। ਸਾਨੂੰ ਭਰੋਸਾ ਹੈ, ਕਿਉਂਕਿ ਖ਼ੁਦਾ ਨੇ ਬਾਰ–ਬਾਰ ਭਰੋਸੇਯੋਗ ਠਹਿਰਾਇਆ ਹੈ। ''ਸਰੀਰਕ

ਨਜ਼ਰ ਤੋਂ ਵਿਖਾਈ ਦੇਣ ਵਾਲੀ ਵਸਤਾਂ ਦਾ ਯਕੀਨ ਜਾਂ ਸਬੂਤ ਮਿਲਦਾ ਹੈ, ਨਿਹਚਾ ਉਹ ਅੰਗ ਹੈ, ਜਿਹੜੀ ਲੋਕਾਂ ਨੂੰ ਅਦਿੱਖ ਚੀਜ਼ ਨੂੰ ਵੇਖਣ ਦੇ ਯੋਗ ਬਣਾਉਂਦੀ ਹੈ (ਆਇਤ 27 ਵਿਚ ਮੂਸਾ ਵਾਂਗ)।''[10]

ਨਿਹਚਾ ਸਾਨੂੰ ''ਨਜ਼ਰ'' ਦਿੰਦੀ ਹੈ। ਬੇਸ਼ੱਕ ਇਹ ਹਨੇਰੇ ਵਿਚ ਛਲਾਂਗ ਮਾਰਨਾ ਨਹੀਂ ਹੈ। ''ਨਿਹਚਾ ਉਸ ਨੂੰ ਅਸਲ ਤੱਥ ਦੇ ਰੂਪ ਵਿਚ ਸਮਝ ਲੈਂਦੀ ਹੈ, ਜੋ ਗਿਆਨਇੰਦਰੀਆਂ ਨੂੰ ਪਤਾ ਨਹੀਂ ਹੁੰਦਾ। ਇਹ ਨਹੀਂ ਕਿਹਾ ਜਾ ਸਕਦਾ ਕਿ ਨਿਹਚਾ ਭੌਤਿਕ ਹੈ। ਇਹ ਅਸਲੀਅਤ ਨੂੰ ਸਮਝ ਲੈਂਦੀ ਹੈ, ਭਾਵ ਇਹ ਉਹ ਹੈ ਜਿਸ ਲਈ ਆਸ ਦੀਆਂ ਅਣਡਿੱਠ ਵਸਤਾਂ ਅਸਲੀ ਅਤੇ ਭੌਤਿਕ ਬਣ ਜਾਂਦੀਆਂ ਹਨ।''[11] ਸਾਡੇ ਮਨਾਂ ਵਿਚ ਆਸ ਦੀ ਉਮੀਦ ਕੀਤੀਆਂ ਹੋਈਆਂ ਵਸਤਾਂ ਦਾ ''ਭਰੋਸਾ'' ਸਾਡੀ ਨਿਹਚਾ ਹੀ ਹੈ।

''ਨਿਹਚਾ ਨਾਲ ਅਸੀਂ ਜਾਣਦੇ ਹਾਂ'' (ਆਇਤ 3) ਇਸ ਗੱਲ ਦੇ ਜ਼ੋਰ ਦਿੰਦਾ ਹੈ ਕਿ ਗਿਆਨ ਅਤੇ ਵਿਸ਼ਵਾਸ ਪੂਰੀ ਤਰ੍ਹਾਂ ਵੱਖ ਨਹੀਂ ਹਨ। ਅਸੀਂ ਰੂਹਾਨੀ ਸੱਚਾਈਆਂ ਨੂੰ ਵੇਖ ਨਹੀਂ ਸਕਦੇ, ਪਰ ਪਰਗਟ ਕੀਤੀਆਂ ਗਈਆਂ ਗੱਲਾਂ ਨਾਲ ਉਨ੍ਹਾਂ ਸੱਚਾਈਆਂ ਦਾ ਯਕੀਨ ਹੁੰਦਾ ਹੈ। ''ਇਹ ਯਕੀਨ ਹੀ ਹੈ, ਜਿਸ ਦੀ ਆਸ ਕੀਤੀ ਗਈ ਹੈ ਉਹ ਹੋਵੇਗਾ।''[12]

ਖ਼ਾਸਕਰ ਜਿਵੇਂ ਕਿ ਇਬਰਾਨੀਆਂ ਦੀ ਕਿਤਾਬ ਵਿਚ ਵਰਤਿਆ ਗਿਆ ਹੈ, ਨਿਹਚਾ ਦੀ ਪਰਿਭਾਸ਼ਾ ਦੇਣ ਲਈ ਅਸੀਂ ਇਸ ਨੂੰ ''ਭਰੋਸਾ,'' ਜਾਂ ''ਯਥਾਰਥਵਾਦੀ ਭਰੋਸਾ'' ਕਹਿ ਸਕਦੇ ਹਾਂ, ਮੂਲ ਵਿਚ *pistis* ਦਾ ਅਰਥ ਸਿਰਫ਼ ''ਨਿਹਚਾ'' ਹੈ। ਪਰ ਇਬਰਾਨੀਆਂ ਦੀ ਕਿਤਾਬ ਵਿਚ ਆਮ ਤੌਰ ਤੇ ਇਸ ਦਾ ਅਰਥ ਹੈ ਕਿ ਕਿਸੇ ਕੰਮ ਨੂੰ, ਜੋ ਖ਼ੁਦਾ ਦੇ ਵਚਨ ਵਿਚ ਭਰੋਸਾ ਦੁਆਉਂਦਾ ਹੈ ਦੇ ਕਾਰਣ ਅੰਜਾਮ ਦੇਣਾ। ਅਧਿਆਇ 11 ਕਈਆਂ ਦੇ ਬਾਰੇ ਦੱਸਦਾ ਹੈ, ਜਿਨ੍ਹਾਂ ਨੇ ''ਨਿਹਚਾ ਦੇ ਕਾਰਣ'' ਕੰਮ ਕੀਤਾ। ਆਗਿਆਕਾਰੀ ਕੰਮ ਖ਼ੁਦਾ ਵਿਚ ਉਸ ਦੇ ਵਾਅਦਿਆਂ ਵਿਚ ਭਰੋਸੇ ਦੇ ਕਾਰਣ ਕੀਤਾ ਗਿਆ। ''ਖ਼ੁਦਾ ਨੇ ਕਿਹਾ, ਮੈਂ ਮੰਨਿਆ ਅਤੇ ਮਾਮਲਾ ਸੁਲਝ ਗਿਆ!'' ਬੜੀ ਸਿੱਧੀ ਜਿਹੀ ਗੱਲ ਹੈ, ਪਰ ਇਸ ਵਾਕ ਵਿਚ ''ਨਿਹਚਾ'' ਦਾ ਸਾਰ ਹੈ। ਅੱਜ ਜੇ ਕੋਈ ਖ਼ੁਦਾ ਦੇ ਵਚਨ ਨੂੰ ਮੰਨਦੇ ਹੋਏ ਆਪਣੀ ਪੂਰੀ ਜ਼ਿੰਦਗੀ ਦੇ ਦਿੰਦਾ ਹੈ ਤਾਂ ਉਸ ਨੂੰ ਇਬਰਾਨੀਆਂ ਦੀ ਕਿਤਾਬ ਵਿਚ ''ਨਿਹਚਾ ਦਾ ਅਰਥ ਉਹ ਕਰਨਾ ਹੈ, ਜੋ ਖ਼ੁਦਾ ਕਹਿੰਦਾ ਹੈ!'' ਵਿਚ ''ਨਿਹਚਾ'' ਦਾ ਅਰਥ ਸਮਝ ਆਉਂਦਾ ਹੈ।[13] ਇਹ ਸਿਰਫ਼ ਅੰਧਵਿਸ਼ਵਾਸ ਜਾਂ ਭੋਲਾਪਨ ਨਹੀਂ ਹੈ। ਇਹ ਦਿੱਤੇ ਗਏ ਸਬੂਤ ਉੱਤੇ ਅਧਾਰਿਤ ਹੈ, ਜਿਵੇਂ ਕਿ ਅਸੀਂ ਇਬਰਾਨੀਆਂ 11 ਵਿਚ ਕਈ ਵਾਰ ਵੇਖਾਂਗੇ।

ਆਪਣੀ ਆਸ ਦੇ ਸਬੰਧ ਵਿਚ ਨਿਹਚਾ ਸਾਡਾ ''ਯਕੀਨ'' ਜਾਂ ਭਰੋਸਾ ਹੈ। ਬਿਨਾਂ ਆਸ ਦੇ ਆਪਣੀਆਂ ਦੁਨਿਆਵੀ ਮੁਸ਼ਕਿਲਾਂ ਦੇ ਸਬੰਧ ਵਿਚ ਸਾਡੀ ਹਾਲਤ ਬੜੀ ਨਾਜ਼ੁਕ ਹੁੰਦੀ। ਸੁਧਾਰਵਾਦੀ ਆਗੂ ਜੌਨ ਕੈਲਵਿਨ (1509–1564) ਨੇ ਪੁੱਛਿਆ ਸੀ, ''ਸਾਡਾ ਕੀ ਹੁੰਦਾ ਜੇਕਰ ਅਸੀਂ ਆਪਣੀ ਆਸ ਉੱਤੇ ਨਿਰਭਰ ਨਾ ਹੁੰਦੇ ਅਤੇ ਜੇਕਰ ਸਾਡੇ ਮਨ ਖ਼ੁਦਾ ਦੇ ਵਚਨ ਅਤੇ ਉਸ ਦੇ ਆਤਮਾ ਦੀ ਚਮਕ ਦੇ ਰਾਹੀਂ ਅੰਧਕਾਰ ਦੀ ਸੋਚ ਤੋਂ ਸਾਡੇ ਸੰਸਾਰ ਤੋਂ ਉੱਤਾਹਾਂ ਨਾ ਉੱਠਦੇ?''[14] ਇਹ ਨਿਹਚਾ ਸਿਰਫ਼ ਚਾਹੁਣ ਤੇ ਅਧਾਰਿਤ ਨਹੀਂ ਸਗੋਂ ਖ਼ੁਦਾ ਦੇ ਵਾਅਦਿਆਂ ਉੱਤੇ ਅਧਾਰਿਤ ਹੈ। ਨਿਹਚਾ ਦੇ ਹੀ ਕਾਰਣ ਅਬਰਾਹਾਮ ਲਈ ਸੁਰਗ ਹਕੀਕਤ ਬਣ ਗਿਆ (ਆਇਤ 10)।

ਇਹ ਨਿਹਚਾ ਬਿਨਾਂ ਭਰੋਸੇ ਦੇ ਨਹੀਂ ਹੈ ਭਾਵ ਇਹ ਮਜ਼ਬੂਤ ਨੀਂਹ ਉੱਤੇ ਪੱਕੀ ਨਿਹਚਾ ਹੈ। ਇਹ ਉਹੋ ਜਿਹਾ ਭਰੋਸਾ ਨਹੀਂ ਹੈ ਜਿਵੇਂ ਪਹਾੜ ਨੂੰ ਛੂਹਣ ਨਾਲ ਮਿਲਦਾ ਹੈ; ਤਾਂ ਵੀ ਇਸ ਵਿਚ ਅਸਲੀ ''ਅਰਥ'' ਹੈ। ਜਿਵੇਂ ਅਸੀਂ ਇਹ ਸਾਬਿਤ ਕਰ ਸਕਦੇ ਹਾਂ ਕਿ ਪੱਥਰ ਹਨ। ਉਦਾਹਰਣ ਲਈ ਮਸੀਹ ਦੇ ਜੀ ਉੱਠਣ ਵਿਚ ਅਤੇ ਉਸ ਦੀ ਇਸ ਗੱਲ ਵਿਚ ਵਿਸ਼ਵਾਸ ਕਰਨ ਦੇ ਸਾਡੇ ਕੋਲ ਠੋਸ ਕਾਰਣ ਹਨ ਕਿ ਉਸ ਨੇ ਜੀ ਉੱਠਣਾ ਸੀ (ਯੂਹੰਨਾ 5:28, 29)। ਅਸੀਂ ਇਸ ਨੂੰ ਕਿਉਂ ਮੰਨਦੇ ਹਾਂ? ਕਿਉਂਕਿ ਮਸੀਹ ਨੇ ਕਿਹਾ ਸੀ ਕਿ ਉਹ ਜੀ ਉੱਠੇਗਾ ਅਤੇ ਉਸ ਨੇ ਆਪਣੇ ਜੀ ਉੱਠਣ ਨਾਲ ਸਾਡੇ ਜੀ ਉੱਠਣ ਦੀ ਸੰਭਾਵਨਾ ਨੂੰ ਵਿਖਾ ਦਿੱਤਾ ਹੈ। ਆਪਣੀ ਨਿਹਚਾ ਨਾਲ ਅਸੀਂ ਸਮਝ ਲੈਂਦੇ ਹਾਂ ਕਿ ਜੋ ਕੁਝ ਵੀ

ਵਿਖਾਈ ਦਿੰਦਾ ਹੈ ਉਹ ਸਾਡੇ ਅਦਿੱਖ ਖ਼ੁਦਾ ਦੀ ਆਗਿਆ ਦੇ ਕਾਰਣ ਹੈ।

ਨਿਹਚਾ ''ਅਣਡਿੱਠ ਵਸਤਾਂ ਦਾ ਸਬੂਤ *[elegchos]*'' ਜਾਂ ਯਕੀਨ ਹੈ। ਕਿਸੇ ਵੀ ਤਰ੍ਹਾਂ ਦਾ ਤਰਕ ਕਦੇ ਇਹ ਸਾਬਿਤ ਨਹੀਂ ਕਰ ਸਕਦਾ ਕਿ ਕੋਈ ਗੱਲ ਹੋਣ ਵਾਲੀ ਹੈ, ਪਰ ਖ਼ੁਦਾਈ ਮੁਕਾਸ਼ਫ਼ੇ (ਪਵਿੱਤਰ ਲਿਖਤ) ਨਾਲ ਮਿਲਣ ਵਾਲੀ ਨਿਹਚਾ ਦਾ ਸਬੂਤ ਵਿਸ਼ਵਾਸੀ ਵਿਅਕਤੀ ਲਈ ਬਿਨਾਂ ਕਿਸੇ ਸੰਦੇਹ ਦੇ ਇਸ ਨੂੰ ਸਾਬਿਤ ਕਰ ਸਕਦਾ ਹੈ। ਉਦਾਹਰਣ ਲਈ 1 ਕੁਰਿੰਥੀਆਂ 15:35–41 ਵਿਚ ਪੌਲੁਸ ਵੱਲੋਂ ਵਰਤੇ ਗਏ ਰੂਪਕ ਜੀ ਉੱਠਣ ਦੀ ਸੰਭਾਵਨਾ ਦਾ ਸੰਕੇਤ ਦਿੰਦੇ ਹਨ। ਰੂਪਕ ਕਿਸੇ ਗੱਲ ਦਾ ਸਬੂਤ ਨਹੀਂ, ਪਰ ਉਹ ਮਰੇ ਹੋਇਆਂ ਦੇ ਜੀ ਉੱਠਣ ਦੇ ਵਿਸ਼ਵਾਸ ਕਰਨ ਨੂੰ ਮੰਨਣਯੋਗ ਬਣਾ ਦਿੰਦੇ ਹਨ। ਘੱਟ ਤੋਂ ਘੱਟ ਰੂਪਕਾਂ ਤੋਂ ਇਹ ਪਤਾ ਚੱਲ ਸਕਦਾ ਹੈ ਕਿ ਇਹ ਬਹਿਸ ਕਰਨਾ ਕਿੰਨੀ ਵੱਡੀ ਮੂਰਖਤਾ ਹੈ ਕਿ ਜੀ ਉੱਠਣਾ ਹੋ ਹੀ ਨਹੀਂ ਸਕਦਾ। ਕੁਦਰਤੀ ਅਸੰਭਾਵਨਾ ਦੇ ਰੂਪ ਵਿਚ ਸਰੀਰਕ ਜੀ ਉੱਠਣ ਨੂੰ ਵੇਖਣ ਦੀ ਮੂਰਖਤਾ ਨੂੰ ਸਮਝਾਉਣ ਲਈ ਪੌਲੁਸ ਨੇ ਉਦਾਹਰਣ ਦੇ ਕੇ ਦੱਸਿਆ ਕਿ ਬੀ ਦੇ ਨਾਲ ਕੀ ਹੁੰਦਾ ਹੈ (ਮਰ ਜਾਂਦਾ ਹੈ ਤਾਂ ਜੋ ਇਕ ਨਵਾਂ ਬੂਟਾ ਨਿੱਕਲ ਸਕੇ)। ਉਸ ਨੇ ਵਿਖਾਇਆ ਕਿ ਨਵੀਂ ਅਤੇ ਵੱਖਰੀ ਦੇਹ ਹੋ ਸਕਦੀ ਹੈ ਅਤੇ ਉਹ ''ਦੇਹ'' ਹੀ ਰਹੇਗੀ। ਉਸ ਦੇ ਕੁਦਰਤ ਵਿਚ ਪਾਏ ਜਾਣ ਵਾਲੇ ਆਮ ਉਦਾਹਰਣਾਂ ਦੀ ਵਰਤੋਂ ਕੀਤੀ। ਜੇਕਰ ਕੋਈ ਇਸ ਗੱਲ ਨਾਲ ਇਨਕਾਰ ਕਰਦਾ ਹੈ ਕਿ ਮੁਰਦਾ ਸਰੀਰਾਂ ਵਿਚ ਜਾਨ ਪਾਉਣ ਲਈ ਉਨ੍ਹਾਂ ਨੂੰ ਜੀਵਾਲਿਆ ਨਹੀਂ ਜਾ ਸਕਦਾ ਤਾਂ ਉਹ ''ਨਦਾਨ'' ਹੈ (1 ਕੁਰਿੰਥੀਆਂ 15:36)। ਇਸ ਲਈ ਖ਼ੁਦਾ ਦੇ ਮੁਕਾਸ਼ਫ਼ੇ ਤੇ ਅਧਾਰਿਤ ਸਾਡਾ ਯਕੀਨ ਇਹੋ ਜਿਹੇ ਤਰਕਾਂ ਨਾਲ ਮਿਲਦਾ ਵਿਖਾਇਆ ਗਿਆ ਹੈ।

ਇਸ ਤਰ੍ਹਾਂ ਨਹੀਂ ਹੈ ਕਿ ''ਮੈਂ ਨਿਹਚਾ ਕਰਦਾ ਹਾਂ ਕਿਉਂਕਿ ਮੈਂ ਨਿਹਚਾ ਕਰਨਾ ਚਾਹੁੰਦਾ ਹਾਂ,'' ਜਿਵੇਂ ਕਿ ਸਿਰਫ਼ ਇੱਛਾ ਕਰਨ ਨਾਲ ਹੀ ਵਿਸ਼ਵਾਸ ਹੁੰਦਾ ਹੈ, ਕਿਉਂਕਿ ਮਸੀਹੀ ਵਿਸ਼ਵਾਸ ਦਾ ਸਾਰ ਇਹ ਨਹੀਂ ਹੈ, ਪਰ ਬਿਨਾਂ ਸਪੱਸ਼ਟ ਖੋਜੀ ਹੋਣ ਦੇ ਕੋਈ ਨਿਹਚਾ ਨਹੀਂ ਕਰੇਗਾ (ਆਇਤ 6) । ਵਿਅਕਤੀ ਲਈ ਇਸ ਦੇ ਅਰਥ ਨੂੰ ਸਮਝਣ ਨੂੰ ਮੰਨਣ ਲਈ ਸੱਚਾਈ ਨੂੰ ਸਮਝਣ ਅਤੇ ਮੰਨਣ ਨੂੰ ਤਿਆਰ ਹੋਣਾ ਚਾਹੀਦਾ ਹੈ (ਯੂਹੰਨਾ 7:17); ਖ਼ੁਦਾ ਦੀ ਆਗਿਆ ਮੰਨਣ ਦੀ ਇੱਛਾ ਦੇ ਬਿਨਾਂ ਇਸ ਤਰ੍ਹਾਂ ਦੀ ਸਮਝ ਦੇਣ ਦਾ ਕੋਈ ਵਾਅਦਾ ਨਹੀਂ ਹੈ। ਸ਼ੈਤਾਨ ਨੇ ਉਨ੍ਹਾਂ ਦੇ ਮਨਾਂ ਨੂੰ ਸੱਚਾਈ ਨੂੰ ਨਾ ਵੇਖਣ ਦੇਣ ਦੀ ਆਗਿਆ ਦਿੱਤੀ ਹੈ (2 ਕੁਰਿੰਥੀਆਂ 4:3–5)। ਇਬਰਾਨੀਆਂ 11 ਵਿਚ ਨਿਹਚਾ ਨੂੰ ਸਾਡੇ ਅੰਦਰਲੇ ਯਕੀਨ ਅਤੇ ਭਰੋਸੇ ਦੇ ਰੂਪ ਵਿਚ ਵਿਖਾਇਆ ਗਿਆ ਹੈ ਕਿ ਕੁਝ ਹਕੀਕਤਾਂ ਦੀ ਹੋਂਦ ਹੈ, ਭਾਵੇਂ ਅਸੀਂ ਉਨ੍ਹਾਂ ਨੂੰ ਆਪਣੀ ਸਰੀਰਕ ਅੱਖਾਂ ਨਾਲ ਵੇਖ ਨਹੀਂ ਸਕਦੇ ਹਾਂ।

ਇਬਰਾਨੀਆਂ ਦੀ ਕਿਤਾਬ ਵਿਚ ''ਨਿਹਚਾ'' ਅਤੇ ''ਆਸ'' ਨੂੰ ਲਗਭਗ ਇਕ ਦੂਜੇ ਦੇ ਥਾਂ ਤੇ ਵਰਤੇ ਜਾਣ ਵਾਲੇ ਸ਼ਬਦਾਂ ਦੇ ਰੂਪ ਵਿਚ ਦਿੱਤਾ ਗਿਆ ਹੈ।[15] ਅਸਲੀ ਨਿਹਚਾ ਭਵਿੱਖ ਵਿਚ ਮਿਲਣ ਵਾਲੇ ਇਨਾਮ ਲਈ ''ਪੱਟਾ'' (''ਯਕੀਨ'') ਵਰਗਾ ਹੈ।[16] ਨਿਹਚਾ ਤੇ ਅਧਾਰਿਤ ਅਤੇ ਭਰੋਸੇ ਨਾਲ ਬਣੀ ਸਾਡੀ ਆਸ ਸਾਨੂੰ ਮੁਕਤੀ ਤਕ ਲੈ ਆਉਂਦੀ ਹੈ (ਰੋਮੀਆਂ 8:24, 25)। ਜਿਹੜਾ ਵਿਅਕਤੀ ਕਦੇ ਬਾਈਬਲ ਨੂੰ ਪੜ੍ਹਦਾ ਜਾਂ ਇਸ ਦਾ ਅਧਿਐਨ ਨਹੀਂ ਕਰਦਾ ਹੈ ਜਾਂ ਇੰਜੀਲ ਨੂੰ ਨਹੀਂ ਸੁਣਦਾ ਉਸ ਨੂੰ ਅਜਿਹੀ ਨਿਹਚਾ ਨਹੀਂ ਹੋਵੇਗੀ।

## ਨਿਹਚਾ ਦਾ ਪ੍ਰਗਟਾਵਾ (11:2, 3)

**2ਅਤੇ ਇਸੇ ਵਿਖੇ ਬਜ਼ੁਰਗਾਂ ਦੇ ਲਈ ਸਾਖੀ ਦਿੱਤੀ ਗਈ।**

**3ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ।**

**ਆਇਤ 2.** ਕੁਝ ਨਿਹਚਾਵਾਨ ਪੁਰਖਿਆਂ ਦਾ ਨਾਂਅ ਦੇਣ ਤੋਂ ਪਹਿਲਾਂ ਲੇਖਕ ਨੇ ਇਹ ਕਹਿੰਦੇ ਹੋਏ ਕਿ ਉਨ੍ਹਾਂ ਦੀ **ਸਾਖੀ ਦਿੱਤੀ ਗਈ** (*martureō*) ਉਨ੍ਹਾਂ ਦੀ ਉਸਤਤ ਕੀਤੀ। **ਬਜ਼ੁਰਗਾਂ** ਦਾ ਅਨੁਵਾਦ *presbuteros* ਤੋਂ ਲਿਆ ਗਿਆ ਹੈ, ਜਿਸ ਦਾ ਨਵੇਂ ਨੇਮ ਵਿਚ ਜਿਆਦਾਤਰ ਅਨੁਵਾਦ ''ਬਜ਼ੁਰਗ'' ਹੁੰਦਾ ਹੈ। ਇਨ੍ਹਾਂ ਬਜ਼ੁਰਗਾਂ ਵਿਚ ਹਾਬਿਲ, ਹਨੋਕ, ਨੂਹ ਅਤੇ ਅਬਰਾਹਾਮ ਸ਼ਾਮਿਲ ਸਨ। ਇਸ ਤਰ੍ਹਾਂ ਦੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਗੁਣਾਂ, ਜਾਇਦਾਦ, ਸਿੱਖਿਆ ਜਾਂ ਸੰਸਾਰਿਕ ਟੀਚੇ ਦੇ ਕਾਰਣ ਨਹੀਂ ਹੈ, ਸਗੋਂ ਉਨ੍ਹਾਂ ਦੇ ਵਿਸ਼ਵਾਸ ਲਈ ਸਲਾਹਿਆ ਗਿਆ ਹੈ। ਇਸ ਆਇਤ ਦਾ ਅਰਥ ਹੋ ਸਕਦਾ ਹੈ, ''ਅਤੇ ਇਨ੍ਹਾਂ ਬਜ਼ੁਰਗਾਂ ਲਈ ਖ਼ੁਦਾ ਵੱਲੋਂ ਗਵਾਹੀ ਦਿੱਤੀ ਗਈ ਹੈ।''[17] ਵਿਚਾਰ ਯਕੀਨਨ ਇਹ ਹੈ ਕਿ ''ਪਵਿੱਤਰ ਲਿਖਤ ਵਿਚ ਉਹ ਅਮਰ ਹੋ ਗਏ ਹਨ।''[18]

ਹਾਬਿਲ (ਆਇਤ 4) ਅਤੇ ਸ਼ਾਇਦ ਹੋਰਾਂ ਨੂੰ ''ਗਵਾਹੀ'' ਜਾਂ ''ਸਾਖੀ'' ਦਿੱਤੀ ਗਈ ਸੀ, ਪਰ ਬਾਈਬਲ ਵਿਚ ਸਭ ਤੋਂ ਪਹਿਲਾਂ ''ਧਰਮੀ'' ਨੂਹ ਨੂੰ ਹੀ ਦੱਸਿਆ ਗਿਆ (ਉਤਪਤ 6:9)। ਉਹ ਖ਼ੁਦਾ ਦੇ ਨਾਲ ਆਪਣੀ ਖ਼ਾਸ ਸਥਿਤੀ ਤੋਂ ਵਾਕਫ਼ ਸੀ ਕਿਉਂ ਜੋ ਆਉਣ ਵਾਲੀਆਂ ਗੱਲਾਂ ਦੀ ਚਿਤਾਵਨੀ ਸਿਰਫ਼ ਉਸੇ ਨੂੰ ਹੀ ਦਿੱਤੀ ਗਈ ਸੀ (ਆਇਤ 7)। ਖ਼ੁਦਾ ਨੇ ਉਸ ਦੀ ''ਧਾਰਮਿਕਤਾ'' ਲਈ ਉਹ ਦੀ ਤਾਰੀਫ਼ ਕੀਤੀ ਹੋਵੇਗੀ। ਇਨ੍ਹਾਂ ''ਬਜ਼ੁਰਗਾਂ'' ਨਾਲ ਖ਼ੁਦਾ ਸਿੱਧੇ ਗੱਲਬਾਤ ਕਰਦਾ ਸੀ। ਪਰ ਸਾਡੇ ਨਾਲ ਨਹੀਂ ਕਰਦਾ। ਸਾਨੂੰ ਜਾਣਕਾਰੀ ਪਵਿੱਤਰ ਲਿਖਤ ਵਿੱਚੋਂ ਮਿਲਣ ਵਾਲੇ ਆਖ਼ਰੀ ਮੁਕਾਸ਼ਫ਼ੇ ਦੇ ਰਾਹੀਂ ਮਿਲਦੀ ਹੈ। ਆਪਣੀ ਨਿਹਚਾ ਲਈ ਖ਼ੁਦਾ ਅੱਗੇ ਸਾਡਾ ਵੀ ਚੰਗਾ ਨਾਂਅ ਹੋ ਸਕਦਾ ਹੈ ਅਤੇ ਉਸ ਦੀ ਪਰਗਟ ਕੀਤੀ ਗਈ ਇੱਛਾ ਦੇ ਰਾਹੀਂ ਅਸੀਂ ਉਸ ਵੱਲੋਂ ਕਬੂਲ ਕੀਤੇ ਜਾਣ ਦੇ ਪੱਕਾ ਹੋਣ ਨੂੰ ਮੰਨ ਸਕਦੇ ਹਾਂ। ਅਧਿਆਇ 11 ਵਾਲੇ ਪੁਰਖਿਆਂ ਲਈ ਖ਼ੁਦਾ ਦੀ ਤਾਰੀਫ਼ ਨੂੰ ਸਾਡੇ ਲਈ ਨਮੂਨੇ ਦੇ ਰੂਪ ਵਿਚ ''ਪੱਕੇ ਤੌਰ ਤੇ ਰੱਖਿਆ ਗਿਆ'' ਸੀ।[19] ਉਨ੍ਹਾਂ ਦੀ ਨਿਹਚਾ ਨੇ ਉਨ੍ਹਾਂ ਨੂੰ ਹੋਰਨਾਂ ਨਾਲੋਂ ਅੱਡ ਕਰ ਦਿੱਤਾ ਅਤੇ ਉਨ੍ਹਾਂ ਨੂੰ ਖ਼ੁਦਾ ਦੀ ਮੰਜ਼ੂਰੀ ਮਿਲ ਗਈ।

**ਆਇਤ 3. ਨਿਹਚਾ ਨਾਲ ਅਸੀਂ ਜਾਣਦੇ ਹਾਂ ...** ਨਿਹਚਾ ਨਾਲ ਮਸੀਹੀ ਲੋਕਾਂ ਨੂੰ ਸਮਝ ਆਉਂਦਾ ਹੈ ਕਿ ਇਕ ਖ਼ੁਦਾਈ ਦਿਮਾਗ਼ ਅਤੇ ਸਮਰੱਥਾ ਨੇ ਸਾਡੇ ਸੰਸਾਰ ਨੂੰ ਸਿਰਜਿਆ। ਇਹ ਆਇਤ ਅਣਡਿੱਠੀਆਂ ਗੱਲਾਂ ਦੀ ਬੇਹਤਰ ਉਦਾਹਰਣ ਦਿੰਦੀ ਹੈ ਕਿਉਂ ਜੋ ਸੰਸਾਰ ਦੀ ਰਚਨਾ ਹੁੰਦਿਆਂ ਕਿਸੇ ਨੇ ਨਹੀਂ ਵੇਖੀ। ਇਹ ਕਿਵੇਂ ਬਣਿਆ, ਇਸ ਦੀ ਕਿਸੇ ਵੀ ਸਿੱਖਿਆ ਦੇ ਪੱਕਾ ਹੋਣ ਤੇ ਸਾਨੂੰ ਸ਼ੇਖੀ ਮਾਰਨ ਦੀ ਲੋੜ ਨਹੀਂ ਹੈ; ਪਰ ਲੇਖਕ ਨੇ ਆਖਿਆ ਕਿ ਨਿਹਚਾ ਕਰਨ ਵਾਲੇ ਲਈ ''ਆਦਿ ਵਿਚ ਪਰਮੇਸ਼ੁਰ ਨੇ ਰਚਨਾ ਕੀਤੀ'' ਓਨਾਂ ਹੀ ਪੱਕਾ ਅਤੇ ਸਪੱਸ਼ਟ ਹੈ, ਜਿੰਨਾਂ ਇਹ ਕਿ ''ਸੂਰਜ ਪੂਰਵ ਵਿਚ ਚੜ੍ਹਦਾ ਹੈ।''

ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਖ਼ੁਦਾਈ ਸ੍ਰਿਸ਼ਟੀ ਦੀ ਗੱਲ ਵਿਗਿਆਨ ਦੇ ਤੱਥਾਂ ਦੇ ਉਲਟ ਹੈ। ਵਿਗਿਆਨ ਸਾਨੂੰ ਭੌਤਿਕ ਗੁਣਾਂ ਅਤੇ ਹੋਰਨਾਂ ਮਿਸ਼ਰਣਾਂ ਨਾਲ ਇਸ ਦੀ ਰਸਾਇਣਕ ਪ੍ਰਤੀਕ੍ਰਿਰਿਆ ਦੇ ਅਧਾਰ ਤੇ ਦੱਸਦਾ ਹੈ ਕਿ ਮਿਸ਼ਰਣ ਕੀ ਹੈ। ਪਰ ਇਹ ਸਾਨੂੰ ਆਰੰਭ ਬਾਰੇ ਕੁਝ ਨਹੀਂ ਦੱਸ ਸਕਦਾ। ਸ਼ਾਇਦ ਇਹੀ ਕਾਰਣ ਹੈ ਕਿ ਬਹੁਤਿਆਂ ਨੂੰ ਸਾਡੇ ਸੰਸਾਰ ਦੇ ਆਰੰਭ ਦਾ ਅੰਦਾਜ਼ਾ ਲਾਉਣਾ ਚੰਗਾ ਲਗਦਾ ਹੈ। ਆਰੰਭ ਵੇਲੇ, ਵੇਖਣ ਲਈ ਕੁਝ ਵੀ ਨਹੀਂ ਸੀ।[20] ਵਿਗਿਆਨਕ ਥਿਯੂਰੀਆਂ ਨਵੀਆਂ ਨਵੀਂਆਂ ਖੋਜਾਂ ਨਾਲ ਨਿੱਤ ਬਦਲਦੀਆਂ ਰਹਿੰਦੀਆਂ ਹਨ। ਕਈ ਵਾਰ ਕੋਈ ਖੋਜ ਸਾਨੂੰ ਪਵਿੱਤਰ ਲਿਖਤ ਦੀ ਸਾਡੀ ਆਪਣੀ ਸਮਝ ਦੀ ਫੇਰ ਤੋਂ ਸਮੀਖਿਆ ਕਰਨ ਨੂੰ ਮਜਬੂਰ ਕਰਦੀ ਹੈ ਕਿਉਂ ਜੋ ਅਸੀਂ ਇਸ ਦੀ ਸਹੀ ਵਿਆਖਿਆ ਨਹੀਂ ਕੀਤੀ ਸੀ। ਪਰ ਇਹ ਸਾਡੀ ਨਿਹਚਾ ਨੂੰ ਖ਼ਤਮ ਨਹੀਂ ਕਰ ਸਕਦੀ ਕਿਉਂ ਜੋਂ ਨਿਹਚਾ ਵਿਗਿਆਨ ਨਾਲੋਂ ਅੱਗੇ ਹੈ।

ਵਿਕਾਸਵਾਦ ਵਿਗਿਆਨ ਦੀ ਇਕ ਥਯੂਰੀ ਹੈ, ਪਰ ਇਹ ਵਿਗਿਆਨ ਨਹੀਂ ਹੈ; ਕਿਉਂ ਜੋ ਸਹੀ ਢੰਗ ਨਾਲ ਵਰਤੇ ਜਾਣ ਤੇ ''ਵਿਗਿਆਨ'' ਸ਼ਬਦ ਦਾ ਮਤਲਬ ''ਗਿਆਨ'' ਹੁੰਦਾ ਹੈ। ਸਿਰਫ਼ ਫਿਲਾਸਫ਼ੀ ਹੀ ਇਹ ਕਹੀ ਜਾ ਸਕਦੀ ਹੈ ਕਿ ''ਸਿਫ਼ਰ ਤੋਂ ਕੁਝ ਨਹੀਂ ਹੋ ਸਕਦਾ।'' ਨਿਹਚਾ ਇਹ

ਐਲਾਨ ਕਰਦਿਆਂ ਕਿ ''ਖ਼ੁਦਾ ਦੇ ਵਚਨ ਦੇ ਕਾਰਣ ਅਸੀਂ ਮਜ਼ਬੂਤੀ ਨਾਲ ਤਸਦੀਕ ਕਰਦੇ ਹਾਂ ਕਿ ਸੰਸਾਰ ਸਿਫ਼ਰ ਤੋਂ ਬਣਿਆ ਕਿਉਂ ਜੋ ਇਹ ਖ਼ੁਦਾ ਦੇ ਕਹੇ ਗਏ ਸ਼ਬਦ ਦੇ ਰਾਹੀਂ ਸਿਰਜਿਆ ਗਿਆ।'' ਬਾਈਬਲੀ ਵਿਸ਼ਵਾਸ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ **ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ।** ਹੋਰ ਸਾਫ਼ ਕਹੀਏ ਤਾਂ ਸੰਸਾਰ ਨੂੰ ''ਪਰਮੇਸ਼ੁਰ ਦੇ ਸ਼ਬਦ ਦੇ ਰਾਹੀਂ'' ਰਚਿਆ ਗਿਆ। ਇੱਥੇ ''ਸ਼ਬਦ'' (*rhēma*) ਯੂਹੰਨਾ 1 ਵਾਲੇ (*logos*) ਦੇ ਕ੍ਰਿਸਟੋਲੋਜਿਕਲ (ਮਸੀਹੀ ਧਰਮ ਸ਼ਾਸਤਰ ਦੇ) ਅਰਥ ਵਿਚ ਹੋਣ ਦੀ ਥਾਂ ਖ਼ੁਦਾ ਦੇ ਬੋਲੇ ਗਏ ਵਚਨ ਲਈ ਹੈ।

ਇਬਰਾਨੀਆਂ ਦੀ ਕਿਤਾਬ ਇਹ ਸਾਬਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੀ ਕਿ ਖ਼ੁਦਾ ਵਿਚ ਇਹ ਸਮਰੱਥਾ ਹੈ ਅਤੇ ਉਸ ਨੇ ਸਿਰਜਣ ਦੇ ਕੰਮ ਨੂੰ ਕੀਤਾ ਹੈ। ਬਲਕਿ ਮੂਸਾ (ਉਤਪਤ 1:1) ਅਤੇ ਜ਼ਬੂਰ ਲਿਖਣ ਵਾਲੇ (ਜ਼ਬੂਰ 33:6, 9)। ਵਾਂਗ ਇਹ ਆਤਮਾ ਦੇ ਇਖ਼ਤਿਆਰ ਦੀ ਗੱਲ ਕਰਦੀ ਹੈ। ਸਾਡੇ ਕੋਲ ਪ੍ਰਯੋਗ ਨਾਲ ਸਿੱਧ ਦਾ ਕੁਝ ਸਬੂਤ ਹੈ ਕਿ ਸੰਸਾਰ ਇਸੇ ਤਰ੍ਹਾਂ ਰਚਿਆ ਗਿਆ ਸੀ, ਪਰ ਸਾਡਾ ਆਖ਼ਰੀ ਸਬੂਤ ਖ਼ੁਦਾ ਦਾ ਵਚਨ ਹੀ ਹੈ। ਅਨੁਵਾਦ ਹੋਇਆ ਸ਼ਬਦ ''ਜਾਣਦੇ ਹਾਂ'' (*noeō* ਤੋਂ) ਦੇ ਇਕ ਰੂਪ ਦੀ ਵਰਤੋਂ ਰੋਮੀਆਂ 1:20 ਵਿਚ ਪੌਲੁਸ ਵੱਲੋਂ ਜੋ ਕੁਝ ਖ਼ੁਦਾ ਨੇ ਬਣਾਇਆ ਹੈ ਉਸ ਨੂੰ ਉਹਦੇ ਸੁਭਾਅ ਨੂੰ ਜਾਣਨ ਲਈ ਮਨੁੱਖ ਦੀ ਸੁਭਾਵਕ ਯੋਗਤਾ ਲਈ ਵਰਤੋਂ ਕੀਤੀ ਗਈ ਹੈ।

ਖ਼ੁਦਾ ਵੱਲੋਂ ਬਣਾਈਆਂ ਚੀਜ਼ਾਂ ਵਿਚ ''ਜਗਤ'' (*aiōn* ਤੋਂ *aiōnas*), ਜਾਂ ''ਯੁੱਗ'' ਸ਼ਾਮਿਲ ਹਨ। ਇਸ ਸ਼ਬਦ ਦਾ ਅਰਥ ਹੈ ''ਮਸੀਹ ਵਿਚ ਸਭ ਇਕੱਠਾ ਕਰਨ ... ਵੱਲ ਲਿਜਾਂਦਿਆਂ ਇਹਦੇ ਇਕ ਦੇ ਬਾਅਦ ਇਕ ਆਉਣ ਵਾਲੇ ਪਰਗਤੀਸ਼ੀਲ ਚਰਣ।''[21] ਇਸ ਵਿਚ ''ਸਮੇਂ ਅਤੇ ਸਥਾਨ ਦੇ ਹਾਲਾਤ ਵਿਚ ਆਉਣ ਵਾਲੀਆਂ ਸਭ ਗੱਲਾਂ'' ਸ਼ਾਮਿਲ ਹਨ।[22]

**ਜੋ ਕੁਝ ਵੇਖਣ ਵਿਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ** ਦਾ ਸਾਫ਼ ਮਤਲਬ ਹੈ ''ਸਿਫ਼ਰ ਤੋਂ ਬਣਿਆ।'' ਸੰਸਾਰ ਨੂੰ ਪਹਿਲਾਂ ਤੋਂ ਮੌਜੂਦ ਤੱਤ ਤੋਂ ਨਹੀਂ ਬਣਾਇਆ ਗਿਆ ਬਲਕਿ ਇਹ *creatio ex nihilo* ਸੀ ਜੋ ਕਿ ''ਸਿਫ਼ਰ ਤੋਂ ਸ੍ਰਿਸ਼ਟੀ'' ਲਈ ਇਕ ਲਾਤੀਨੀ ਸ਼ਬਦ ਹੈ। ਯੂਨਾਨੀ ਵਿਚਾਰ ਨਾਲ ਇਹ ਮੇਲ ਨਹੀਂ ਖਾਂਦਾ। ਇਬਰਾਨੀਆਂ ਦੇ ਖ਼ਤ ਦੇ ਲੇਖਕ ਵੱਲੋਂ *ex nihilo* ਦੀ ਵਰਤੋਂ ਨਹੀਂ ਕੀਤੀ ਗਈ ਪਰ ''ਉਸ ਦੇ ਇਸ ਇਨਕਾਰ ਵਿਚ ਕਿ ਸੰਸਾਰ ਦੀ ਰਚਣਾ ਨਜ਼ਰ ਆਉਣ ਵਾਲੀਆਂ ਚੀਜ਼ਾਂ [ਇੰਦਰੀਆਂ ਨਾਲ ਮਹਿਸੂਸ ਕੀਤੀਆਂ ਜਾਣ ਵਾਲੀਆਂ] ਨਾਲ ਹੋਈ, ਵਿਚ ਵਿਹਾਰਕ ਤੌਰ ਤੇ ਇਹੀ ਅਰਥ ਮਿਲਦਾ ਹੈ।''[23] ਸ੍ਰਿਸ਼ਟੀ ਖ਼ੁਦਾ ਦੇ ਸ਼ਬਦ ਦੇ ਰਾਹੀਂ ਬਣੀ ਸੀ: ''ਯਹੋਵਾਹ ਦੇ ਸ਼ਬਦ ਨਾਲ ਅਕਾਸ਼ ਬਣਾਏ ਗਏ। ... ਕਿਉਂ ਜੋ ਉਸ ਨੇ ਆਖਿਆ ਤਾਂ ਉਹ ਹੋ ਗਿਆ, ਉਸ ਨੇ ਹੁਕਮ ਦਿੱਤਾ ਤਾਂ ਉਹ ਬਣ ਗਿਆ'' (ਜ਼ਬੂਰ 33:6–9)।

## ਧਰਮੀਆਂ ਦੀ ਇਕ ਤਸਵੀਰ (11:4-7)

**4ਨਿਹਚਾ ਨਾਲ ਹਾਬਲ ਨੇ ਕਾਇਨ ਨਾਲੋਂ ਪਰਮੇਸ਼ੁਰ ਦੇ ਅੱਗੇ ਉੱਤਮ ਬਲੀਦਾਨ ਚੜ੍ਹਾਇਆ ਜਿਸ ਕਰਕੇ ਇਹ ਸਾਖੀ ਦਿੱਤੀ ਗਈ ਉਹ ਧਰਮੀ ਹੈ ਕਿਉਂ ਜੋ ਪਰਮੇਸ਼ੁਰ ਨੇ ਉਹ ਦੀਆਂ ਭੇਟਾਂ ਦੇ ਵਿਖੇ ਸਾਖੀ ਦਿੱਤੀ ਅਤੇ ਉਸ ਨਿਹਚਾ ਦੇ ਰਾਹੀਂ ਉਹ ਹੁਣ ਤੀਕਰ ਬੋਲਦਾ ਹੈ ਭਾਵੇਂ ਉਹ ਮਰ ਗਿਆ। 5ਨਿਹਚਾ ਨਾਲ ਹਨੋਕ ਉਤਾਹਾਂ ਚੁੱਕਿਆ ਗਿਆ ਭਈ ਮੌਤ ਨਾ ਵੇਖੇ ਅਤੇ ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ੁਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ ਕਿਉਂ ਜੋ ਉਹ ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ ਭਈ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਹੈ। 6ਅਤੇ ਨਿਹਚਾ ਬਾਝੋਂ ਵੂਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ਼ ਦਾਤਾ ਹੈ। 7ਨਿਹਚਾ**

**ਨਾਲ ਨੂਹ ਨੇ ਪਰਮੇਸ਼ੁਰ ਕੋਲੋਂ ਉਨ੍ਹਾਂ ਵਸਤਾਂ ਦੀ ਖਬਰ ਪਾ ਕੇ ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ ਆਪਣੇ ਘਰ ਦੇ ਬਚਾਉਣ ਲਈ ਕਿਸ਼ਤੀ ਬਣਾਈ ਅਤੇ ਉਸ ਨਿਹਚਾ ਦੇ ਕਾਰਣ ਉਹ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਧਰਮ ਦਾ ਅਧਕਾਰੀ ਹੋਇਆ ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ।**

ਇੱਥੇ ਲੇਖਕ ਨੇ ਨਿਹਚਾ ਤੇ ਆਪਣੇ ਵਿਰਤਾਂਤ ਵਿਚ ਪੁਰਾਣੇ ਨੇਮ ਦੇ ਧਰਮੀ ਲੋਕਾਂ ਦੇ ਇਕ ਭਾਗ ਨੂੰ ਸ਼ਾਮਿਲ ਕੀਤਾ। ਉਸ ਨੇ ਹਾਬਲ, ਹਨੋਕ ਅਤੇ ਨੂਹ ਨਾਲ ਸ਼ੁਰੂਆਤ ਕੀਤੀ (ਆਇਤਾਂ 4, 5, 7)। ਫਿਰ ਉਸ ਨੇ ਅਬਰਾਹਾਮ, ਇਸਹਾਕ, ਯਾਕੂਬ, ਅਤੇ ਸਾਰਾਹ ਦਾ ਨਾਂਅ ਦਿੱਤਾ ਜਿਹੜੇ ਨਿਹਚਾ ਨਾਲ ਹੁਕਮ ਮੰਨ ਕੇ ਚੱਲਦੇ ਰਹੇ (ਆਇਤਾਂ 8–16)। ਤੀਜਾ ਸਮੂਹ ਅਬਰਾਹਾਮ, ਇਸਹਾਕ, ਯਾਕੂਬ, ਯੂਸੁਫ਼, ਅਤੇ ਮੂਸਾ ਸਣੇ ਦੁੱਖ ਦੇ ਰਾਹੀਂ ਪਰਖੇ ਜਾਣ ਵਾਲਿਆਂ ਦਾ ਹੈ (ਆਇਤਾਂ 17–28)।[24]

**ਆਇਤ 4. ਹਾਬਲ ਨੇ ਕਾਇਨ ਨਾਲੋਂ ਪਰਮੇਸ਼ੁਰ ਦੇ ਅੱਗੇ ਉੱਤਮ ਬਲੀਦਾਨ ਚੜ੍ਹਾਇਆ** (ਵੇਖੋ ਉਤਪਤ 4:1–16)। ''ਉੱਤਮ'' (*polus* ਤੋਂ, *pleiona*) ਤੋਂ ਭਾਵ ''ਵੱਡਾ'' ਜਾਂ ''ਵੱਧ ਅਹਿਮ'' ਹੋ ਸਕਦਾ ਹੈ।[25] ਕਈਆਂ ਦਾ ਮੰਨਣਾ ਹੈ ਕਿ ਉਤਪਤ 4:4 ਵਿਚ ਉਹ ''ਵੀ ਲੈ ਆਇਆ'' ਅਤੇ ਬਹੁਵਚਨ ''ਭੇਟ'' ਤੋਂ ਸੁਝਾਅ ਮਿਲਦਾ ਹੈ ਕਿ ਉਸ ਨੇ ਕਾਇਨ ਨਾਲੋਂ ਬਹੁਤਾ ਦਿੱਤਾ। ਮੂਲ ਵਿਚ ਇਹ ਦਾ ਅਰਥ ਹੋ ਸਕਦਾ ਹੈ ਕਿ ਹਾਬਲ ਨੇ ''ਵੱਧ'' ਦਿੱਤਾ ਜੋ ਕੀਮਤ ਜਾਂ ਮਿਕਦਾਰ ਵਿਚ ਵੱਧ ਹੋਣ ਦਾ ਅਰਥ ਦੇ ਸਕਦਾ ਹੈ।[26]

ਹਾਬਲ ਨੇ **ਨਿਹਚਾ ਨਾਲ** ਕੰਮ ਕੀਤਾ ਪਰ ਕਾਇਨ ਨੇ ਆਪਣੇ ਹੀ ਤਰਕ ਦੀ ਗੱਲ ਮੰਨੀ ਹੋਵੇਗੀ। ਜ਼ਾਹਿਰ ਹੈ ਕਿ ਉਸ ਨੂੰ ਲੱਗਾ, ''ਜੇ ਇਹ ਭੇਟ ਮੇਰੇ ਲਈ ਕਾਫ਼ੀ ਹੈ ਤਾਂ ਖ਼ੁਦਾ ਲਈ ਵੀ ਕਾਫ਼ੀ ਹੋਣੀ ਚਾਹੀਦੀ ਹੈ।'' ਉਹ ਦਾ ਵਿਹਾਰ ਨਿਹਚਾ ਵਾਲਾ ਵਿਹਾਰ ਨਹੀਂ ਸੀ ਜਿਸ ਕਰਕੇ ਉਸ ਦੀ ਕੁਰਬਾਨੀ ਨੂੰ ਹਾਬਿਲ ਦੀ ਕੁਰਬਾਨੀ ਨਾਲੋਂ ਘਟੀਆ ਮੰਨਿਆ ਗਿਆ। ਉਸ ਦੀ ਭੇਂਟ ਤੋਂ ਸੰਕੇਤ ਮਿਲਦਾ ਹੈ ਕਿ ਉਸ ਨੂੰ ਪਾਪ ਦੀ ਅਸਲ ਸਮਝ ਨਹੀਂ ਸੀ।[27] ਖ਼ੁਦਾ ਨੂੰ ਆਦਮ ਦੇ ਦੋਹਾਂ ਬੇਟਿਆਂ ਦੇ ਦਿਲ ਦਾ ਪਤਾ ਸੀ ਅਤੇ ਕਾਇਨ ਦੇ ਉਸ ਦੇ ਨਿਆਂ ਦੀ ਤਸਦੀਕ ਬਾਅਦ ਵਿਚ ਆਪਣੇ ਭਰਾ ਨਾਲ ਕੀਤੇ ਕਾਇਨ ਦੇ ਕਾਰੇ ਤੋਂ ਹੁੰਦੀ ਹੈ। ਹਾਬਲ ਨੇ ''ਨਿਹਚਾ ਨਾਲ'' ਭੇਟ ਦਿੱਤੀ ਸੀ ਅਤੇ ਉਹ **ਧਰਮੀ** ਸੀ; ਇਸ ਕਰਕੇ ਹਾਬਿਲ ਦਾ ਮਨ ਸਿੱਧਾ ਸੀ ਜਿਸ ਨਾਲ ਉਸ ਨੂੰ ਖ਼ੁਦਾ ਅੱਗੇ ਧਰਮੀ ਖਲੋਣ ਵਿਚ ਮਦਦ ਮਿਲੀ ਅਤੇ ਉਸ ਦੇ ਅਤੇ ਉਸ ਦੇ ਭਰਾ ਵਿਚ ਵੱਡਾ ਫ਼ਰਕ ਕੀਤਾ।

ਹਾਬਿਲ ਦੀ **ਸਾਖੀ ਦਿੱਤੀ ਗਈ** (*martureō*) ਇਹ ਸਾਖੀ ਕਿਵੇਂ ਦਿੱਤੀ ਗਈ ਸੀ, ਦੱਸਿਆ ਨਹੀਂ ਗਿਆ। ਇਕ ਸੰਭਾਵਨਾ ਹੈ ਕਿ ਖ਼ੁਦਾ ਨੇ ਉਸ ਕੁਰਬਾਨੀ ਨੂੰ ਭਸਮ ਕਰਨ ਦਿੱਤਾ; 1 ਰਾਜਿਆਂ 18:38 ਵਿਚ ਏਲੀਯਾਹ ਦੀ ਭੇਟ ਨਾਲ ਉਸ ਨੇ ਇਹੀ ਕੀਤਾ ਸੀ।[28] ਯਕੀਨਨ ਹੀ ਕਾਇਨ ਦੀ ਭੇਂਟ ਦੇ ਕਬੂਲੇ ਜਾਣ ਦਾ ਕੋਈ ਸਬੂਤ ਨਹੀਂ ਹੈ। ਉਤਪਤ 4:6, 7 ਵਿਚ ਖ਼ੁਦਾ ਨੇ ਕਾਇਨ ਨਾਲ ਗੱਲਬਾਤ ਕੀਤੀ ਸ਼ਾਇਦ ਉਸ ਨੇ ਹਾਬਿਲ ਨਾਲ ਵੀ ਗੱਲ ਕੀਤੀ ਜਿਸ ਵਿਚ ਉਸ ਨੇ ਉਸ ਨੂੰ ਦੱਸਿਆ ਕਿ ਉਸ ਦੀ ਭੇਟ ਕਬੂਲ ਕਰ ਲਈ ਗਈ ਹੈ। ਹੋ ਸਕਦਾ ਹੈ ਕਿ ਉਸ ਨੇ ਸਾਫ਼ ਸਾਫ਼ ਦੱਸ ਦਿੱਤਾ ਹੋਵੇ ਕਿ ਉਹ ਧਰਮੀ ਹੈ ਜਦ ਕਿ ਦੂਜਾ ਬਦਕਾਰ ਹੈ (1 ਯੂਹੰਨਾ 3:12)। ਬਦਕਾਰ ਆਦਮੀ ਨੇਕੀ ਨਾਲ ਨਫ਼ਰਤ ਹੀ ਕਰਦਾ ਹੈ।

ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਇਨ੍ਹਾਂ ਕੁਝ ਆਇਤਾਂ ਵਿਚ ਇਸ ਗੱਲ ਦੀ ਤਸਦੀਕ ਕੀਤੀ ਕਿ ਉਹ ਉਤਪਤ ਦੀ ਸਾਰੀ ਕਿਤਾਬ ਨੂੰ ਮੰਨਦਾ ਸੀ। ਇਹ ਕਹਿਣਾ ਢੁਕਵਾਂ ਨਹੀਂ ਹੈ ਕਿ ''ਮੈਂ ਨਵੇਂ ਨੇਮ ਨੂੰ ਤਾਂ ਮੰਨਦਾ ਹਾਂ, ਪਰ ਪੁਰਾਣੇ ਨੇਮ ਨੂੰ ਨਹੀਂ।'' ਹਾਬਲ ਬਾਈਬਲ ਵਿਚ ਹਮੇਸ਼ਾ ਲਈ ਲਿਖੇ ਗਏ ਵਚਨ ਦੇ ਰਾਹੀਂ **ਹੁਣ ਤੀਕਰ ਬੋਲਦਾ ਹੈ।**[29] ਉਹ ਦੇ ਮਰਨ ਦੇ ਬਹੁਤ ਦੇਰ ਬਾਅਦ ਉਹਦੇ ਕਰਮ ਚੱਲਦੇ ਰਹਿਣਗੇ (ਪ੍ਰਕਾਸ਼ ਦੀ ਪੋਥੀ 14:13)। ਉਹ ਆਖਦੇ ਹਨ, ''ਮੈਂ ਨਿਹਚਾ

ਨਾਲ ਬਚਾਇਆ ਗਿਆ ਹਾਂ। ਜੇ ਤੁਸੀਂ ਇਬਰਾਨੀ ਲੋਕ ਬਚਾਏ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਵੇਂ ਹੀ ਨਿਹਚਾ ਨਾਲ ਕੰਮ ਕਰਨਾ ਪਵੇਗਾ ਜਿਵੇਂ ਮੈਂ ਕੀਤਾ।'' ਅਸਲ ਵਿਚ ਆਦਮੀ ਆਪਣੀ ਮੌਤ ਦੇ ਬਾਅਦ ਉਸ ਨਾਲੋਂ ''ਵੱਧ ਕਹਿ'' ਸਕਦਾ ਹੈ ਜੋ ਉਸ ਨੇ ਜੀਉਂਦੇ ਜੀ ਕਿਹਾ ਸੀ, ਕਿਉਂ ਜੋ ਕਿਸੇ ਦੀ ਜ਼ਿੰਦਗੀ ਅਤੇ ਸੁਭਾਅ ਨੂੰ ਦੂਜੇ ਲੋਕ ਜੀਉਂਦੇ ਜੀ ਮੰਨਣ ਤੇ ਭਾਵੇਂ ਨਾ ਮੰਨਣ ਪਰ ਉਹ ਦੇ ਮਰਨ ਦੇ ਬਾਅਦ ਉਸ ਨੂੰ ਬਹੁਤਾ ਮੰਨਦੇ ਹਨ। ਆਪਣੀ ਮੰਨਣ ਯੋਗ ਨਿਹਚਾ ਦੇ ਰਾਹੀਂ ਹਾਬਲ ਅੱਜ ਵੀ ਬਾਈਬਲ ਵਿਚ ਮੁਕਾਸ਼ਫ਼ੇ ਦੇ ਰਾਹੀਂ ਇੱਕੀਵੀਂ ਸਦੀ ਦੇ ਲੋਕਾਂ ਨੂੰ ਪਿਤਾ ਦੀ ਇੱਛਾ ਨੂੰ ਉਵੇਂ ਹੀ ਮੰਨਣ ਦੀ ਤਾੜਨਾ ਅਤੇ ਪ੍ਰੇਰਣਾ ਦਿੰਦਿਆਂ ਅੱਜ ਵੀ ਉਨ੍ਹਾਂ ਨਾਲ ਗੱਲਾਂ ਕਰਦਾ ਹੈ। ਉਹ ਸਾਨੂੰ ਯਕੀਨ ਦੁਆਉਂਦਾ ਹੈ ਕਿ ਮੌਤ ਵਿਚ ਹੀ ਪ੍ਰਮਾਣਿਕਤਾ ਅਤੇ ਨਿਆਂ ਹੋਵੇਗਾ, ਜਿਸ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਖ਼ੁਦਾ ਸਭ ਕੁਝ ਭਲਿਆਈ ਵਾਸਤੇ ਕਰਦਾ ਹੈ (ਵੇਖੋ ਰੋਮੀਆਂ 8:28)। ਹਾਬਲ ਦਾ ਲਹੂ ਅੱਜ ਵੀ ਜ਼ਮੀਨ ਵਿੱਚੋਂ ਪੁਕਾਰਦਾ ਹੈ (ਵੇਖੋ ਉਤਪਤ 4:10)। ਨਿਆਂ ਵਾਲੇ ਦਿਨ ਉਨ੍ਹਾਂ ਪੁਕਾਰਾਂ ਨੂੰ ਪੂਰੇ ਨਿਆਂ ਨਾਲ ਜਵਾਬ ਦਿੱਤਾ ਜਾਵੇਗਾ।

ਯਿਸੂ ਦਾ ਲਹੂ ''ਹਾਬਲ ਦੇ ਲਹੂ ਨਾਲੋਂ ਉੱਤਮ ਗੱਲਾਂ ਕਰਦਾ ਹੈ'' (ਇਬਰਾਨੀਆਂ 12:24), ਕਿਉਂ ਜੋ ਉਸ ਦਾ ਲਹੂ ਪੁਕਾਰਦਾ ਹੈ ਕਿ ''ਹੁਣ ਮਾਫ਼ੀ ਮੁਮਕਿਨ ਹੈ।'' ਹਾਬਲ ਨਵੇਂ ਨੇਮ ਦੇ ਸਮੇਂ ਦੇ ਸ਼ਹੀਦ ਹੋਣ ਵਾਲੇ ਸੰਤਾਂ ਨਾਲ ਮਿਲ ਜਾਂਦਾ ਹੈ, ਸਿਰਫ਼ ਇਹ ਜਾਣਨ ਲਈ ਕਿ ਅਜਿਹੇ ਸ਼ਹੀਦਾਂ ਦੀ ਹਾਜ਼ਰੀ ਪੂਰੀ ਹੋ ਜਾਣ ਦੇ ਬਾਅਦ ਹੋਵੇਗਾ (ਪ੍ਰਕਾਸ਼ ਦੀ ਪੋਥੀ 6:9–11)।

**ਆਇਤ 5. ਹਨੋਕ** ਦਾ ਸੰਖੇਪ ਵੇਰਵਾ ਉਤਪਤ 5:21–24 ਵਿਚ ਮਿਲਦਾ ਹੈ; ਜਿੱਥੇ ਆਇਤ 24 ਸਾਡੇ ਇਸ ਵਚਨ ਪਾਠ ਵਿਚ ਦੁਹਰਾਇਆ ਗਿਆ ਹੈ: **ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ੁਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ**। ਯਹੂਦਾ 14 ਦੱਸਦਾ ਹੈ ਕਿ ਹਨੋਕ ਇਕ ਨਬੀ ਸੀ। ਉਹ ਨੂਹ ਵਾਂਗ ਹੀ ਧਰਮ ਦਾ ਪ੍ਰਚਾਰਕ ਹੋਵੇਗਾ (2 ਪਤਰਸ 2:5)। ਉਤਪਤ ਦੀ ਕਿਤਾਬ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਪੁੱਤਰ ਮਥੁਸਲਹ ਦੇ ਜਨਮ ਦੇ ਬਾਅਦ ਖ਼ੁਦਾ ਦੇ ਨਾਲ ਨਾਲ ਚੱਲਦਾ ਰਿਹਾ। ਬਹੁਤ ਵਾਰ ਕੋਈ ਆਦਮੀ ਆਪਣੇ ਬੱਚੇ ਦੇ ਜਨਮ ਦੇ ਬਾਅਦ ਹੀ ਖ਼ੁਦਾ ਦੇ ਨਾਲ ਚੱਲਣ ਨੂੰ ਚੁਣਦਾ ਹੈ। ਉਹ ਕੀਮਤੀ ਤੋਹਫ਼ਾ ਉਸ ਨੂੰ ਖ਼ੁਦਾ ਦੇ ਪ੍ਰਤੀ ਆਪਣੀ ਪੂਰੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਨੂੰ ਸਮਝਣ ਵਿਚ ਮਦਦਗਾਰ ਹੁੰਦਾ ਹੈ। ਉਸ ਨੂੰ ਇਹ ਸਮਝ ਆਉਣ ਲਗਦੀ ਹੈ ਕਿ ਉਸ ਨੂੰ ਆਪਣੇ ਬੱਚੇ ਦੀ ਪਰਵਰਿਸ਼ ਜਿਵੇਂ ਕਰਨੀ ਚਾਹੀਦੀ ਹੈ ਉਵੇਂ ਹੀ ਕਰਨ ਲਈ ਆਪਣੀ ਕਾਬਲੀਅਤ ਨਾਲੋਂ ਵੱਧ ਕੇ ਮਦਦ ਦੀ ਲੋੜ ਹੈ (ਕਹਾਉਤਾਂ 22:6)।

ਖ਼ੁਦਾ ਨਾਲ ਆਪਣੀ ਧਰਤੀ ਚਾਲ ਦੇ ਕਾਰਣ ਹਨੋਕ ਨੂੰ ਧਰਮੀ ਤੋਂ ਸੁਰਗ ਵਿਚ ਉਠਾ ਲਿਆ ਗਿਆ ਤਾਂ ਜੋ ਉਸ ਨੂੰ **ਮੌਤ** ਨਾ ਮਿਲੇ। (ਇਹ ਸਿਰਫ਼ ਉਹਦੇ ਨਾਲ ਅਤੇ ਏਲੀਯਾਹ ਨਾਲ ਹੋਇਆ; 2 ਰਾਜਿਆਂ 2:1, 11.) ਇਹ ਅਸਲ ''ਰੈਪਚਰ'' ਸੀ ਕਿਉਂ ਜੋ ਉਸ ਨੂੰ ''ਉਤਾਹਾਂ ਚੁੱਕ ਲਿਆ'' (*metatithēmi*) ਗਿਆ। (''ਉਤਾਹਾਂ ਚੁੱਕ ਲਿਆ'' ਉਸ ਲਾਤੀਨੀ ਸ਼ਬਦ ਦਾ ਅਰਥ ਹੈ ਜਿਸ ਤੋਂ ''ਰੈਪਚਰ'' ਸ਼ਬਦ ਨਿੱਕਲਿਆ ਹੈ।) LXX ਜਿਸ ਵਿੱਚੋਂ ਇਬਰਾਨੀਆਂ ਦੇ ਲੇਖਕ ਨੇ ਬਾਰ ਬਾਰ ਦੁਹਰਾਇਆ, ਵਿਚ ਉਤਪਤ 5:24 ਵਿਚ ਇਸ ਨੂੰ ''ਚੁੱਕ ਲਿਆ'' ਗਿਆ ਦੱਸਦਾ ਹੈ। ਹਨੋਕ ਨੇ ਸਿਰਫ਼ ਸਰੀਰਕ ਤੌਰ ਤੇ ਰੂਹਾਨੀ ਜਾਂ ਦੁਨਿਆਵੀ ਤੋਂ ਸੁਰਗ ਵਿਚ ਜਾਣ ਲਈ ''ਪਾਸਾ ਹੀ ਬਦਲਿਆ।''

ਸ਼ਕੇਮ ਵਿਚ ਯਾਕੂਬ ਦੀ ਲਾਸ਼ ਨੂੰ ਲਿਜਾਏ ਜਾਣ ਲਈ ਰਸੂਲਾਂ ਦੇ ਕੰਮ 7:16 ਵਿਚ ''ਚੁੱਕ ਲਿਆ'' ਲਈ ਉਹੀ ਸ਼ਬਦ ਵਰਤਿਆ ਗਿਆ ਹੈ। ਗਲਾਤੀਆਂ 1:6 ਵਿਚ ਪੌਲੁਸ ਨੇ ਇਸ ਦੀ ਵਰਤੋਂ ਗਲਾਤੀਆਂ ਵੱਲੋਂ ਸਿੱਖਿਆ ਦੇ ਵਿਸ਼ਵਾਸਾਂ ਵਿਚ ਅਚਾਨਕ ਬਦਲਾਅ ਲਈ ਕੀਤੀ (ਜਿਵੇਂ ਉਹ ਗਲਤੀ ਨਾਲ ਅਚਾਨਕ ਉਠਾ ਲਏ ਗਏ ਜਾਂ ਵਹਾ ਕੇ ਲਿਜਾਏ ਗਏ)। ਸ਼ਰ੍ਹਾ ਵਿਚ ਬਦਲਾਅ ਲਈ ਇਬਰਾਨੀਆਂ 7:12 ਵਿਚ ਵੀ ਇਸੇ ਸ਼ਬਦ ਦੀ ਵਰਤੋਂ ਹੋਈ।

ਸਾਨੂੰ ਨਹੀਂ ਪਤਾ ਕਿ ਹਨੋਕ ਨੂੰ ਜਾਂਦਿਆਂ ਕਿਸੇ ਦੋਸਤ ਜਾਂ ਭਰਾ ਨੇ ਵੇਖਿਆ ਹੋਵੇ, ਕਿਉਂ ਜੋ ਏਲੀਯਾਹ ਦੀ ਵਿਦਾਈ ਨੂੰ ਵੇਖਣ ਦੀ ਇਜਾਜ਼ਤ ਅਲੀਸ਼ਾ ਨੂੰ ਦਿੱਤੀ ਗਈ ਸੀ (2 ਰਾਜਿਆਂ 2:1–14)। ਭਲਾ ਲੋਕਾਂ ਨੇ ਹਨੋਕ ਦੀ ਲਾਸ਼ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਿਵੇਂ ਬਾਅਦ ਵਿਚ ਕੁਝ ਲੋਕ ਏਲੀਯਾਹ ਦੀ ਲਾਸ਼ ਲੱਭਦੇ ਰਹੇ ਹਨ (2 ਰਾਜਿਆਂ 2:17)? ''ਪਤਾ ਨਾ ਲੱਗਾ'' ਤੋਂ ਇਹ ਸੁਝਾਅ ਦਿੱਤਾ ਜਾ ਸਕਦਾ ਹੈ। ਹਨੋਕ ਨੂੰ ਜ਼ਿੰਦਗੀ ਦੇ ਦੂਜੇ ਪਾਸੇ ਲਿਜਾਇਆ ਗਿਆ ਸੀ (ਜਿਸ ਦਾ ਸੁਝਾਅ *metatithēmi* ਸ਼ਬਦ ਤੋਂ ਹੀ ਮਿਲਦਾ ਹੈ) ਅਤੇ ਉਹ ਮਿਲਿਆ ਨਹੀਂ ਹੋਵੇਗਾ। TEV ਦੇ ਅਨੁਵਾਦ ਤੋਂ ਸੰਕੇਤ ਮਿਲਦਾ ਹੈ ਕਿ ਕੁਝ ਲੋਕ ਇਹ ਆਖ ਕੇ ਉਸ ਦੀ ਲਾਸ਼ ਲੱਭਦੇ ਰਹੇ ਕਿ ''ਕੋਈ ਉਸ ਨੂੰ ਲੱਭ ਨਹੀਂ ਸਕਦਾ।'' ਉਹ ਇਹ ਪਤਾ ਨਹੀਂ ਲਾ ਸਕੇ ਕਿ ਉਹ ਕਿੱਥੇ ਗਿਆ, ਪਰ ਉਨ੍ਹਾਂ ਨੂੰ ਉਹਦੇ ਟਿਕਾਣੇ ਦਾ ਪਤਾ ਲੱਗ ਸਕਦਾ ਸੀ, ਜੇ ਉਨ੍ਹਾਂ ਨੂੰ ਉਸ ਦਾ ਪਤਾ ਲੱਗ ਜਾਂਦਾ ਜਿਹਦੇ ਨਾਲ ਗਾਇਬ ਹੋਣ ਤੋਂ ਪਹਿਲਾਂ ਉਹ ਰੋਜ਼ ਚੱਲਦਾ ਹੁੰਦਾ ਸੀ। ਉਸ ਨੇ ਜ਼ਰੂਰ ਕਿਸੇ ਨੂੰ ਦੱਸਿਆ ਹੋਵੇਗਾ ਕਿ ਉਹ ਖ਼ੁਦਾ ਦੇ ਨਾਲ ਅਤੇ ਖ਼ੁਦਾ ਉਹ ਦੇ ਨਾਲ ਗੱਲਾਂ ਕਰਦਾ ਹੈ।

ਆਇਤ 5 ਇਹ ਨਹੀਂ ਦੱਸਦੀ ਕਿ ਉਸ ਦੀ ''ਨਿਹਚਾ ਉਸ ਨੂੰ ਲੈ ਗਈ।'' ਬਲਕਿ ਖ਼ੁਦਾ ਦੀ ਪਿਆਰ ਭਰੀ ਕਿਰਪਾ ਨੇ ਤੈਅ ਕਰ ਲਿਆ ਕਿ ਉਸ ਸਮੇਂ ਦੇ ਧਰਤੀ ਦੇ ਸਭ ਵਾਸੀਆਂ ਨਾਲੋਂ ਵੱਧ ਕੇ ਇਸ ਆਦਮੀ ਨੂੰ ਮੌਤ ਦੀ ਘਾਟੀ ਵਿੱਚੋਂ ਦੀ ਲੰਘੇ ਬਗੈਰ ਸੁਰਗ ਵਿਚ ਜਾਣ ਦੀ ਬਰਕਤ ਮਿਲੇ।

ਖ਼ੁਦਾ ਦੇ ਨਾਲ ਹੋਣ ਲਈ ਆਪਣੇ ਜਾਣ ਤੋਂ ਪਹਿਲਾਂ ਹਨੋਕ ਨੂੰ ਆਪਣੇ ਰੂਹਾਨੀ ਚਲਣ ਦੇ ਸਬੰਧ ਵਿਚ ਇਕ ਵਾਧੂ ਮੁਕਾਸ਼ਫ਼ਾ ਮਿਲਿਆ। ਧਰਤੀ ਉੱਤੇ ਉਸ ਦੀ ਧਰਮੀ ਜ਼ਿੰਦਗੀ ਦੇ ਸਬੂਤ ਦੇ ਰੂਪ ਵਿਚ ਇਹ ਸਾਡੇ ਕੋਲ ਹੈ।[30] ਭਲਾ ਉਸ ਦੇ ਬੇਟੇ ਮਥੂਸਲਹ ਨੂੰ ਇਹ ਮੁਕਾਸ਼ਫ਼ਾ ਦਿੱਤਾ ਗਿਆ ਸੀ ਤਾਂ ਜੋ ਖ਼ੁਦਾ ਦੇ ਸਬੰਧ ਵਿਚ ਉਹਦਾ ਗਿਆਨ ਜ਼ਿੰਦਗੀ ਭਰ ਧਰਮੀ ਰਹਿਣ ਲਈ ਪ੍ਰੇਰਿਤ ਕਰਦਾ? ਜੇ ਉਹ ਅਜਿਹੇ ਗਿਆਨ ਦੇ ਅਨੁਸਾਰ ਚੱਲਦਾ ਸੀ ਤਾਂ ਹੋ ਸਕਦਾ ਹੈ ਕਿ ਇਸੇ ਕਰਕੇ ਖ਼ੁਦਾ ਨੇ ਉਸ ਨੂੰ ਕਿਸੇ ਵੀ ਹੋਰ ਬੰਦੇ ਨਾਲੋਂ ਵਧ ਕੇ ਜਿਹਦਾ ਜ਼ਿਕਰ ਬਾਈਬਲ ਵਿਚ ਹੈ, ਜੀਣ ਦੀ ਇਜਾਜ਼ਤ ਦਿੱਤੀ (969; ਉਤਪਤ 5:27)। ਜੋ ਕੁਝ ਹਨੋਕ ਨੇ ਆਪਣੇ ਪੁੱਤਰ ਉੱਤੇ ਜ਼ਾਹਿਰ ਕੀਤਾ ਉਸ ਤੋਂ ਸੁਝਾਅ ਮਿਲਦਾ ਹੈ ਕਿ ਉਹ ਕਿੱਥੇ ਜਾਣਾ ਚਾਹੁੰਦਾ ਸੀ ਅਤੇ ਕਿੱਥੇ ਗਿਆ। ਮਸੀਹ ਦੀ ਦੂਜੀ ਆਮਦ ਦੇ ਵਕਤ ਸਭ ਜ਼ਿੰਦਾ ਧਰਮੀਆਂ ਨੂੰ ਇਵੇਂ ਹੀ ਬਦਲ ਦਿੱਤਾ ਜਵੇਗਾ (1 ਕੁਰਿੰਥੀਆਂ 15:51, 52; 1 ਥੱਸਲੁਨੀਕੀਆਂ 4:13–18)।

ਲਿਖਤ ਦੱਸਦੀ ਹੈ ਕਿ ਹਨੋਕ ਦੀ ਸੰਗਤੀ ਉੱਪਰ ਚੁੱਕੇ ਜਾਣ ਤੋਂ ਪਹਿਲਾਂ ਖ਼ੁਦਾ ਦੇ ਨਾਲ ਸੀ। ਨਿਹਚਾ ਨਾਲ, ਚਾਨਣ ਵਿਚ ਚੱਲਣ ਦੇ ਰਾਹੀਂ ਆਦਮੀ ਦੀ ਅਜਿਹੀ ਸੰਗਤੀ ਹੋਣੀ ਲਾਜ਼ਮੀ ਹੈ, ਨਹੀਂ ਤਾਂ ਉਸ ਨੂੰ ਮਸੀਹ ਦੇ ਜਲਾਲ ਵਿਚ ਮਿਲਣ ਲਈ ਬਦਲਿਆ ਨਹੀਂ ਜਾ ਸਕਦਾ (1 ਯੂਹੰਨਾ 1:6, 7; 3:2–6)।

ਮੌਤ ਤੋਂ ਹਨੋਕ ਦੇ ਅਨੋਖੇ ਢੰਗ ਨਾਲ ਛੁਟਕਾਰੇ ਦਾ ਕਾਰਣ ਉਹ ਦੀ ਨਿਹਚਾ ਸੀ। ਇਬਰਾਨੀਆਂ 11:6 ਉਸ ਦੀ ਨਿਹਚਾ ਦੀ ਲੋੜ ਨੂੰ ਦੱਸਦਾ ਹੈ। ਉਹ ਦੀ ਨਿਹਚਾ ਅਤੇ ਹੁਕਮ ਮੰਨਣਾ **ਪਰਮੇਸ਼ੁਰ ਦੇ ਮਨ ਭਾਉਂਦਾ ਹੈ।**

**ਆਇਤ 6.** ਫਿਰ ਲੇਖਕ ਦੱਸਦਾ ਹੈ ਕਿ ਹਨੋਕ ਦੀ ਨਿਹਚਾ ਉਸਨੂੰ ਖ਼ੁਦਾ ਦੀ ਸੰਗਤ ਵਿੱਚੋਂ ਸੁਰਗ ਵਿਚ ਕਿਵੇਂ ਲੈ ਗਈ: **ਨਿਹਚਾ ਬਾਝੋਂ** *[ਖ਼ੁਦਾ ਨੂੰ]* **ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ** ਖ਼ੁਦਾ ਵਿਚ ਨਿਹਚਾ ਲਿਆਏ ਬਗੈਰ ਕਦੇ ਉਸ ਨੂੰ ਕਿਸੇ ਨੇ ਭਾਇਆ ਤ਼ਨਹੀਂ ਹੈ। ਹਨੋਕ ਨੇ ਖ਼ੁਦਾ ਨੂੰ ਬੇਹੱਦ ਖ਼ੁਸ਼ ਕੀਤਾ, ਜੋ ਸਾਫ਼ ਤੌਰ ਤੇ ਉਹਦੀ ਨਿਹਚਾ ਦੇ ਸਿਰਫ਼ ਦਿਮਾਗ਼ੀ ਸਹਮਤੀ ਨਾਲੋਂ ਵੱਧ ਕੇ ਪੂਰੀ ਤਰ੍ਹਾਂ ਨਾਲ ਭਰੋਸਾ ਰੱਖਣ ਕਰਕੇ ਹੁਕਮ ਮੰਨਣ ਕਰਕੇ ਹੈ। ਇਬਰਾਨੀਆਂ ਦੀ ਕਿਤਾਬ ਵਿਚ ਮਿਲਣ ਵਾਲੀ ''ਨਿਹਚਾ'' ਵਿਚ ਇਹ ਜ਼ਰੂਰੀ ਤੱਤ ਹੈ। ਬਿਨਾਂ ਨਿਹਚਾ ਦੇ ਉਸ ਨੂੰ ਖੁਸ਼ ਕਰਨਾ

''ਅਣਹੋਣਾ'' ਹੈ, ਜਿਹਦਾ ਮਤਲਬ ਇਹ ਨਹੀਂ ਹੈ ਕਿ ਇਹ ਮੁਸ਼ਕਿਲ ਹੈ ਬਲਕਿ ਇਹ ਹੈ ਕਿ ਕੋਈ ਹੋਰ ਬਦਲ ਨਹੀਂ ਹੈ। ਜਿਸ ਕਿਸੇ ''ਦੇਵਤਾ,'' ''ਪੌੜੀਆਂ ਤੇ ਕਿਸੇ ਆਦਮੀ'' ਜਾਂ ''ਵੱਡੀ ਰੂਹ'' ਵਿਚ ਵਿਸ਼ਵਾਸ ਵਰਗਾ ਹੀ ਹੈ। ਇਹ ਇਕ ਸੱਚੇ ਖ਼ੁਦਾ ਵਿਚ ਵਿਸ਼ਵਾਸ ਹੈ! ਇਹ ਉਸ ਖ਼ੁਦਾ ਵਿਚ ਵਿਸ਼ਵਾਸ ਹੈ ਜਿਸ ਨੇ ਨਬੀਆਂ ਦੇ ਰਾਹੀਂ ਗੱਲਾਂ ਕੀਤੀਆਂ ਸਨ ਅਤੇ ਹਣ ਉਹ ਮਸੀਹ ਦੇ ਰਾਹੀਂ ਉਸ ਨੇ ਗੱਲ ਕੀਤੀ ਸੀ (1:1, 2)।

ਖ਼ੁਦਾ ਨੂੰ ਖੁਸ਼ ਕਰਨ ਲਈ ਦੋ ਸਚਿਆਈਆਂ ਉੱਤੇ **ਨਿਹਚਾ** ਕਰਨੀ ਲਾਜ਼ਮੀ ਹੈ: (1) ਕਿ **ਉਹ ਹੈ,** ਨਾਲੇ (2) ਇਹ ਕਿ ਉਹ **''ਆਪਣਿਆਂ ਤਾਲਿਬਾਂ ਦਾ ਫਲ਼ਦਾਤਾ ਹੈ।''** ਖ਼ੁਦਾ ਦੀ ਜ਼ਰੂਰੀ ਭਲਿਆਈ ਵਿਚ ਜਿਸ ਵਿਚ ਬਹੁਤ ਸਾਰੇ ਲੋਕ ਸ਼ੱਕ ਕਰਦੇ ਹਨ ਅਤੇ ਆਮ ਤੌਰ ਤੇ ਸ਼ੱਕ ਦਾ ਕਾਰਣ ਦੱਸਿਆ ਜਾਂਦਾ ਹੈ, ਨਿਹਚਾ ਵਿਚ ਇਹ ਦੂਜਾ ਵਿਚਾਰ ਹੋਣਾ ਜ਼ਰੂਰੀ ਹੈ। ਅਸੀਂ ਖ਼ੁਦਾ ਨੂੰ ਤਦੇ ''ਦਿਲੋ ਭਾਂਲਾਂਗੇ'' (NIV) ਜੇ ਸਾਨੂੰ ਅਖ਼ੀਰ ਵਿਚ ਇਨਾਮ ਮਿਲਣ ਦਾ ਯਕੀਨ ਹੋਵੇਗਾ। ''ਤਾਲਿਬ'' (*ekzēteō*) ਸ਼ਬਦ ਤੋਂ ਭਾਵ ''ਭਾਲਣਾ, ਤਲਾਸ਼ ਕਰਨਾ'' ਹੈ।[31] ਫਲ਼ ਯਕੀਨਨ ਹੀ ਗੱਡੀਆਂ ਮੋਟਰਾਂ, ਮਕਾਨ ਜਾਂ ਹੋਰ ਜਾਇਦਾਦ ਨੂੰ ਪਾਉਣ ਨਾਲ ਨਹੀਂ ਮਿਲ ਜਾਂਦਾ। ਖ਼ੁਦਾ ਨੂੰ ਭਾਲਣ ਦਾ ਸਾਡਾ ਫਲ਼ ਪੂਰੀ ਤਰ੍ਹਾਂ ਨਾਲ ਅਨਾਦੀਕਾਲ ਵਿਚ ਮਿਲੇਗਾ। ਉਦੋਂ ਤਕ ਉਹ ਦੇ ਉਲਟ ਉਪਾਅ ਲਈ ਯਕੀਨ ਕਰ ਸਕਦੇ ਹਾਂ (ਰੋਮੀਆਂ 8:28)। ਇਹਦਾ ਵਾਅਦਾ ਸੱਚੇ ਦਿਲੋਂ ਉਹ ਦੀ ਖੋਜ ਕਰਨ ਵਾਲਿਆਂ ਲਈ ਕੀਤਾ ਗਿਆ ਹੈ। ਕਿਉਂ ਜੋ ਅਜਿਹਾ ਵਿਅਕਤੀ ਉਸ ਨੂੰ ਤਲਾਸ਼ ਸਕੇਗਾ।

ਇਬਰਾਨੀਆਂ ਦੀ ਕਿਤਾਬ ਵਿਚ ''ਨਿਹਚਾ'' ਤੋਂ ਭਾਵ ਉਹ ਭਰੋਸਾ ਹੈ ਜਿਸ ਨਾਲ ਆਦਮੀ ਨੂੰ ਖ਼ੁਦਾ ਨੂੰ ਭਾਲਣ ਦੀ ਤਾਂਘ ਹੁੰਦੀ ਹੈ। ''ਖ਼ੁਦਾ ਦੀ ਵੱਲ *ਆਉਣ*'' ਵਾਲਾ ਵਿਅਕਤੀ ਉਹ ਹੈ ਜਿਹੜਾ ''ਸਰੀਰ'' ਦੇ ਅਨੁਸਾਰ ਨਹੀਂ ਬਲਕਿ ਉਸ ਦੀ ਇੱਛਾ ਦੇ ਅਨੁਸਾਰ ਜ਼ਿੰਦਗੀ ਕਟਦਾ ਹੈ, ਕਿਉਂ ਜੋ ਅਜਿਹਾ ਵਿਅਕਤੀ ''ਪਰਮੇਸ਼ੁਰ ਨੂੰ ਭਾਅ'' ਨਹੀਂ ਸਕਦਾ (ਰੋਮੀਆਂ 8:8)। ਅਜਿਹੀ ਨਿਹਚਾ ਤੋਂ ਉਹ ਹੀ ਮਿਲਦਾ ਹੈ ਜਿਹਦੀ ਭਾਲ ਦਾਊਦ ਨੇ ਕੀਤੀ: ''ਮੈਂ ਯਹੋਵਾਹ ਨੂੰ ਭਾਲਿਆ ਅਤੇ ਉਸ ਨੇ ਮੈਨੂੰ ਉੱਤਰ ਦਿੱਤਾ, ਅਤੇ ਮੇਰਿਆਂ ਸਭਨਾਂ ਭੈਜਲਾਂ ਤੋਂ ਮੈਨੂੰ ਛੁਡਾਇਆ'' (ਜ਼ਬੂਰ 34:4)।

ਕੁਝ ਲੋਕ ਭਾਵੇਂ ਇਹ ਆਖਦਿਆਂ ਕਿ ''ਉਨ੍ਹਾਂ ਨੇ ਵਿਸ਼ਵਾਸ ਕੀਤਾ ਪਰ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਸੀ'' ਉਨ੍ਹਾਂ ਦੀ ਗੱਲ ਕਰਦੇ ਹੋਣ ਜਿਹੜੇ ਨਿਹਚਾ ਤੋਂ ਫਿਰ ਗਏ ਹਨ, ਪਰ ਅਜਿਹੇ ਵਿਚਾਰ ਨੂੰ ਆਇਤ 6 ਵਿਚ ਨਕਾਰ ਦਿੱਤਾ ਗਿਆ ਹੈ। ''ਨਿਹਚਾ'' ਲਈ ਯੂਨਾਨੀ ਸ਼ਬਦ (*pistis*) ਦਾ ਪੰਜਾਬੀ ਅਨੁਵਾਦ ''ਨਿਹਚਾ'' ਅਤੇ ''ਪਰਤੀਤ'' ਦੋਵੇਂ ਹੋਇਆ ਹੈ। ਸਾਡੀ ਭਾਸ਼ਾ ਵਿਚ ਭਾਵੇਂ ਇਸ ਦੇ ਦੋ ਸ਼ਬਦ ਹਨ, ਪਰ ਯੂਨਾਨੀ ਭਾਸ਼ਾ ਵਿਚ ਇੱਕੋ ਸ਼ਬਦ ਹੈ। ਇਹ ਆਇਤ ਸਾਫ਼ ਕਰਦੀ ਹੈ ਕਿ ''ਨਿਹਚਾ ਬਾਝੋਂ'' ਖ਼ੁਦਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ, ਕਿਉਂ ਜੋ ''ਨਿਹਚਾ ਕਰਨਾ ਜ਼ਰੂਰੀ'' ਹੈ। ਸਿਰਫ਼ ਵੰਨਸੁਵੰਨਤਾ ਦੀ ਖਾਤਿਰ ਪੰਜਾਬੀ ਅਤੇ ਅੰਗ੍ਰੇਜ਼ੀ ਦੇ ਅਨੁਵਾਦਾਂ ਵਿਚ ਦੋ ਵੱਖੋ ਵੱਖ ਸਬਦਾਂ ਦੀ ਵਰਤੋਂ ਹੋਈ ਹੈ। ਨਵੇਂ ਨੇਮ ਵਿਚ ''ਨਿਹਚਾ'' ਕਰਨ ਵਾਲਿਆਂ ਨਾਲ ਆਪਣੇ ਆਪ ਤੋਂ ਮਿਲਾਉਣ ਤੋਂ ਭਾਵ ਉਨ੍ਹਾਂ ਨਾਲ ਮਿਲਾਉਣਾ ਹੈ ਜਿਨ੍ਹਾਂ ਨੂੰ ''ਨਿਹਚਾ'' ਹੈ।[32] ਮੂਸਾ ਦੀ ਨਿਹਚਾ ਦੇ ਕਾਰਣ ਉਹ ''ਅਲੱਖ'' ਨੂੰ ਵੇਖ ਸਕਿਆ (ਆਇਤ 27)।

ਖ਼ੁਦਾ ਵਿਚ ਨਿਹਚਾ ਕਰਨੀ ਕਿਉਂ ਜ਼ਰੂਰੀ ਹੈ? ਹੋਰਨਾਂ ਕਾਰਣਾਂ ਸਣੇ ਇਹ ਕਾਰਣ ਵੀ ਹੈ: (1) ਉਹ ਸਭ ਕਾਸੇ ਦਾ ਸਿਰਜਣਹਾਰ ਹੈ (ਉਤਪਤ 1:1; ਯੂਹੰਨਾ 1:3), ਅਤੇ (2) ਉਸ ਨੇ ਸਭ ਕੁਝ ਬਣਾਇਆ ਅਤੇ ਆਪਣੀ ਇੱਛਾ ਮੁਤਾਬਿਕ ਸਭ ਕੁਝ ਕਰਦਾ ਹੈ (ਅਫ਼ਸੀਆਂ 1:11)। ਜੋ ਕੁਝ ਵੀ ਉਹ ਦੀ ਇੱਛਾ ਦੇ ਅਨੁਸਾਰ ਹੈ, ਉਹ ਸਹੀ ਹੈ, ਅਤੇ ਜੋ ਕੁਝ ਵੀ ਉਹ ਦੀ ਇੱਛਾ ਦੇ ਖ਼ਿਲਾਫ਼ ਹੈ ਉਹ ਗਲਤ ਹੈ। ਹਰ ਵਿਅਕਤੀ ਜਿਹੜਾ ਖ਼ੁਦਾ ਦੀ ਇੱਛਾ ਦੇ ਉਲਟ ਕੰਮ ਕਰਦਾ ਹੈ ਦੁਨੀਆਂ ਦੇ ਇਖ਼ਤਿਆਰ ਦੇਣ ਵਾਲੇ ਦੇ ਖ਼ਿਲਾਫ਼ ਬਗ਼ਾਵਤ ਕਰਦਾ ਹੈ। ਜਦ ਕੋਈ ਖੁਦਾ ਵਿਚ ਅਤੇ ਮਨੁੱਖ ਨੂੰ

ਦਿੱਤੇ ਉਸ ਦੇ ਮੁਕਾਸ਼ਫ਼ੇ ਵਿਚ ਵਿਸ਼ਵਾਸ ਨਾ ਕਰੇ ਤਾਂ ਉਹ ਉਹ ਦੀ ਇੱਛਾ ਨਾਲ ਮੇਲ ਖਾਂਦਾ ਕੰਮ ਕਿਵੇਂ ਕਰ ਸਕਦਾ ਹੈ। ਨਿਹਚਾ ਵਿਚ ਖ਼ੁਦਾ ਕੋਲ ਆਉਣ ਲਈ ਤੌਬਾ ਕਰਕੇ ਬਪਤਿਸਮਾ ਲੈਣ ਸਣੇ ਉਹ ਦੇ ਹੁਕਮਾਂ ਨੂੰ ਮੰਨਣ ਵਿਚ ਅਧੀਨ ਹੋਣਾ ਲਾਜ਼ਮੀ ਹੈ (ਰਸੂਲਾਂ ਦੇ ਕੰਮ 2:38; 3:19; ਮਰਕੁਸ 16:16)। ਇਬਰਾਨੀਆਂ ਵਾਲਾ ਅਸਲ ਵਿਸ਼ਵਾਸੀ ਉਹੀ ਹੈ ਜਿਹੜਾ ਆਪਣੇ ਹੁਕਮ ਮੰਨਣ ਦੇ ਰਾਹੀਂ ਆਪਣੀ ਨਿਹਚਾ ਨੂੰ ਵਿਖਾਉਂਦਾ ਹੈ, ਕਿਉਂ ਜੋ ਬਿਨਾਂ ਹੁਕਮ ਮੰਨੇ ਇਹ ਨਿਹਚਾ ''ਮੁਰਦਾ'' ਹੋ ਸਕਦੀ ਹੈ (ਯਾਕੂਬ 2:17)। ਇਹ ਹੁਕਮ ਕਿਸੇ ਵੀ ਬਪਤਿਸਮੇ ਨੂੰ ਜਿਹੜਾ ਨਿਹਚਾ ਦੇ ਬਗੈਰ ਲਿਆ ਗਿਆ ਹੋਵੇ ਨਜਾਇਜ਼ ਕਰਾਰ ਕਰ ਦਿੰਦੇ ਹਨ; ਬਿਨਾਂ ਨਿਹਚਾ ਦੇ ਹੁਕਮ ਮੰਨਣ ਵਾਲੇ ਲੋਕ ਝੂਠੇ ਦਾਅਵੇ ਕਰਨ ਵਾਲੇ, ਨਾਸਤਿਕ ਅਤੇ ਬੱਚੇ ਹਨ।

ਕੋਈ ''ਧਰਮ ਮਾਤਾ ਪਿਤਾ'' ਕਿਸੇ ਬੱਚੇ ਵੱਲੋਂ ਨਿਹਚਾ ਨਹੀਂ ਕਰ ਸਕਦਾ, ਨਾ ਹੀ ਕੋਈ ਕਿਸੇ ਹੋਰ ਵੱਲੋਂ ਨਿਹਚਾ ਕਰ ਸਕਦਾ ਹੈ। ਹੁਕਮ ਮੰਨਣ ਤੇ ਮੁੱਢਲੇ ਸਮੇਂ ਵਿਚ ਆਦਮੀ ਦਾ ਵਿਸ਼ਵਾਸ ਕਿੰਨਾਂ ਮਜ਼ਬੂਤ ਹੋਣਾ ਚਾਹੀਦਾ ਹੈ ਇਹ ਤਾਂ ਖ਼ੁਦਾ ਹੀ ਦੱਸ ਸਕਦਾ ਹੈ, ਕਿਉਂ ਜੋ ਯਕੀਨਨ ਹੀ ਐਨਾਂ ਮਜ਼ਬੂਤ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ''ਸਿੱਖਿਆ ਦੇ ਸਾਂਚੇ'' ਨੂੰ ਮੰਨਣ ਲਈ ''ਦਿਲੋਂ *[ਆਗਿਆਕਾਰ]*'' ਹੋ ਜਾਵੇ। ਅਸਲ ਵਿਸ਼ਵਾਸੀ ਉਹ ਹੈ ਜਿਸ ਵਿਚ ਐਨਾਂ ਵਿਸ਼ਵਾਸ ਹੈ ਕਿ ਉਹ ਬਾਈਬਲ ਦੀ ਸਿੱਖਿਆ ਦੀ ਵਰਤੋਂ ਕਰੇ (ਰੋਮੀਆਂ 6:17)।

**ਆਇਤ 7. ਨਿਹਚਾ** ਦੀ **ਨੂਹ** ਦੀ ਉਦਾਹਰਣ ਤੋਂ ਸਾਨੂੰ ਪਤਾ ਲਗਦਾ ਹੈ ਕਿ ਖ਼ੁਦਾ ਵਿਚ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ ਪਤਾ ਹੈ ਕਿ ਉਹ ਆਪਣੇ ਵਾਅਦੇ ਮੁਤਾਬਿਕ ਕਰੇਗਾ, ਭਾਵੇਂ ਉਸ ਦਾ ਥੋੜ੍ਹਾ ਜਿਹਾ ਜਾਂ ਕੋਈ ਵੀ ਹੋਰ ਸਬੂਤ ਨਾ ਹੋਵੇ (ਉਤਪਤ 6—9; ਹਿਜ਼ਕੀਏਲ 14:12–14)। ਨੂਹ ਦੀ ਨਿਹਾਚਾ ਅਸਲ ਵਿਚ ''ਅਣਡਿੱਠ ਵਸਤਾਂ'' ਦਾ ਸਬੂਤ ਸੀ (ਆਇਤ 1)। ਪਹਿਲੀ ਚਿਤਾਵਨੀ ਦੇ ਬਾਅਦ ਤੋਂ ਪਰਲੋ ਆਉਣ ਤਕ ਇਕ ਸੌ ਵੀਹ ਸਾਲ ਲੰਘ ਚੁੱਕੇ ਹੋਣਗੇ (ਉਤਪਤ 6:3)। ਮਨੁੱਖੀ ਨਜ਼ਰੀਏ ਤੋਂ ਇਹ ਮੂਰਖਤਾ ਲਗਦੀ ਹੋਵੇਗੀ ਕਿਉਂ ਜੋ ਪਾਣੀ ਦੇ ਵੱਡੇ ਸੈਲਾਬ ਦੇ ਦੂਰ ਹੋਣ (ਜਿਵੇਂ ਕਿ ਅਸੀਂ ਉਸ ਨੂੰ ਮੰਨ ਲੈਂਦੇ ਹਾਂ) ਤੇ ਐਡਾ ਵੱਡਾ ਬੇੜਾ, **ਆਪਣੇ ਘਰ ਦੇ ਬਚਾਉਣ ਲਈ** ਬਣਾਇਆ ਗਿਆ। ਉਹ ਮੂਰਖਤਾ ਦਾ ਮਸ਼ਹੂਰ ਪਾਤਰ ਸੀ ਅਤੇ ਉਹਦੇ ਕੰਮ ਨੂੰ ''ਨੂਹ ਦੀ ਮੂਰਖਤਾ'' ਕਿਹਾ ਜਾਂਦਾ ਹੋਵੇਗਾ। ਪਰ ਉਸ ਨੇ ਉਸ ਮੁਕਾਸ਼ਫ਼ੇ ਵਿਚ ਆਪਣੀ ਨਿਹਚਾ ਨੂੰ ਬਣਾਈ ਰੱਖਿਆ ਜਿਹੜਾ ਖ਼ੁਦਾ ਨੇ ਉਸ ਨੂੰ ਦਿੱਤਾ ਸੀ ਅਤੇ ਬੇੜੇ ਦੇ ਪੂਰਾ ਹੋਣ ਤਕ ਉਸ ਨੂੰ ਬਣਾਉਣ ਵਿਚ ਲੱਗਾ ਰਿਹਾ।

ਪਰਲੋ ਸਾਡੇ ਲਈ ਇਕ ਉਦਾਹਰਣ ਦਵੇਗੀ। ਚਿਤਾਵਨੀਆਂ ਦੇ ਬਾਵਜੂਦ ਇਹ ਹੈਰਾਨ ਕਰਨ ਵਾਲੀ ਅਤੇ ਅਚਾਨਕ ਹੋਣ ਵਾਲੀ ਘਟਨਾ ਸੀ, ਬਿਲਕੁਲ ਉਵੇਂ ਜਿਵੇਂ ਨਿਆਂ ਵਾਸਤੇ ਮਸੀਹ ਦੀ ਦੂਜੀ ਆਮਦ ਵੇਲੇ ਹੋਵੇਗਾ (ਮੱਤੀ 24:37–39; ਲੂਕਾ 17:26, 27)। ਨੂਹ ਨੂੰ **ਉਨ੍ਹਾਂ ਵਸਤਾਂ ਦੀ** ਚਿਤਾਵਨੀ ਦਿੱਤੀ ਗਈ ਸੀ **ਜਿਹੜੀਆਂ ਅਜੇ ਅਣਡਿੱਠ ਸਨ,** ਕਿਉਂ ਜੋ ਪਰਲੋ ਦੇ ਆਉਣ ਦਾ ਅਜੇ ਕੋਈ ਨਜ਼ਰ ਆਉਣ ਵਾਲਾ ਸਬੂਤ ਨਹੀਂ ਸੀ, ਅਤੇ ਅਜਿਹਾ ਵੀ ਨਹੀਂ ਹੋਵੇਗਾ ਕਿ ਉਸ ਤੋਂ ਪਹਿਲਾਂ ਕੋਈ ਐਨੀ ਵੱਡੀ ਪਰਲੋ ਆਈ ਹੋਵੇ। ਨੂਹ ਨੇ ਆਪਣੇ ''ਧਰਮ'' ਜਾਂ ''ਖ਼ੁਦਾਈ'' ਖੌਫ਼ ਦੇ ਕਾਰਣ ਖ਼ੁਦਾ ਦੀ ਗੱਲ ਮੰਨੀ। ਖ਼ੁਦਾਈ ਕਹਿਰ ਦਾ ਡਰ ਯਕੀਨਨ ਹੀ ਧਰਮ ਦਾ ਕਾਰਣ ਹੁੰਦਾ ਹੈ।[33] ਨੂਹ ਦੇ ਮਨ ਵਿਚ ਖ਼ੁਦਾ ਅਤੇ ਉਸ ਦੇ ਵਚਨ ਲਈ ਬੜਾ ਆਦਰ ਸੀ। **ਧਰਮ** ਜਾਂ ''ਡਰ'' (KJV) ਲਈ *eulabeomai* ਹੈ। ਇਹ ਦਾ ਅਰਥ ਅਸਲ ਡਰ ਹੋ ਸਕਦਾ ਹੈ, ਜੋ ਕਿ ਆਉਣ ਵਾਲੀ ਪਰਲੋ ਦੀ ਖ਼ਬਰ ਸੁਣਨ ਦੀ ਸੁਭਾਵਕ ਪ੍ਰਤੀਕ੍ਰਿਆ ਹੋਵੇ। ਡਰ ਸੀ ਜਾਂ ਨਹੀਂ, ਪਰ ਇਹ ਸਾਫ਼ ਹੈ ਕਿ ਖ਼ੁਦਾ ਦੇ ਪ੍ਰਤੀ ਨੂਹ ਦੇ ਮਨ ਵਿਚ ਭਗਤੀ ਭਰਿਆ ਭੈਅ ਸੀ।

ਜਿਵੇਂ ਨੂਹ ਨੇ ਆਪਣੇ ਧਰਮ ਨਾਲ **ਸੰਸਾਰ ਨੂੰ ਦੋਸ਼ੀ ਠਹਿਰਾਇਆ** ਉਵੇਂ ਹੀ ਨੀਨਵੇ ਨੇ ਕੀਤਾ ਜਿਸ ਵਿਚ ਇਸ ਦੇ ਲੋਕਾਂ ਨੇ ਯੂਨਾਹ ਦੀਆਂ ਬੇਨਤੀਆਂ ਨੂੰ ਮੰਨ ਲਿਆ। ਸਹੀ ਸਮੇਂ ਤੇ ਉਨ੍ਹਾਂ ਦਾ ਹੁਕਮ

ਮੰਨਣਾ ਯਿਸੂ ਦੀ ਸੁਣਨ ਵਾਲੇ ਬੇਵਿਸ਼ਵਾਸੇ ਲੋਕਾਂ ਨੂੰ ਦੋਸ਼ੀ ਠਹਿਰਾਉਣ ਵਿਚ ਮਦਦਗਾਰ ਹੋਵੇਗਾ (ਮੱਤੀ 12:41, 42)। ਅਸਲ ਵਿਚ ਹਰ ਵਫ਼ਾਦਾਰ ਵਿਸ਼ਵਾਸੀ ਉਨ੍ਹਾਂ ਨੂੰ ਦੋਸ਼ੀ ਠਹਿਰਾਉਂਦਾ ਹੈ ਜਿਹੜੇ ਵਿਸ਼ਵਾਸ ਨਾਲ ਹੁਕਮ ਨਹੀਂ ਮੰਨਦੇ ਹਨ, ਇਹ ਸਾਬਤ ਕਰਦਿਆਂ ਕਿ ਜੇ ਉਨ੍ਹਾਂ ਵਿਚ ''ਤੰਗ ਦਰਵਾਜ਼ੇ ਵਿੱਚੋਂ ਦੀ ਜਾਣ ਦੀ ਉਹੀ ਤਾਂਘ ਹੁੰਦੀ ਤਾਂ ਉਹ ਵਿਸ਼ਵਾਸ ਕਰਕੇ ਹੁਕਮ ਮੰਨ ਸਕਦੇ ਸਨ। ਸਾਨੂੰ ਉਸੇ ਰਾਹ ਵਿੱਚੋਂ ਦੀ ਜਾਣ ਦੀ ''ਹਰ ਕੋਸ਼ਿਸ਼'' ਕਰਨੀ (NIV) ਜ਼ਰੂਰੀ ਹੈ (ਵੇਖੋ ਲੂਕਾ 13:23, 24)।

ਪਰਮੇਸ਼ੁਰ ਕੋਲੋਂ **ਖ਼ਬਰ ਪਾ ਕੇ** *chrēmatizō*, ਸ਼ਬਦ ਦੀ ਵਰਤੋਂ ਕਰਦਿਆਂ ਇਕ ਹੋਰ ਵਾਕਅੰਸ਼ ਹੈ ਜਿਸ ਦਾ ਇਸ ਆਇਤ ਵਿਚ ਸਾਫ਼ ਅਰਥ ''ਇਲਾਹੀ ਬੁਲਾਹਟ'' (ਵੇਖੋ ਰਸੂਲਾਂ ਦੇ ਕੰਮ 11:26) ਜਾਂ ''ਇਲਾਹੀ ਚਿਤਾਵਨੀ'' ਹੈ (ਵੇਖੋ ਇਬਰਾਨੀਆਂ 8:6)। ਇਹ ਚਿਤਾਵਨੀ ਆਪਣੇ ਆਪ ਵਿਚ ਨੂਹ ਦੇ ਧਰਮ ਦੀ ''ਸਾਖੀ'' ਜਾਂ ਗਵਾਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਇੱਥੇ ਅਤੇ ਕਿਤੇ ਹੋਰ *chrēmatizō* ਕੁਝ ਪਰਗਟ ਕਰਦਿਆਂ ਖ਼ੁਦਾ ਵੱਲੋਂ ਸੰਦੇਸ਼ ਹੈ। ਇਹ ਸਾਫ਼ ਹੈ, ਇਸ ਕਰਕੇ ਸਭ ਨੂੰ ਸਿਰਫ ''ਮਸੀਹੀ'' ਅਖਵਾਉਣਾ ਚਾਹੀਦਾ ਹੈ ਕਿਉਂ ਜੋ ਇਹ ''ਖ਼ੁਦਾ ਦਾ ਦਿੱਤਾ'' ਨਾਂਅ ਹੈ। ਨੂਹ ਨੇ ਪੂਰੀ ਤਰ੍ਹਾਂ ਨਾਲ ਹੁਕਮ ਮੰਨਣ ਨਾਲ ''ਧਰਮੀ'' ਢੰਗ ਨਾਲ ਗੱਲ ਮੰਨੀ। ਉਤਪਤ 6:22 ਕਹਿੰਦਾ ਹੈ ਕਿ ''ਉਪਰੰਤ ਨੂਹ ਨੇ ਇਹ ਕੀਤਾ। ਜਿਵੇਂ ਪਰਮੇਸ਼ੁਰ ਨੇ ਉਹ ਨੂੰ ਆਗਿਆ ਦਿੱਤੀ ਤਿਵੇਂ ਉਸ ਨੇ ਕੀਤਾ।'' ਇਬਰਾਨੀਆਂ ਦੀ ਕਿਤਾਬ ਵਿਚ ਇਕ ਵਾਰ ਫੇਰ ਇਹ ਵਿਖਾਉਂਦਿਆਂ ਕਿ ਨਿਹਚਾ ਵਿਚ ਹੁਕਮ ਮੰਨਣਾ ਵੀ ਆਉਂਦਾ ਹੈ, ਉਹ ਦੇ ਹੁਕਮ ਮੰਨਣ ਨੂੰ ਉਹ ਦਾ ਵਿਸ਼ਵਾਸ ਦੱਸਿਆ ਗਿਆ।

ਆਪਣੇ ਹੁਕਮ ਮੰਨਣ ਦੇ ਰੂਪ ਵਿਚ ਉਸ ਨੇ ''ਸੰਸਾਰ ਨੂੰ ਦੋਸ਼ੀ ਠਹਿਰਾਇਆ,'' ਜਿਸ ਤੋਂ ਇਹ ਸਮਝ ਆਉਂਦਾ ਹੈ ਕਿ ਭਰੋਸੇਯੋਗ ਖ਼ੁਦਾ ਵਿਚ ਨਿਹਚਾ ਕਰਕੇ ਜੀਣਾ ਸੰਭਵ ਹੈ। ਜੇ ਉਹ ਜੀ ਸਕਦਾ ਸੀ ਤਾਂ ਹੋਰ ਲੋਕ ਵੀ ਜੀ ਸਕਦੇ ਸਨ। ਜਿਨ੍ਹਾਂ ਵਿਚ ਉਸ ਨੇ ਪ੍ਰਚਾਰ ਕੀਤਾ (2 ਪਤਰਸ 2:5)। ਨੂਹ ਨੇ ਸੰਸਾਰ ਨੂੰ ਇਹ ਵਿਖਾਉਂਦਿਆਂ ਕਿ ਇਹ ਪਾਪੀ ਅਤੇ ਦੁਸ਼ਟ ਹੈ ਦੋਸ਼ੀ ਠਹਿਰਾਇਆ। ਪਰ ਉਸ ਨੂੰ ਉਹੋ ਜਿਹਾ ਬਣਨ ਦੀ ਲੋੜ ਨਹੀਂ ਸੀ। ਖ਼ੁਦਾ ਤੋਂ ਚਿਤਾਵਨੀ ਪਾਉਣ ਅਤੇ ਧਰਮੀ ਹੋਣ ਕਰਕੇ ਉਹ ਦੇ ਲਈ ਦੋਸਤ ਹੋਣ ਜਾਂ ਦੁਸ਼ਮਣ, ਆਪਣੇ ਸਮਾਜ ਦੇ ਲੋਕਾਂ ਨੂੰ ਚਿਤਾਵਨੀ ਦੇਣੀ ਜ਼ਰੂਰੀ ਸੀ। ਉਹ ਦਾ ਪ੍ਰਚਾਰ ਉਹ ਦੇ ਵੱਲੋਂ ਸੁਣਾਏ ਗਏ ਵਚਨ ਨੂੰ ਮੰਨਣ ਦਾ ਇਨਕਾਰ ਕਰਨ ਵਾਲਿਆਂ ਲਈ ਸਰਾਪ ਸੀ। ਉਸ ਨੇ ਉਨ੍ਹਾਂ ਨੂੰ ਕੋਈ ਅਜਿਹਾ ਸੰਦੇਸ਼ ਦਿੱਤਾ ਹੋਵੇਗਾ: ''ਖ਼ੁਦਾ ਨੇ ਮੇਰੇ ਨਾਲ ਗੱਲ ਕਰਕੇ ਕਿਹਾ ਹੈ ਕਿ ਉਹ ਵੱਡੀ ਜਲ ਪਰਲੋ ਨਾਲ ਦੁਨੀਆਂ ਨੂੰ ਖ਼ਤਮ ਕਰ ਦੇਵੇਗਾ। ਮੇਰੇ ਵਾਂਗ ਤੁਹਾਨੂੰ ਵੀ ਤਿਆਰ ਰਹਿਣ ਦੀ ਲੋੜ ਹੈ।''

ਵਿਸ਼ਵਾਸੀਆਂ ਨੂੰ ਨਿੱਜੀ ਤੌਰ ਤੇ ਅਤੇ ਜ਼ਾਤੀ ਤੌਰ ਤੇ ''ਚੁਣੇ ਹੋਇਆਂ'' ਵਿੱਚ ਸ਼ਾਮਿਲ ਕਰਨ ਲਈ ਖ਼ੁਦਾ ਵੱਲੋਂ ਚੁਣਿਆ ਨਹੀਂ ਜਾਂਦਾ ਹੈ। ਵਿਸ਼ਵਾਸ ਕਰਕੇ ਅਸੀਂ ਸਚਿਆਈ ਦੀ ਗੱਲ ਮੰਨਣ ਨਾਲ ਆਪਣੇ ਆਪ ਨੂੰ ਉਨ੍ਹਾਂ ਵਿਚ ਰਲਾ ਲੈਂਦੇ ਹਾਂ। 2 ਥੱਸਲੁਨੀਕੀਆਂ 2:13, 14 ਵਿਚ ਇਸ ਦੀ ਵਧੀਆ ਵਿਆਖਿਆ ਕੀਤੀ ਗਈ ਹੈ। ਆਇਤ 14 ਦੱਸਦੀ ਹੈ ਕਿ ਆਇਤ 13 ਵਾਲੀਆਂ ਬਰਕਤਾਂ ਪਾਉਣ ਲਈ ਕਿਵੇਂ ਸਾਨੂੰ ''ਖੁਸ਼ਖ਼ਬਰੀ ਦੇ ਰਾਹੀਂ ਸੱਦਿਆ'' ਜਾਂਦਾ ਹੈ। ਧਰਮੀਆਂ ਵਿਚ ਸ਼ਾਮਿਲ ਹੋਣ ਕਰਕੇ ਅਸੀਂ ਜਿਹੜੇ ਖੁਸ਼ਖ਼ਬਰੀ ਦੀ ਗੱਲ ਮੰਨਦੇ ਹਾਂ, ਚੁਣੇ ਹੋਏ ਲੋਕ ਬਣ ਕੇ ਹੇਮਸ਼ਾ ਦੀ ਜ਼ਿੰਦਗੀ ਲਈ ਪਹਿਲਾਂ ਤੋਂ ਠਹਿਰਾਈ ਜਮਾਤ ਵਿਚ ਆ ਜਾਂਦੇ ਹਾਂ। ਜਿਵੇਂ ਨੂਹ ਦੇ ਵਿਸ਼ਵਾਸ ਨੇ ਹੁਕਮ ਮੰਨਣ ਵਿਚ ਉਹ ਦੀ ਮਦਦ ਕੀਤੀ, ਉਵੇਂ ਹੀ ਸਾਡਾ ਵਿਸ਼ਵਾਸ ਵੀ ਸਾਨੂੰ ਬਚਾਵੇਗਾ। ਜੇ ਇਹ ਅਮਲ ਦੇ ਨਾਲ ਹੋਵੇ। ਅਬਰਾਹਾਮ ਵਾਂਗ, ਮਨੁੱਖ ਦੀ ਨਿਹਚਾ ਦੇ ਕਾਰਣ ਉਸ ਨੂੰ ਖ਼ੁਦਾ ਵੱਲੋਂ ਧਰਮੀ ਐਲਾਨਿਆ ਗਿਆ (ਉਤਪਤ 15:6)।

ਹਾਬਲ, ਹਨੋਕ ਅਤੇ ਨੂਹ ਧਰਮੀ ਲੋਕ ਸਨ ਜਿਹੜੇ ਖ਼ੁਦਾ ਦੇ ਨਾਲ ਨਾਲ ਚੱਲਦੇ ਸਨ। ਉਹ ਨਿਹਚਾ ਦੇ ਰਾਹੀਂ ਚੱਲਦੇ ਅਤੇ ਖ਼ੁਦਾ ਦੀ ਮਨ ਭਾਉਂਦੀ ਬੰਦਗੀ ਕਰਦੇ ਸਨ। ਹਰ ਕਿਸੇ ਨੂੰ ਕਿਹਾ

ਜਾ ਸਕਦਾ ਹੈ ਉਹ **ਉਸ ਧਰਮ ਦਾ ਅਧਕਾਰੀ ਹੋਇਆ ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ।** ਆਪਣੀ ਨਿਹਚਾ ਦੇ ਕਾਰਣ ਇਹ ਪੁਰਖੇ ਬਚਾਏ ਗਏ, ਜਿਸ ਨਾਲ ਉਹ ਧਰਮੀ ਠਹਿਰੇ। ਖ਼ੁਦਾ ਦੇ ਫ਼ਜ਼ਲ ਦੇ ਰਾਹੀਂ ਉਨ੍ਹਾਂ ਉੱਤੇ ਕਿਰਪਾ ਹੋ ਗਈ।

## ਨਿਹਚਾਵਾਨਾਂ ਦਾ ਪਿਤਾ (ਅਤੇ ਮਾਤਾ) (11:8-12)

**8ਨਿਹਚਾ ਨਾਲ ਅਬਰਾਹਾਮ ਜਾਂ ਸੱਦਿਆ ਗਿਆ ਤਾਂ ਓਸ ਥਾਂ ਜਾਣ ਦੀ ਆਗਿਆ ਮੰਨ ਲਈ**
**ਜਿਹ ਨੂੰ ਉਹ ਨੇ ਅਧਕਾਰ ਵਿਚ ਲੈਣਾ ਸੀ, ਅਤੇ ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ**
**ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ। 9ਨਿਹਚਾ ਨਾਲ ਉਹ ਵਾਇਦੇ ਵਾਲੀ ਧਰਤੀ ਵਿਚ ਜਾ**
**ਵੱਸਿਆ ਜਿਵੇਂ ਪਰਾਈ ਧਰਤੀ ਵਿਚ ਉਹ ਨੇ ਇਸਹਾਕ ਅਤੇ ਯਾਕੂਬ ਦੇ ਨਾਲ ਜਿਹੜੇ ਉਹ ਦੇ ਸੰਗ**
**ਓਸੇ ਵਾਇਦੇ ਦੇ ਅਧਕਾਰੀ ਸਨ ਤੰਬੂਆਂ ਵਿਚ ਵਾਸ ਕੀਤਾ। 10ਕਿਉਂ ਜੋ ਉਹ ਉਸ ਨਗਰ ਦੀ ਉਡੀਕ**
**ਕਰਦਾ ਸੀ ਜਿਹ ਦੀਆਂ ਨੀਹਾਂ ਹਨ ਅਤੇ ਜਿਹ ਦਾ ਕਾਰੀਗਰ ਅਤੇ ਬਣਾਉਣ ਵਾਲਾ ਪਰਮੇਸ਼ੁਰ ਹੈ।**
**11ਨਿਹਚਾ ਨਾਲ ਸਾਰਾਹ ਨੇ ਆਪ ਵੀ ਜਦੋਂ ਬੁੱਢੀ ਹੋ ਗਈ ਗਰਭਵੰਤੀ ਹੋਣ ਦੀ ਸ਼ਕਤੀ ਪਾਈ ਇਸ**
**ਲਈ ਜੋ ਉਹ ਨੇ ਵਾਇਦਾ ਕਰਨ ਵਾਲੇ ਨੂੰ ਵਫ਼ਾਦਾਰ ਜਾਣਿਆ। 12ਉਪਰੰਤ ਇਕ ਤੋਂ ਜੋ ਮੁਰਦਾ ਜਿਹਾ**
**ਸੀ ਐਨੇਕੁ ਉਤਪਤ ਹੋਏ ਜਿੰਨੇਕੁ ਬਹੁਤਾਇਤ ਕਰਕੇ ਅਕਾਸ਼ ਦੇ ਤਾਰੇ ਹਨ ਅਤੇ ਜਿੰਨੇਕੁ ਸਮੁੰਦਰ ਦੇ**
**ਕੰਢੇ ਉਤਲੀ ਰੇਤ ਦੇ ਦਾਣੇ ਜੋ ਅਣਗਿਣਤ ਹਨ।**

ਨਿਹਚਾ ਕੰਮ ਕਰਦੀ ਹੈ। 11:4–7 ਵਿਚ ਦਿੱਤੀਆਂ ਉਦਾਹਰਣਾਂ ਵਿਚ ਨਿਹਚਾ ਨੂੰ ਖ਼ੁਦਾ ਦੀ ਬੰਦਗੀ ਕਰਨ, ਖ਼ੁਦਾ ਦੇ ਨਾਲ ਚੱਲਣ ਅਤੇ ਆਉਣ ਵਾਲੀ ਵੱਡੀ ਜਲਪਰਲੋ ਨੂੰ ਧਿਆਨ ਵਿਚ ਰੱਖਦਿਆਂ ਬੇੜਾ ਬਣਾਉਣ ਵਿਚ ਵਿਖਾਇਆ ਗਿਆ। ਹੁਣ ਅਬਰਾਹਾਮ ਅਤੇ ਸਾਰਾਹ ਦੇ ਸਬੰਧ ਵਿਚ ਅਸੀਂ ਵੇਖਾਂਗੇ ਕਿ ਨਿਹਚਾ ਖ਼ੁਦਾ ਵਿਚ ਭਰੋਸਾ ਰੱਖਣਾ ਹੈ। ਅਸਲ ਵਿਚ ਵਿਲੱਖਣ ਹਾਲਾਤ ਵਿਚ ਨਿਹਚਾ ਖ਼ੁਦਾ ਦੇ ਵਾਅਦਿਆਂ ਦੇ ਪੂਰਾ ਹੋਣ ਲਈ ਉਹ ਦੇ ਮੂਹ ਵੱਲ ਵੇਖਦੀ ਹੈ।

**ਆਇਤ 8. ਨਿਹਚਾ** ਰੱਖਣ ਵਾਲੇ ਦੇ ਰੂਪ ਵਿਚ ਖ਼ਾਸ ਤੌਰ ਤੇ ਜ਼ਿਕਰ ਕਰਦਿਆਂ ਪੁਰਾਣੇ ਨੇਮ ਵਿਚ **ਅਬਰਾਹਾਮ** ਨੂੰ ਉੱਤਮ ਪੁਰਖ ਵਿਚ ਵਿਖਾਇਆ ਗਿਆ ਹੈ (ਉਤਪਤ 15:6; ਉਤਪਤ 12:1—25:11 ਵਿਚ ਉਸ ਦੀ ਕਹਾਣੀ ਦੱਸੀ ਗਈ ਹੈ)। ਉਹ ਦੀ ਨਿਹਚਾ ਦੇ ਉਸ ਨੂੰ ਧਰਮੀ ਠਹਿਰਾਉਣ ਦਾ ਮਤਲਬ ਹੈ ਕਿ ਉਸ ਨੂੰ ਧਰਮੀ ਮੰਨਿਆ ਗਿਆ।

ਅਬਰਾਹਾਮ ਦੀ ਨਿਹਚਾ ਐਨੀ ਅਹਿਮ ਸੀ ਕਿ ਇਸ ਵਿਸ਼ੇ ਦੀਆਂ ਨਵੇਂ ਨੇਮ ਦੀਆਂ ਚਰਚਾਵਾਂ ਵਿਚ ਬਾਰ ਬਾਰ ਉਸ ਦਾ ਨਾਂਅ ਦਿੱਤਾ ਗਿਆ (ਵੇਖੋ ਰੋਮੀਆਂ 4:9–25; ਗਲਾਤੀਆਂ 3:7–14; ਯਾਕੂਬ 2:21–23)। ਉਹ ਪਾਪ ਰਹਿਤ ਸਿੱਧ ਨਹੀਂ ਸੀ ਪਰ ਉਹ ਦੀ ਜ਼ਿੰਦਗੀ ਨਿਹਚਾ ਨਾਲ ਭਰੀ ਸੀ। ਜਿਵੇਂ ਇਬਰਾਨੀਆਂ ਦੀ ਕਿਤਾਬ ਦੇ ਇਨ੍ਹਾਂ ਪਾਠਕਾਂ ਨੇ ਯਹੂਦੀਵਾਦ ਨੂੰ ਛੱਡਣਾ ਸੀ ਅਤੇ ਬਾਅਦ ਵਿਚ ਉਨ੍ਹਾਂ ਨੂੰ ਯਹੂਦੀਵਾਦ ਦੇ ''ਡੇਰੇ'' ਨੂੰ ਛੱਡ ਦੇਣ ਲਈ ਕਿਹਾ **ਗਿਆ** ਸੀ (13:13), ਉਵੇਂ ਹੀ ਉਸ ਨੂੰ ''ਛੱਡ ਦੇਣ'' ਲਈ **ਸੱਦਿਆ ਗਿਆ।** ਅਨੁਵਾਦ ਹੋਏ ਕ੍ਰਿਰਿਆ ਸ਼ਬਦ ਦਾ ਵਰਤਮਾਨ ਕ੍ਰਿਦੰਤ ਵਿਚ ''ਨਿੱਕਲ ਤੁਰਿਆ'' (*exerchomai*) ਇਹ ਸੰਕੇਤ ਦਿੰਦਾ ਹੈ ਕਿ ਸੱਦੇ ਜਾਣ ਤੇ ਉਹ ਨਿੱਕਲ ਤੁਰਿਆ। ਬੀ. ਐਫ਼. ਵੈਸਟਕੌਟ ਨੇ ਲਿਖਿਆ ਹੈ, ''ਉਸ ਨੇ ਬੁਲਾਹਟ ਨੂੰ ਮੰਨ ਲਿਆ, ਜਦ ਕਿ ... ਉਹਦੀ ਅਵਾਜ਼ ਅਜੇ ਉਹ ਦੇ ਕੰਨਾਂ ਵਿਚ ਹੀ ਸੀ।''[34] ਇਨ੍ਹਾਂ ਆਇਤਾਂ ਵਿਚ ਮੁੱਖ ਕਿਰਿਆ ''ਆਗਿਆ ਮੰਨ ਲਈ'' ਹੈ। ਹੋਰ ਕੋਈ ਵੀ ਕੰਮ ਮੁੱਖ ਕਿਰਿਆ ਨਾਲੋਂ ਘੱਟ ਹੈ, ਇਸ ਕਰਕੇ ਉਹ ਦਾ ਆਗਿਆ ਮੰਨਣਾ ਮੁੱਖ ਗੱਲ ਹੈ।

ਇਹ ਪੁਰਖਾ ਨਿੱਕਲ ਤੁਰਿਆ ਭਾਵੇਂ **ਉਹ ਨਹੀਂ ਜਾਣਦਾ ਸੀ ਭਈ ਮੈਂ ਕਿਧਰ ਨੂੰ ਲਗਾ ਜਾਂਦਾ ਹਾਂ,** ਜੋ ਕਈ ਵਾਰ ਪਰੇਸ਼ਾਨ ਕਰਨ ਵਾਲਾ ਅਤੇ ਖੌਫ਼ਨਾਕ ਰਿਹਾ ਹੋਵੇਗਾ। ਖ਼ੁਦਾ ਵੱਲੋਂ ਉਸ ਨੂੰ ਹਾਰਾਨ ਵਿਚ ਸੱਦੇ ਜਾਣ ਵੇਲੇ ਉਸ ਨੂੰ ਭਵਿੱਖ ਦੇ **ਅਧਿਕਾਰ** ਬਾਰੇ ਸਾਫ਼ ਨਹੀਂ ਦੱਸਿਆ ਗਿਆ। ਉਹ ਦੀ ਨਿਹਚਾ ਉਹਦੀ ਜ਼ਿੰਦਗੀ ਉੱਤੇ ਹਾਵੀ ਸੀ। ਉਸ ਨੇ ਅਜਿਹੀਆਂ ਖ਼ਾਸ ਹਦਾਇਤਾਂ ਦੇ ਬਗੈਰ ਹੁਕਮ ਮੰਨਿਆ, ਜਿਹੜੀਆਂ ਨੂਹ ਨੂੰ ਦਿੱਤੀਆਂ ਗਈਆਂ ਸਨ। ਸ਼ਾਇਦ ਇਹੀ ਕਾਰਣ ਹੈ ਕਿ ਨੂਹ ਨੂੰ ਨਹੀਂ ਬਲਕਿ ਅਬਰਾਹਾਮ ਨੂੰ ''ਵਿਸ਼ਵਾਸੀਆਂ ਦਾ ਪਿਤਾ'' ਆਖਿਆ ਜਾਂਦਾ ਹੈ।

**ਆਇਤਾਂ 9, 10.** ਅਬਰਾਹਾਮ ਇਕ ਮੁਸਾਫ਼ਰ ਭਾਵ ਇਕ ਧਾਰਮਿਕ ਖਾਨਾਬਦੋਸ਼ ਦੇ ਰੂਪ ਵਿਚ ਰਿਹਾ ਜਿਹਦਾ ਕੋਈ ਆਪਣਾ ਪੱਕਾ ਟਿਕਾਣਾ ਨਹੀਂ ਸੀ। ਆਪਣੀ ਬਾਕੀ ਦੀ ਜ਼ਿੰਦਗੀ ਵਿਚ ਉਹ **ਵਾਇਦੇ ਵਾਲੀ ਧਰਤੀ ਵਿਚ ਜਾ ਵੱਸਿਆ ਜਿਵੇਂ ਪਰਾਈ ਧਰਤੀ ਵਿਚ ਵੱਸਿਆ** (ਰਸੂਲਾਂ ਦੇ ਕੰਮ 7:2–5)।[35] ''ਪਰਾਈ ਧਰਤੀ ਵਿਚ'' ਸ਼ਬਦ (*paroikeō*) ਜਿਸ ਤੋਂ ਭਾਵ ਦੇ ''ਦੇ ਕੋਲ ਰਹਿਣਾਂ'' ਹੈ, ''ਗੈਰ–ਮੁਲਕੀ ਬਾਸ਼ਿੰਦਾ'' ਦਾ ਵਿਚਾਰ ਦਿੰਦਾ ਹੈ।[36] ਅਜਿਹੇ ਲੋਕਾਂ ਨੂੰ ਆਮ ਤੌਰ ਤੇ ਸਥਾਨਕ ਹਾਕਮਾਂ ਦੀ ਸਨਕ ਤੇ ਮਜ਼ਾਕ ਕੀਤੇ ਜਾਣ ਅਤੇ ਕੱਢੇ ਜਾਣ ਦਾ ਡਰ ਰਹਿੰਦਾ ਹੈ। ਪਹਿਲੀ ਸਦੀ ਵਿਚ ਸ਼ਹਿਰ ਵਿਚ ਬੇਹਤਰ ਜ਼ਿੰਦਗੀ ਪਾਉਣ ਲਈ ਰੋਮ ਵਿਚ ਜਿਸ ਨੂੰ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਸ਼ਹਿਰ ਮੰਨਿਆ ਜਾਂਦਾ ਸੀ, ਬਹੁਤ ਸਾਰੇ ਗੈਰ ਮੁਲਕੀ ਲੋਕ ਆਉਂਦੇ ਸਨ। ਅਬਰਾਹਾਮ ਅਤੇ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੂੰ ਬੇਹਤਰ ਦੁਨੀਆਂ ਦਾ ਪਤਾ ਸੀ।

ਰਸੂਲਾਂ ਦੇ ਕੰਮ 7:2 ਵਿਚ ਭਾਵੇਂ ਗੱਲ ਇਸੇ ਦੀ ਹੈ ਪਰ ਅਬਰਾਹਾਮ ਨੂੰ ਦਿੱਤਾ ਗਿਆ ਮੂਲ ਸੱਦਾ ਉਤਪਤ ਦੀ ਕਿਤਾਬ ਵਿਚ ਨਹੀਂ ਹੈ। ਉਤਪਤ 12:1–3 ਵਿਚ ਉਸ ਨੂੰ ਦਿੱਤਾ ਗਿਆ ਦੂਜਾ ਸੱਦਾ ਮਿਲਦਾ ਹੈ।[37] ਉਸ ਦੇ ਸੱਦੇ ਵਿਚ ਉਹ ਵਾਅਦਾ ਵੀ ਸੀ ਜਿਹੜਾ ਇਸਹਾਕ ਅਤੇ ਯਾਕੂਬ ਨੂੰ ਮਿਲਿਆ ਸੀ (ਆਇਤ 9)।

ਵਾਅਦਾ ਸਿਰਫ਼ ਦੇਸ਼ ਦਾ ਹੀ ਨਹੀਂ ਬਲਕਿ ਵਾਅਦਾ ਕੀਤੀ ਹੋਈ ਸੰਤਾਨ ਯਿਸੂ ਮਸੀਹ ਦਾ ਅਤੇ ਉਨ੍ਹਾਂ ਸਭ ਬਰਕਤਾਂ ਦਾ ਵੀ ਸੀ ਜਿਹੜੀਆਂ ਉਸ ਨੇ ਸੰਭਾਲ ਰੱਖੀਆਂ ਸਨ (ਗਲਾਤੀਆਂ 3:16)। ਅਬਰਾਹਾਮ **ਤੰਬੂਆਂ** ਵਿਚ (ਜਾਂ ''ਡੇਰਿਆਂ''; ਆਇਤ 9) ਵਿਚ ਰਹਿਣ ਨੂੰ ਤਿਆਰ ਸੀ, ਕਿਉਂ ਜੋ ਉਹ ਇਕ ਸੁਰਗੀ **ਨਗਰ ਦੀ ਉਡੀਕ ਕਰਦਾ** (*ekdechomai*) ਸੀ, ਜੋ ਕਿ ਵਾਅਦੇ ਵਿਚ ਆਉਂਦਾ ਸੀ (ਆਇਤ 10)। ਯੂਨਾਨੀ ਸ਼ਬਦ ਦਾ ਅਰਥ ਹੈ ਕਿ ਉਹ ਉਡੀਕ ਕਰਦਾ ਰਿਹਾ। ਉਹ ਦੀ ਨਿਹਚਾ ਦਾ ਟਿਕਿਆ ਰਹਿਣਾ ਨਜ਼ਰ ਆਉਂਦਾ ਹੈ। ਉਹ ਦੀ ਜ਼ਿੰਦਗੀ ''ਅਣਡਿੱਠ ਵਸਤਾਂ'' ਵਿਚ ਯਕੀਨ ਕਰਨ ਦੇ ਰੂਪ ਵਿਚ ਵਿਸ਼ਵਾਸੀ ਹੋਣ ਨੂੰ ਵਿਖਾਉਂਦੀ ਹੈ (ਆਇਤ 1)। ਉਹ ਦੀ ਨਿਹਚਾ ਬੇਮਿਸਾਲ ਸੀ। ਕਿਸੇ ਅਣਜਾਣ ਗੱਲ ਵੱਲ ਵੱਧਦੇ ਰਹਿਣ ਲਈ ਆਪਣੇ ਘਰ ਅਤੇ ਸੁਰੱਖਿਆ ਨੂੰ ਛੱਡ ਦੇਣਾ ਕਿੰਨਾਂ ਔਖਾ ਸੀ! ਭਾਵੇਂ ਇਹ ਦਾ ਕੋਈ ਲਿਖਤ ਰਿਕਾਰਡ ਨਹੀਂ ਹੈ ਪਰ ਖ਼ੁਦਾ ਨੇ ਪੁਰਖਿਆਂ ਨੂੰ ਸੁਰਗ ਦੀ ਕੁਝ ਜਾਣਕਾਰੀ ਜ਼ਰੂਰ ਦਿੱਤੀ ਹੋਵੇਗੀ। ''ਨੀਂਹ'' ਦਾ ਵਿਚਾਰ ਇਹ ਸੁਝਾਅ ਦਿੰਦਾ ਹੈ ਕਿ ਇਹ ਹਮੇਸ਼ਾ ਤਕ ਰਹਿਣ ਵਾਲਾ ਨਗ਼ਰ ਹੋਣਾ ਸੀ ਜਿਸ ਨੂੰ ਪਰਲੋ ਨਾਲ ਵਹਾਇਆ ਨਹੀਂ ਜਾ ਸਕਦਾ ਸੀ ਜਾਂ ਮਨੁੱਖਾਂ ਦੀਆਂ ਕੰਧਾਂ ਢਾਉਣ ਵਾਲੀਆਂ ਮਸ਼ੀਨਾਂ ਨਾਲ ਡੇਗਿਆ ਨਹੀਂ ਜਾ ਸਕਦਾ ਸੀ।

ਖ਼ੁਦਾ ਵਿਚ ਮੁੱਢਲੇ ਵਿਸ਼ਵਾਸੀਆਂ ਨੇ ਹਨੋਕ ਦੇ ਸੁਰਗ ਵਿਚ ਉਠਾ ਲਏ ਜਾਣ ਦੀ ਕਲਪਨਾ ਕੀਤੀ ਹੋਵੇਗੀ ਕਿ ਇਕ ਬੇਹਤਰ ਜ਼ਿੰਦਗੀ ਉਨ੍ਹਾਂ ਦੀ ਉਡੀਕ ਕਰ ਰਹੀ ਹੈ। ਉਹ ਆਪਣੇ ਨਾਲੋਂ ਅੱਗੇ ਜਾਣ ਵਾਲਿਆਂ ਤੋਂ ਸਿੱਖ ਸਕਦੇ ਸਨ, ਜਿਵੇਂ ਕਿ ਅਸੀਂ ਵੀ ਸਿੱਖ ਸਕਦੇ ਹਾਂ। ''ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ'' (ਰੋਮੀਆਂ 15:4)। ਉਨ੍ਹਾਂ ਦੀ ਜ਼ਿਆਦਾਤਰ ਸਿੱਖਿਆ ਕਈ ਰੀਤਾਂ ਸਨ ਜਿਨ੍ਹਾਂ ਬਾਰੇ ਥੋੜ੍ਹਾ ਜਾਂ ਬਿਲਕੁਲ ਨਹੀਂ ਦੱਸਿਆ ਗਿਆ (ਜਿਵੇਂ ਕੁਰਬਾਨੀ, ਦਸਵੰਧ ਅਤੇ ਪੁਰਖਿਆਂ ਦੀ ਯਾਜਕਾਈ)।

ਕਿਸੇ ਤਰ੍ਹਾਂ **ਪਰਮੇਸ਼ੁਰ** ਦੇ ਮੰਨਣ ਵਾਲਿਆਂ ਨੂੰ ਇਕ ਵੱਡੇ, ਭਾਵ ਪੱਕੇ ਰਹਿਣ ਵਾਲੇ ਨਗਰ ਦੇ **ਕਾਰੀਗਰ ਅਤੇ ਬਣਾਉਣ ਵਾਲੇ** ਦਾ ਪਤਾ ਹੈ। ਇਹ ਉਹੀ ਨਗਰ ਸੀ ਜਿਹਦੀ ਉਡੀਕ ਅਬਰਾਹਾਮ ਕਰਦਾ ਸੀ। ਉਹ ਦਾ ਕੋਈ ਧਰਤੀ ਉਤਲਾ ਨਗਰ ਨਹੀਂ ਸੀ। ਹੇਬਰੋਨ ਦੇ ਨੇੜੇ ਮਕਫੇਲਾਹ ਦਾ ਖੇਤ ਖਰੀਦਣ ਤੋਂ ਪਹਿਲਾਂ ਅਬਰਾਹਾਮ ਕੋਲ ਕੋਈ ਜ਼ਮੀਨ ਨਹੀਂ ਸੀ ਕਿਉਂਕਿ ਕਬਰਸਤਾਨ ਨੂੰ ਜਾਇਦਾਦ ਨਹੀਂ ਮੰਨਿਆ ਜਾਂਦਾ (ਵੇਖੋ ਉਤਪਤ 23:6)। ਇਸਤੀਫ਼ਾਨ ਨੇ ਆਖਿਆ ਕਿ ਅਬਰਾਹਾਮ ਕੋਲ ''ਪੈਰ ਰੱਖਣ ਦੀ ਵੀ ਥਾਂ ਨਾ'' ਸੀ (ਰਸੂਲਾਂ ਦੇ ਕੰਮ 7:5)।

ਅਬਰਾਹਾਮ ਵਾਂਗ ਹੀ ਸਾਡਾ ਵਿਸ਼ਵਾਸ ਉਸ ਖ਼ੁਦਾ ਉੱਤੇ ਹੈ ਜਿਹਨੇ ਨਿਹਚਾਵਾਨਾਂ ਲਈ ਸੁਰਗ ਨੂੰ ਤਿਆਰ ਕਰਕੇ ਬਣਾਇਆ ਸੀ (ਆਇਤ 10)। ਇਲਾਹੀ ''ਕਾਰੀਗਰ'' (*technitēs*) ਜਾਂ ''ਬਣਾਉਣ ਵਾਲਾ'' ਸੰਸਾਰ ਦਾ ਮੂਲ ''ਤਕਨੀਕੀ ਮਾਹਰ'' ਹੈ; ਭਾਵ ਸਾਡਾ ਖ਼ੁਦਾ ਕਾਰੀਗਰਾਂ ਦਾ ਕਾਰੀਗਰ ਹੈ। ਸੰਸਾਰ ਦੀ ਨੀਂਹ ਰੱਖਣ ਦੇ ਸਮੇਂ ਤੋਂ ਸਾਡੇ ਅਬਦੀ ਨਿਵਾਸ ਦੀ ਗੱਲ ਕੀਤੀ ਗਈ ਹੈ (ਮੱਤੀ 25:34)। ਯਿਸੂ ਹੁਣ ਤਿਆਰ ਲੋਕਾਂ ਲਈ ਤਿਆਰ ਕੀਤੀ ਗਈ ਥਾਂ ਦੀ ਆਖ਼ਰੀ ਤਿਆਰੀ ਕਰ ਰਿਹਾ ਹੈ (ਯੂਹੰਨਾ 14:1–3)।

ਖ਼ੁਦਾ ਵਿਚ ਨਿਹਚਾ ਰੱਖਣ ਅਤੇ ਸੁਰਗੀ ਨਗਰ ਨੂੰ ਜਾਣਨ ਨਾਲ ਅਬਰਾਹਾਮ ਨੂੰ ਅੱਗੇ ਵੱਧਣ ਦੀ ਦਲੇਰੀ ਮਿਲੀ (ਆਇਤ 10)। ਉਸ ਦੀ ਉਮੀਦ ਭਾਵੇਂ ਜੋ ਵੀ ਰਹੀ ਹੋਵੇ, ''ਉਸ ਦੀ ਤੜਪ ਅਤੇ ਆਸ ਉਦੋਂ ਤਕ ਪੂਰੀ ਨਹੀਂ ਹੋਣੀ ਸੀ ਜਦ ਤਕ ਉਸ ਨੇ ਉਤਾਹਾਂ ਦੇ ਸੁਰਗੀ ਨਗਰ ਵਿਚ ਪਰਵੇਸ਼ ਨਹੀਂ ਕਰਨਾ ਸੀ।''[38] ਉਹਦਾ ਅਸਲ ਮਕਸਦ ਅਬਦੀ ਨਗਰ ਸੀ, ਜਿਵੇਂ ਕਿ ਸਾਡਾ ਵੀ ਹੋਣਾ ਚਾਹੀਦਾ ਹੈ। ਸੁਰਗੀ ਦੇਸ਼ ਵਿਚ ਉਹ ਦੇ ਧਿਆਨ ਨੇ ਉਸ ਨੂੰ ਕੁਝ ਵੀ ਜ਼ਮੀਨ ਨਾ ਹੋਣ ਦੇ ਬਾਵਜੂਦ ਆਪਣੀ ਜ਼ਿੰਦਗੀ ਵਿਚ ਸਬਰ ਨਾਲ ਚਲਦੇ ਰਹਿਣ ਦੇ ਯੋਗ ਬਣਾਇਆ, ਜਿਸ ਨਾਲ ਉਹ ਇਕ ਸੌ ਦੇ ਕਰੀਬ ਸਾਲ ਤਕ ਵਾਅਦੇ ਦੀ ਧਰਤੀ ਤੇ ਰਹਿ ਸਕਿਆ।[39]

ਇਸ ਪਾਠ ਵਿਚ ਲੇਖਕ ਨੇ ਅਬਰਾਹਾਮ ਅਤੇ ਹੋਰ ਸਭਨਾਂ ਨੂੰ ਜਿਹੜੇ ਬਹੁਤ ਪਹਿਲਾਂ ਹੋਏ, ਅਸਲ ਲੋਕਾਂ ਦੇ ਰੂਪ ਵਿਚ ਪਛਾਣਿਆ। ਐਫ਼. ਐਫ਼. ਬਰੂਸ ਨੇ ਟਿੱਪਣੀ ਕੀਤੀ ਹੈ, ... ਸਾਡਾ ਅਬਰਾਹਾਮ ਇਸ ਤਾਲਿਕਾ ਵਿਚ ਦਿੱਤੇ ਹੋਰ ਸਭ ਲੋਕਾਂ ਨਾਲ ਅਸਲ ਇਤਿਹਾਸਕ ਪਾਤਰਾਂ ਦੇ ਰੂਪ ਵਿਚ ਵਿਹਾਰ ਕਰਕੇ ਸੰਤੁਸ਼ਟ ਹੈ ਜਿਨ੍ਹਾਂ ਦੇ ਅਨੁਭਵ ਤੋਂ ਅਗਲੀਆਂ ਪੀੜ੍ਹੀਆਂ ਸਿੱਖ ਸਕਦੀਆਂ ਹਨ।[40] ਇਹ ਸਭ ਰੂਹਾਂ ਅੱਜ ਵੀ ਜ਼ਿੰਦਾ ਹਨ ਅਤੇ ''[ਪਰਮੇਸ਼ੁਰ] ਲਈ ਜੀਉਂਦੀਆਂ'' ਹਨ (ਲੂਕਾ 20:38; ਵੇਖੋ ਮੱਤੀ 22:32; ਮਰਕੁਸ 12:27)। ਪੁਰਾਤੱਤਵ ਸ਼ਾਸਤਰੀ ਅਤੇ ਇਤਿਹਾਸਕਾਰ ਜਿਹੜੇ ਉਤਪਤ ਦੀ ਕਿਤਾਬ ਵਾਲੇ ਪੁਰਖਿਆਂ ਦੇ ਕਾਲ ਨੂੰ ''ਮਿਥਹਾਸ'' ਜਾਂ ਮਨਘੜੰਤ ਮੰਨਦੇ ਹਨ, ਯਿਸੂ ਅਤੇ ਨਵੇਂ ਨੇਮ ਵਿਚ ਨਿਹਚਾ ਕਰਨ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

**ਆਇਤਾਂ 11, 12.** ਪਹਿਲਾਂ **ਸਾਰਾਹ** ਨੂੰ ਬੱਚੇ ਦੇ ਫ਼ਰਿਸ਼ਤੇ ਦੇ ਵਾਅਦੇ ਤੇ ਸ਼ੱਕ ਸੀ, ਸ਼ਾਇਦ ਉਸ ਨੂੰ ਪਤਾ ਵੀ ਨਹੀਂ ਸੀ ਕਿ ਬੋਲਣ ਵਾਲਾ ਵਿਅਕਤੀ ਫ਼ਰਿਸ਼ਤਾ ਹੈ (ਉਤਪਤ 18:9–15)। ਅਨੁਵਾਦ ਦੀਆਂ ਮੁਸ਼ਕਿਲਾਂ ਸਾਰਾਹ ਦੀ ਨਿਹਚਾ ਦੇ ਨਾਲ ਸਬੰਧਿਤ ਹਨ, ਕਿਉਂ ਜੋ ਪੁਰਾਣੇ ਨੇਮ ਵਿਚ ਉਹ ਦੀ ਨਿਹਚਾ ਦਾ ਕੋਈ ਜ਼ਿਕਰ ਨਹੀਂ ਹੈ। ਇਕ ਹੱਲ ਇਸ ਆਇਤ ਦਾ ਅਰਥ ਇਹ ਲੈਣਾ ਹੈ ਕਿ ''ਉਸ [ਅਬਰਾਹਾਮ] ਨੇ ਵੀ ਸਾਰਾਹ ਨਾਲ ਉੱਥੇ ਨਿਹਚਾ ਨਾਲ ਬੱਚੇ ਨੂੰ ਜਨਮ ਦੇਣ ਦੀ ਸ਼ਕਤੀ ਪਾਈ ਜਦ ਕਿ ਉਹ ਦੀ ਉਮਰ ਨਿੱਕਲ ਚੁੱਕੀ ਸੀ, ਕਿਉਂ ਜੋ ਉਸ ਨੇ ਉਸ ਨੂੰ ਵਫ਼ਾਦਾਰ ਮੰਨਿਆ ਜਿਹਨੇ ਵਾਅਦਾ ਕੀਤਾ ਸੀ।''[41] ਸਾਰਾਹ ਆਪੇ ਵਿਚ ਹੱਸੀ ਅਤੇ ਬਾਅਦ ਵਿਚ ਮੁੱਕਰ ਗਈ ਕਿ ਉਹ ਹੱਸੀ ਸੀ। ਉਹ ਨੂੰ ਹੱਸਣ ਲਈ ਝਾੜ ਲਾਈ ਗਈ ਜਦ ਕਿ ਅਬਰਾਹਾਮ ਦੇ ਹੱਸਣ ਲਈ ਕੋਈ ਝਾੜ ਨਹੀਂ ਸੀ। (ਉਤਪਤ 17:17; 18:12–15)। ਅਬਰਾਹਾਮ ਦਾ ਹੱਸਣਾ ਨਿਹਚਾ ਦਾ ਦੱਬਿਆ ਹੋਇਆ ਹਾਸਾ ਹੋਵੇਗਾ। ਅਬਰਾਹਾਮ ਦੀ ਨਿਹਚਾ ਸਾਲ ਦਰ ਸਾਲ ਸਾਰਾਹ ਦੀ ਨਿਹਚਾ

ਬਣਦੀ ਗਈ ਅਤੇ ਇਸ ਕਰਕੇ ਉਸ ਨੇ **ਗਰਭਵਤੀ ਹੋਣ ਦੀ ਸ਼ਕਤੀ ਪਾਈ।** ਜਦ ਬਾਲਕ ਇਸਹਾਕ ਦਾ ਜਨਮ ਹੋ ਗਿਆ ਤਾਂ ਉਸ ਨੇ ਐਲਾਨ ਕੀਤਾ ਕਿ ਖ਼ੁਦਾ ਨੇ ਮੈਨੂੰ ਹਸਾਇਆਂ ਸੀ (ਉਤਪਤ 21:6) । ਉਹ ਦੀ ਗੱਲ ਤੋਂ ਪਤਾ ਲੱਗ ਗਿਆ ਕਿ ਖ਼ੁਦਾ ਵਿਚ ਉਸ ਦਾ ਪੂਰਾ ਵਿਸ਼ਵਾਸ ਸੀ ਜੋ ਕਿ ਬੱਚੇ ਦੇ ਜਨਮ ਨਾਲ ਪੱਕਾ ਹੋ ਗਿਆ।

ਅਨੋਖੀ ਗੱਲ ਇਹ ਹੈ ਕਿ ਇਸਹਾਕ ਦੇ ਜਨਮ ਵੇਲੇ ਸਾਰਾਹ ਦੀ ਉਮਰ ਨੱਬੇ ਦੇ ਕਰੀਬ ਸੀ (ਉਤਪਤ 17:17)। ਰੋਮੀਆਂ 4:18–21 ਵਿਚ ਪੌਲੁਸ ਨੇ ਇਸ ਘਟਨਾ ਦੀ ਗੱਲ ਕੀਤੀ। ਜਿੱਥੋਂ ਤਕ ਅਬਰਾਹਾਮ ਦੇ ਪਿਤਾ ਬਣਨ ਦੀ ਗੱਲ ਤੇ, ਉਹ ਦਾ ਸਰੀਰ **ਮੁਰਦਾ ਜਿਹਾ ਸੀ** (ਆਇਤ 12; ਰੋਮੀਆਂ 4:19)। ਮਨੁੱਖੀ ਨਜ਼ਰੀਏ ਤੋਂ ਅਬਰਾਹਾਮ ਲਈ ਕਿਸੇ ਪੁੱਤਰ ਦਾ ਪਿਤਾ ਬਣਨ ਦੀ ਉਹੀ ਸੰਭਾਵਨਾ ਸੀ ਜਿਹੜੀ ਕਿਸੇ ਮੁਰਦੇ ਤੋਂ ਹੁੰਦੀ ਹੈ।[42] ਤਾਂ ਵੀ ਅਬਰਾਹਾਮ ਤੋਂ **ਐਨੇਕੁ ਉਤਪਨ ਹੋਏ ਜਿੰਨੇਕੁ ਬਹੁਤਾਇਤ ਕਰਕੇ ਅਕਾਸ਼ ਦੇ ਤਾਰੇ ਹਨ** (ਉਤਪਤ 22:17)।

ਮਸ਼ਹੂਰ ਹੱਬਲ ਦੂਰਬੀਨ ਅਤੇ ਹੋਰਨਾਂ ਰੰਗਾਂ ਤੋਂ ਬਾਹਰੀ ਖਲਾਅ ਬਾਰੇ ਬਹੁਤ ਕੁਝ ਪਤਾ ਲਗਦਾ ਹੈ, ਅਤੇ ਹੁਣ ਪਹਿਲੇ ਨਾਲੋਂ ਸਾਨੂੰ ਕਿਤੇ ਵੱਧ ਸਮਝ ਹੈ ਕਿ ਤਾਰੇ ਬੇਸ਼ੁਮਾਰ ਹਨ (ਆਇਤ 12)। ਜਿਹੜਾ ਸਬੂਤ ਸਾਡੇ ਕੋਲ ਹੈ ਉਹ ਉਨ੍ਹਾਂ ਦੇ ਲੱਖਾਂ ਕਰੋੜਾਂ ਵਿਚ ਹੋਣ ਵੱਲ ਇਸ਼ਾਰਾ ਕਰਦਾ ਹੈ। ਪੁਰਾਣੇ ਜ਼ਮਾਨੇ ਦੇ ਯੂਨਾਨੀ ਲੋਕ ਉਨ੍ਹਾਂ ਦੀ ਗਿਣਤੀ ਤਿੰਨ ਹਜ਼ਾਰ ਦੇ ਕਰੀਬ ਮੰਨਦੇ ਸਨ। ''ਅਬਰਾਹਾਮ ਦੀ ਅੰਸ਼'' ਦੇ ਰੂਪ ਵਿਚ ਕਿੰਨੇ ਲੋਕ ਪੈਦਾ ਹੋਏ ਹਨ? ਅਰਬੀਆਂ ਅਤੇ ਇਸਰਾਏਲੀਆਂ ਦੀ ਬਹੁਤਾਇਤ ਅੱਜ ਵੀ ਪੈਦਾ ਹੋ ਰਹੀ ਹੈ, ਜੋ ਕਿ ਅਬਰਾਹਾਮ ਨਾਲ ਕੀਤੇ ਗਏ ਖ਼ੁਦਾ ਦੇ ਵਾਅਦੇ ਦਾ ਪੂਰਾ ਹੋਣਾ ਸੀ। ਬੇਸ਼ੱਕ ਇਹ ਵਾਅਦਾ ਸਭ ਮਸੀਹੀ ਲੋਕਾਂ ਸਣੇ ਰੂਹਾਨੀ ਸੰਤਾਨ ਦੀ ਵੱਡੀ ਜਮਾਤ ਵਿਚ ਵੀ ਪੂਰਾ ਹੋਇਆ ਹੈ (ਗਲਾਤੀਆਂ 3:26–29)।

## ਉਹ ਨਿਹਚਾਵਾਨ ਸਨ, ਭਾਵੇਂ ਉਨ੍ਹਾਂ ਨੂੰ ਖ਼ੁਦਾ ਦਾ ਵਾਅਦਾ ਪ੍ਰਾਪਤ ਨਹੀਂ ਹੋਇਆ (11:13-16)

**13ਏਹ ਸੱਭੋ ਨਿਹਚਾ ਵਿਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਵਚਨ ਪਰਾਪਤ ਨਾ ਹੋਏ ਪਰ ਓਹ ਦੂਰੋਂ ਉਨ੍ਹਾਂ ਨੂੰ ਵਖੇ ਕੇ ਜੀ ਆਇਆਂ ਨੂੰ ਆਖਿਆ ਅਤੇ ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ। 14ਕਿਉਂਕਿ ਜਿਹੜੇ ਅਜੇਹੀਆਂ ਗੱਲਾਂ ਆਖਦੇ ਹਨ ਓਹ ਪਰਗਟ ਕਰਦੇ ਹਨ ਭਈ ਅਸੀਂ ਆਪਣੇ ਵਤਨ ਨੂੰ ਭਾਲਦੇ ਹਾਂ। 15ਅਤੇ ਜੇ ਉਸ ਦੇਸ ਨੂੰ ਜਿਸ ਤੋਂ ਨਿੱਕਲ ਆਏ ਸਨ ਚੇਤੇ ਰੱਖਦੇ ਤਾਂ ਉਨ੍ਹਾਂ ਨੂੰ ਮੁੜ ਜਾਣ ਦਾ ਵੇਲਾ ਹੁੰਦਾ। 16ਪਰ ਓਹ ਉਸ ਤੋਂ ਉੱਤਮ ਅਰਥਾਤ ਸੁਰਗੀ ਦੇਸ਼ ਨੂੰ ਲੋਚਦੇ ਹਨ ਇਸ ਕਾਰਣ ਪਰਮੇਸ਼ੁਰ ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ ਜੋ ਉਨ੍ਹਾਂ ਦਾ ਪਰਮੇਸ਼ੁਰ ਕਹਾਵੇ ਕਿਉਂ ਜੋ ਉਹ ਨੇ ਉਨ੍ਹਾਂ ਲਈ ਇਕ ਨਗਰੀ ਤਿਆਰ ਕਰ ਛੱਡੀ ਹੈ।**

ਆਇਤਾਂ 13 ਤੋਂ 16 ਵਿਚ ਉਸ ਵਿਅਕਤੀ ਦੇ ਗੁਣਾਂ ਨੂੰ ਵਿਖਾਉਣ ਲਈ ਜਿਹਡਾ ਸਚਮੁਚ ਨਿਹਚਾ ਨਾਲ ਚੱਲਦਾ ਹੈ, ਇਕ ਤਸਵੀਰ ਦਿੱਤੀ ਗਈ ਹੈ। ਇਹ ਚੱਲਣਾ ਜੀਵਨ ਸ਼ੈਲੀ ਦੇ ਸਮਰਪਣ ਨਾਲੋਂ ਵੱਧ ਕੇ ਹੈ। ਭਾਵ ਇਹ ਜੀਣ ਦਾ ਉਹ ਢੰਗ ਹੈ ਜਿਹੜਾ ਨਿਹਚਾ ਨਾਲ ਚੱਲਣ ਕਰਕੇ ਅਖ਼ੀਰ ਤਕ ਕਾਇਮ ਰਹਿਣ ਨਾਲ ਹੁੰਦਾ ਹੈ।

**ਆਇਤ 13.** ਇਸ ਪ੍ਰਸੰਗ ਵਿਚ ਦੱਸੇ ਗਏ ਲੋਕ **ਨਿਹਚਾ ਵਿਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਵਚਨ ਪਰਾਪਤ ਨਾ ਹੋਏ**, ਇਹ ਆਇਤ ਸਾਫ਼ ਕਰਦੀ ਹੈ ਕਿ ਉਹ ''ਨਿਹਚਾ ਵਿਚ *[kata*, ਭਾਵ ਨਾਲ ਮੇਲ ਖਾਂਦੇ*]*,'' ਜੋ ਕਿ ''ਨਿਹਚਾ ਨਾਲ'' ਤੋਂ ਫ਼ਰਕ ਹੈ। ਉਨ੍ਹਾਂ ਨੂੰ ਖ਼ੁਦਾ ਦੇ ਵਾਅਦੇ

ਪ੍ਰਾਪਤ ਨਹੀਂ ਹੋਏ, ਪਰ ਉਹ ਸਭ ''ਨਿਹਚਾ ਵਿਚ'' ਮਰਨ ਵੇਲੇ ''ਨਿਹਚਾ ਨਾਲ'' ਚੱਲ ਰਹੇ ਸਨ।[43]

ਆਇਤਾਂ 4 ਤੋਂ 11 ਵਿਚ ਦੱਸੇ ਭਗਤ ਲੋਕਾਂ ਨੂੰ ਹੋਰਨਾਂ ਲੋਕਾਂ ਨਾਲ ਮਿਲਾਇਆ ਗਿਆ ਹੈ ਜਿਨ੍ਹਾਂ ਵਾਅਦਿਆਂ ਨੂੰ **ਦੂਰੋਂ ਵੇਖ ਕੇ ਜੀ ਆਇਆਂ ਨੂੰ ਆਖਿਆ** ਅਤੇ ਅਖ਼ੀਰ ਤਕ ਨਿਹਚਾ ਵਿਚ ਕਾਇਮ ਰਹੇ। ਇਹ ਵੇਖਣਾ ਸਰੀਰਕ ਨਹੀਂ ਹੋ ਸਕਦਾ ਸੀ ਬਲਕਿ ਇਸ ਤੋਂ ਭਾਵ ਇਹ ਹੈ ਕਿ ਵਾਅਦਿਆਂ ਵਿਚ ਉਨ੍ਹਾਂ ਦੀ ਨਿਹਚਾ ਐਨੀ ਪੱਕੀ ਸੀ ਕਿ ਉਨ੍ਹਾਂ ਲਈ ਸੁਰਗ ਇਕ ਹਕੀਕਤ ਬਣ ਗਿਆ ਸੀ। ਯੂਹੰਨਾ 8:56 ਵਿਚ ਯਿਸੂ ਦੀ ਗੱਲ ਤੇ ਧਿਆਨ ਦਿਓ: ''ਤੁਹਾਡਾ ਪਿਤਾ ਅਬਰਾਹਾਮ ਮੇਰਾ ਦਿਨ ਵੇਖਣ ਨੂੰ ਆਨੰਦਿਤ ਸੀ ਅਰ ਉਸ ਨੇ ਵੇਖਿਆ ਅਤੇ ਪਰਸੰਨ ਹੋਇਆ।'' ਕਾਸ਼ ਸਾਡੀ ਨਿਹਚਾ ਵੀ ਇਸੇ ਤਰ੍ਹਾਂ ਦੀ ਹੁੰਦੀ!

**ਉਨ੍ਹਾਂ** ਨੂੰ ਅਤੇ ਹਾਬਲ ਦੇ ਨਾਲ ਨਾਲ ਅਬਰਾਹਾਮ, ਸਾਰਾਹ, ਇਸਹਾਕ ਅਤੇ ਯਾਕੂਬ ਲਈ ਕਿਹਾ ਗਿਆ ਹੈ ਪਰ ਹਨੋਕ ਲਈ ਨਹੀਂ। ਕਿਉਂ ਜੋ ਉਹ ਤਾਂ ਮਰਿਆ ਹੀ ਨਹੀਂ ਸੀ। ਇਨ੍ਹਾਂ ਵਿਚ ਹਰ ਕੋਈ ਖ਼ੁਦਾ ਦੇ ਵਾਅਦਿਆਂ ਨੂੰ ਪੂਰਾ ਹੋਣ ਦੇ ਰੂਪ ਵਿਚ ਪਾਏ ਬਗੈਰ ਨਿਹਚਾ ਵਿਚ ਮਰ ਗਿਆ।

ਤਾਂ ਵੀ ਨਿਹਚਾ ਵਿਚ ਜੀਣਾ ਅਤੇ ਮਰਨਾ ਉਹ ਸਭ ਤੋਂ ਜ਼ਬਰਦਸਤ ਬਰਕਤ ਦੁਆਉਣ ਦਾ ਕਾਰਣ ਬਣ ਸਕਦਾ ਹੈ ਜਿਹੜੀ ਸਭ ਨੂੰ ਮਿਲਦੀ ਹੈ। ਅਲਗਜ਼ੈਂਡਰ ਨੇਅਰਨ ਨੂੰ ਪੁਰਖਿਆਂ ਨੂੰ ''ਉਜਾੜ ਦੇ ਪਾਰ'' ਕਿਸੇ ਸ਼ਹਿਰ ਨੂੰ ਜਾਣ ਵਾਲੇ ਖ਼ਾਨਾਬਦੋਸ਼ ਕਹਿਣਾ ਪਸੰਦ ਸੀ। ''ਜਿਹੜੇ ਦੂਰੋਂ ਇਸ ਦੇ ਬੁਰਜਾਂ ਨੂੰ ਪਛਾਣ ਕੇ ਰੌਲਾ ਪਾ ਦਿੰਦੇ ਸਨ, ਪਰ ਉਸ ਦਿਨ ਦੇ ਅੱਗੇ ਵੱਧਣ ਵਿਚ ਉੱਥੋਂ ਤਕ ਪੁਜ ਨਹੀਂ ਸਕਦੇ। ਉਹ ਵੇਖ ਕੇ ਜੀ ਆਇਆਂ ਨੂੰ ਆਖਦੇ ਸਨ ਪਰ ਇਕ ਵਾਰ ਫੇਰ ਦੂਰੋਂ ਹੀ ਪੜਾਅ ਪਾ ਲੈਂਦੇ ਹਨ।''[44] ਅਬਰਾਹਾਮ ਅਤੇ ਯਾਕੂਬ ਨੇ ਆਖਿਆ ਕਿ ਉਹ ਸਿਰਫ਼ ''ਪਰਦੇਸੀ ਅਰ ਮੁਸਾਫ਼ਿਰ'' ਹਨ (ਉਤਪਤ 23:4; 47:9)। ''ਜਿਹੜੇ ਅਜਿਹੀਆਂ ਗੱਲਾਂ ਆਖਦੇ ਹਨ'' (ਇਹ ਮੰਨਦਿਆਂ ਕਿ ਇਹ ਦੁਨੀਆਂ ਉਨ੍ਹਾਂ ਦਾ ਘਰ ਨਹੀਂ ਹੈ; ਆਇਤ 14) ਹੀ ਉਹ ਲੋਕ ਹਨ ਜਿਹੜੇ ਸੁਰਗ ਵਿਚ ਆਪਣੇ ਅਬਦੀ ਟਿਕਾਣੇ ਦੀ ਗੱਲ ਕਰਦੇ ਰਹਿੰਦੇ ਹਨ।

ਇਨ੍ਹਾਂ ਖਾਨਾਬਦੋਸ਼ਾਂ ਨੂੰ ਦਿੱਤੇ ਖ਼ੁਦਾ ਦੇ ਵਾਅਦਿਆਂ ਵਿਚ ਸੰਤਾਨ ਜਾਂ ਜ਼ਮੀਨ ਵਰਗੀਆਂ ਆਰਜ਼ੀ ਬਰਕਤਾਂ ਨਾਲੋਂ ਜਾਂ ਇਸ ਬਰਕਤ ਨਾਲੋਂ ਵੀ ਵਧ ਕੇ ਅਸੀਂ ਕਿ ਉਹ ਉਨ੍ਹਾਂ ਦਾ ਖ਼ੁਦਾ ਹੋਵੇਗਾ। ਵਾਧੂ ਰੂਹਾਨੀ ਬਰਕਤਾਂ ਤਾਂ ਹੈ ਹੀ ਸਨ। ਅਬਰਾਹਾਮ ਦੀ ਅੰਸ ਦੇ ਰਾਹੀਂ ਸਭ ਕੌਮਾਂ ਨੇ ਬਰਕਤ ਪਾਉਣੀ ਸੀ (ਉਤਪਤ 12:3; 22:18)। ਗਲਾਤੀਆਂ 3:16 ਦੱਸਦਾ ਹੈ ਕਿ ਇਹ ''ਅੰਸ'' ਮਸੀਹ ਹੈ ਇਸ ਕਰਕੇ ਅਬਰਾਹਾਮ ਦੋ ਪਰਿਵਾਰਾਂ ਦਾ ਪਿਤਾ ਹੈ ਜਿਨ੍ਹਾਂ ਵਿੱਚੋਂ ਇਕ ਜਿਸਮਾਨੀ ਹੈ ਅਤੇ ਦੂਜਾ ਨਿਹਚਾ ਵਾਲਾ। ਮਸੀਹ ਵਿਚ ਖ਼ੁਦਾ ਦਾ ਹਰ ਬਾਲਕ ਨਿਹਚਾ ਦੀ ਰੂਹ ਵਿਚ ਹੁਣ ਅਬਰਾਹਾਮ ਦੀ ਸੰਤਾਨ (ਗਲਾਤੀਆਂ 3:26–29) ਹੈ।

ਯਿਸੂ ਨੇ ਇਹ ਆਖਦਿਆਂ ਅਬਰਾਹਾਮ ਦੀ ਨਿਹਚਾ ਉੱਤੇ ਟਿੱਪਣੀ ਕੀਤੀ ਕਿ ਇਸ ਪੁਰਖੇ ਨੇ ਇਸ ਦਿਨ ਨੂੰ ਵੇਖਿਆ ਅਤੇ ਇਸ ਗੱਲ ਵਿਚ ਪਰਸੰਨ ਹੋਇਆ ਸੀ (ਯੂਹੰਨਾ 8:56–58)। ਜੇ ਸਾਡਾ ਵਿਹਾਰ ਇਸ ਦੁਨੀਆਂ ਲਈ ਅਬਰਾਹਾਮ ਵਾਲਾ ਹੋਵੇ ਤਾਂ ਇਸ ਦੇ ਲਾਲਚ ਸਾਨੂੰ ਉਵੇਂ ਦੂਰ ਨਹੀਂ ਕਰ ਸਕਦੇ ਜਿਵੇਂ ਆਮ ਤੌਰ ਤੇ ਕਰਦੇ ਹਨ।

ਅਬਰਾਹਾਮ ਅਤੇ ਹੋਰਨਾਂ ਨੇ **ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ।** ਅਬਰਾਹਾਮ ਨੇ ਇਹ ਕਬੂਲਨਾਮਾ ਆਪਣੀ ਜ਼ਿੰਦਗੀ ਦੇ ਅਖ਼ੀਰ ਦੇ ਨੇੜੇ ਕੀਤਾ (ਉਤਪਤ 23:4)। ਕਨਾਨ ਵਿਚ ਉਸ ਦਾ ਕੋਈ ਘਰ ਨਹੀਂ ਸੀ। ਉਤਪਤ 47:9 ਵਿਚ ਫ਼ਿਰਊਨ ਨੂੰ ਯਕੂਬ ਨੇ ਕਰੀਬ ਕਰੀਬ ਉਹੀ ਸ਼ਬਦ ਆਖੇ ਸਨ। ਉਨ੍ਹਾਂ ਦਾ ਇੱਕੋ ਹੀ ਭਾਸ਼ਾ ਦੀ ਵਰਤੋਂ ਕਰਨਾ ਇਹ ਸੁਝਾਅ ਦਿੰਦਾ ਹੈ ਕਿ ਇਕ ਆਮ ਬੋਲਚਾਲ ਦੀ ਭਾਸ਼ਾ ਸੀ ਜਿਹਦੀ ਵਰਤੋਂ ਪੁਰਖੇ ਆਪਣੀ ਰੋਜ਼ਮੱਰਾ ਦੀ ਗੱਲਬਾਤ ਵਿਚ ਕਰਦਫੇ ਸਨ।

ਮੁਸਾਫ਼ਰ ਹੋਣਾ ਜਿਸ ਨੂੰ ਕੋਈ ਇਖ਼ਤਿਆਰ ਨਾ ਹੋਵੇ, ਅਬਰਾਹਾਮ ਵਰਗੇ ਲਈ ਉਜਾੜ ਬੇਸ਼ਕ ਓਖਾ ਹੋਵੇਗਾ ਭਾਵੇਂ ਅਖ਼ੀਰ ਵਿਚ ਅਬੀਮਲਕ ਰਾਜੇ ਨਾਲ ਉਹਦੇ ਸਬੰਧ ਨੀਕ ਹੋ ਗਏ ਸਨ (ਉਤਪਤ 20; 21)। ਉਹ ਦੀ ਨਿਹਚਾ ਨੇ ਸੁਰਗ ਵਿਚ ਖ਼ੁਦਾ ਦੀ ਹਜ਼ੂਰੀ ਵਿਚ ਜਾਣ ਦੀ ਉਸ ਦੀ ਤਾਂਘ ਨੂੰ ਵਧਾ ਦਿੱਤਾ।

**ਆਇਤਾਂ 14-16.** ਪੁਰਖੇ ਆਪਣੇ **ਵਤਨ** (*patris*) ਜਾਂ ''ਬਾਪ ਦੇ ਘਰ'' ਦੀ ਭਾਲ ਵਿਚ ਹਨ। ਜਿਸ ਕਰਕੇ ਉਹ ਉਸੇ ਪਾਸੇ ਜਾਂਦੇ ਹਨ ਜਿੱਧਰ ਖ਼ੁਦਾ ਆਖਦਾ ਸੀ। ਉਹ ਇਕ **ਉੱਤਮ ਅਰਥਾਤ ਸੁਰਗੀ ਦੇਸ ਨੂੰ ਲੋਚਦੇ** ਸਨ ਜਿਹੜਾ ਉਨ੍ਹਾਂ ਦਾ ਆਪਣਾ ਹੋਣਾ ਸੀ (ਆਇਤ 14)। ਹਮੇਸ਼ਾ ਲਈ ਊਰ ਨੂੰ ਪਿੱਛੇ ਛੱਡ ਦੇਣ ਦੇ ਬਾਅਦ ਧਰਤੀ ਉੱਤੇ ਉਨ੍ਹਾਂ ਦਾ ਕੋਈ ਆਪਣਾ ਘਰ ਨਹੀਂ ਸੀ। ਉਨ੍ਹਾਂ ਨੇ ਆਪਣੇ ਮਨ ਵਿਚ ਅਬਦੀ ਕੀਮਤਾਂ ਨੂੰ ਰੱਖਿਆ।

**ਪਰਮੇਸ਼ੁਰ** ਨੂੰ ਉਨ੍ਹਾਂ ਵਫ਼ਦਾਰ ਪੁਰਖਿਆਂ ਉੱਤੇ ਮਾਣ ਸੀ ਕਿਉਂ ਜੋ ਉਹ ਪਹਿਲਾਂ ਰੂਹਾਨੀ ਗੱਲਾਂ ਦੀ ਤਲਾਸ਼ ਕਰਦੇ ਸਨ ਅਤੇ ਉਹ **ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ ਜੋ ਉਨ੍ਹਾਂ ਦਾ ਪਰਮੇਸ਼ੁਰ ਕਹਾਵੇ** (ਆਇਤ 16; ਵੇਖੋ ਕੂਚ 3:6)। ਆਇਤ 16 ਦੇ ਸ਼ਬਦ 2:11, 12 ਅਤੇ ਜ਼ਬੂਰ 22:22 ਦੇ ਹਵਾਲੇ ਦਾ ਬਕੀਆ ਹਨ ਜਿਹੜਾ ਯਿਸੂ ਦੇ ਆਪਣੇ ਚੇਲਿਆਂ ਨੂੰ ''ਭਾਈ'' ਅਖਵਾਉਣ ਲਈ ਲਾਗੂ ਹੁੰਦਾ ਹੈ। ਸਦੀਆਂ ਬਾਅਦ ਪੌਲੁਸ ਵਾਂਗ ਪੁਰਖੇ ਸੁਰਗੀ ਇਨਾਮ ਨੂੰ ਪਾਉਣ ਲਈ ਸਭ ਕਾਸੇ ਦਾ ਨੁਕਸਾਨ ਝੱਲਣ ਨੂੰ ਤਿਆਰ ਸਨ (ਵੇਖੋ ਫ਼ਿਲਿੱਪੀਆਂ 3:8)। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਕਿ ਉਨ੍ਹਾਂ ਨੂੰ ਮੁਕਤੀ ਦੁਆਉਣ ਲਈ ਕਾਮਿਲ ਕੁਰਬਾਨੀ ਦੇ ਰੂਪ ਵਿਚ ਮਸੀਹ ਕਿਵੇਂ ਮਰੇਗਾ, ਪਰ ਉਨ੍ਹਾਂ ਦਾ ਵਿਸ਼ਵਾਸ ਖ਼ੁਦਾ ਦੇ ਵਾਅਦਿਆਂ ਉੱਤੇ ਸੀ।

ਇਸ ਦੇਸ ਜਿਸ ਦਾ ਵਾਅਦਾ ਕੀਤਾ ਗਿਆ ਸੀ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਨੂੰ ''ਇਕ ਘਰ ਮਿਲੇਗਾ ਜੋ ਬਿਨਾਂ ਹੱਥ ਲਾਏ'' ਹੋਵੇਗਾ (2 ਕੁਰਿੰਥੀਆਂ 5:1)। ਉਹ ਖ਼ੁਦਾ ਦੀ ਬੁਲਾਹਟ ਨੂੰ ਮੰਨਦਿਆਂ ਇਸੇ ਤੇ ਧਿਆਨ ਲਾਉਂਦੇ ਸਨ ਅਤੇ ਆਪਣੇ ਮਗਰ ਛੱਡੇ ਗਏ ਦੇਸ ਤੇ ਬਹੁਤਾ ਵਿਚਾਰ ਨਹੀਂ ਕਰਦੇ ਸਨ (ਆਇਤ 15)। ਜੇ ਸਾਨੂੰ ਇਸ ਦਾ ਧਿਆਨ ਹੋਵੇ ਤਾਂ ਧਰਤੀ ਉਤਲੀਆਂ ਬਾਕੀ ਗੱਲਾਂ ਤੇ ਮਨ ਲਾਉਣ ਦੀ ਥਾਂ ਸੁਰਗ ਦੀਆਂ ਗੱਲਾਂ ਤੇ ਅਸੀਂ ਕਿੰਨਾਂ ਧਿਆਨ ਲਾ ਸਕਦੇ ਹਾਂ!

ਆਇਤ 16 ਸੁਰਗੀ ਦੇਸ ਭਾਵ ਉਸ ਦੇਸ ਦੀ ਗੱਲ ਮੁਕਾ ਦਿੰਦੀ ਹੈ ਜਿਹਦੇ ਅਬਰਾਹਾਮ ਅਤੇ ਉਸ ਦੇ ਪਰਿਵਾਰ ਦੇ ਲੋਕ ਸਚਮੁਚ ਵਿਚ ਵਾਸੀ ਸਨ। ਉਨ੍ਹਾਂ ਨੇ ਆਪਣੇ ਘਰ ਦੇ ਰੂਪ ਵਿਚ ਊਰ ਜਾਂ ਕਨਾਨ ਨੂੰ ਨਹੀਂ ਮੰਨਿਆ। ਸੁਰਗੀ ਦੇਸ਼ ਵਿਚ ਉਨ੍ਹਾਂ ਦੀ ਆਸ ਵਿਚ ਆਖਿਰ ਵਿਚ ਇਹ ਸਮਝ ਆ ਜਾਣ ਤੇ ਕਿ ਆਸ ਕੀਤੇ ਹੋਏ ਨਗਰ ਦਾ ਪਾਉਣਾ ਉਨ੍ਹਾਂ ਦੀ ਜ਼ਿੰਦਗੀ ਵਿਚ ਹੀ ਹੋ ਜਾਣਾ ਸੀ, ਨਿਰਾਸ਼ ਨਹੀਂ ਹੋਣ ਦਿੱਤਾ। ''ਲੇਖਕ ਇੱਥੇ ਸੁਰਗੀ ਆਸ ਦਾ ਪੂਰਾ ਹੋਣਾ ਧਰਮੀ ਉਤਲੀ ਜ਼ਿੰਦਗੀ ਵਿਚ ਸੰਤੋਖ ਦੀ ਬਜਾਇ ਮਜ਼ਬੂਤੀ ਨਾਲ ਬਣੇ ਰਹਿਣ ਦੇ ਅਧਾਰ ਦੇ ਰੂਪ ਵਿਚ ਕਰਦਾ ਹੈ।''[45]

## ਵਫ਼ਾਦਾਰ ਜਿਨ੍ਹਾਂ ਨੂੰ ਦੁੱਖ ਝੱਲਣ ਦੇ ਰਾਹੀਂ ਪਰਖਿਆ ਗਿਆ (11:17-29)

11:17-22

**[17]ਨਿਹਚਾ ਨਾਲ ਅਬਰਾਹਾਮ ਨੇ ਜਦ ਪਰਤਾਇਆ ਗਿਆ ਤਾਂ ਇਸਹਾਕ ਨੂੰ ਬਲੀਦਾਨ ਲਈ ਚੜ੍ਹਾਇਆ। ਹਾਂ, ਆਪਣੇ ਇਕਲੌਤੇ ਨੂੰ ਉਹ ਜਿਹ ਨੂੰ ਵਾਇਦੇ ਦਿੱਤੇ ਗਏ ਸਨ ਚੜ੍ਹਾਉਣ ਲੱਗਾ। [18]ਅਤੇ ਜਿਹ ਨੂੰ ਇਹ ਆਖਿਆ ਗਿਆ ਭਈ ਇਸਹਾਕ ਤੋਂ ਤੇਰੀ ਅੰਸ ਅਖਵਾਏਗੀ। [19]ਕਿਉਂ ਜੋ ਉਹ ਨੇ ਵਿਚਾਰ ਕੀਤਾ ਜੋ ਪਰਮੇਸ਼ੁਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰਥ ਹੈ ਜਿਨ੍ਹਾਂ ਵਿੱਚੋਂ ਉਹ ਨੇ ਮਾਨੋ ਉਹ ਨੂੰ ਪਰਾਪਤ ਵੀ ਕਰ ਲਿਆ। [20]ਨਿਹਚਾ ਨਾਲ ਇਸਹਾਕ ਨੇ ਹੋਣ ਵਾਲੀਆਂ ਗੱਲਾਂ ਦੇ**

**ਵਿਖੇ ਭੀ ਯਾਕੂਬ ਅਤੇ ਏਸਾਓ ਨੂੰ ਅਸੀਸ ਦਿੱਤੀ। [21]ਨਿਹਚਾ ਨਾਲ ਯਾਕੂਬ ਨੇ ਮਰਨ ਲੱਗਿਆ ਯੂਸੁਫ਼ ਦੇ ਪੁੱਤਰਾਂ ਨੂੰ ਇਕ ਇਕ ਕਰਕੇ ਅਸੀਸ ਦਿੱਤੀ ਅਤੇ ਆਪਣੇ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ। [22]ਨਿਹਚਾ ਨਾਲ ਯੂਸੁਫ਼ ਨੇ ਆਪਣੇ ਅੰਤਕਾਲ ਦੇ ਵੇਲੇ ਇਸਰਾਏਲੀਆਂ ਦੇ ਉੱਥੋਂ ਕੂਚ ਕਰਨ ਦੀ ਗੱਲ ਕੀਤੀ ਅਤੇ ਆਪਣੀਆਂ ਹੱਡੀਆਂ ਦੇ ਵਿਖੇ ਹੁਕਮ ਦਿੱਤਾ।**

**ਆਇਤਾਂ 17-19.** ਕੁਰਬਾਨੀ ਦੇ ਰੂਪ ਵਿਚ ਇਸਹਾਕ ਨੂੰ **ਚੜ੍ਹਾਇਆ** ਜਾਣ ਦੇ ਮੁਕਾਬਲੇ **ਅਬਰਾਹਾਮ** ਦੀਆਂ ਸਭ ਅਜ਼ਮਾਇਸ਼ਾਂ ਨਿਗੂਣੀਆਂ ਸਨ।[46] ਉਸ ਨੂੰ ਪਹਿਲਾਂ ਆਪਣੇ ਘਰ ਨੂੰ ਛੱਡ ਦੇਣ, ਅਗਿਆਤ ਦੇਸ਼ ਵਿਚ ਚਲੇ ਜਾਣ ਅਤੇ ਸਿਰਫ਼ ਥੋੜ੍ਹੀ ਜਿਹੀ ਰੋਟੀ ਅਤੇ ਪਾਣੀ ਲੈਕੇ ਇਸ਼ਮਾਏਲ ਅਤੇ ਉਸ ਦੀ ਮਾਤਾ ਨੂੰ ਭਜਾ ਦੇਣ ਲਈ ਕਿਹਾ ਗਿਆ ਸੀ। ਪਰ ਵੇਦੀ ਉੱਤੇ ਇਸਹਾਕ ਨੂੰ ਰੱਖਣ ਲਈ ਕਿਹਾ ਜਾਣਾ ਉਹ ਦਾ ਸਭ ਤੋਂ ਵੱਡਾ **ਪਰਤਾਇਆ** ਜਾਣਾ ਸੀ।

ਅਬਰਾਹਾਮ ਇਸ ਹੁਕਮ ਲਈ ਕਈ ਤਰਕਸੰਗਤ ਦਲੀਲਾਂ ਦੇ ਸਕਦਾ ਸੀ, ਜਿਵੇਂ ਇਹ ਕਿ ''ਹੇ ਪਿਤਾ, ਇਹ ਗੱਲ ਤੇਰੇ ਸੁਭਾਅ ਨਾਲ ਮੇਲ ਖਾਂਦੀ ਨਹੀਂ ਲਗਦੀ; ਇਹ ਤਾਂ ਤੇਰੇ ਵਾਦਿਆਂ ਦੇ ਉਲਟ ਲਗਦੀ ਹੈ।'' ਪਰ ਕਿਸੇ ਵੀ ਇਤਰਾਜ਼ ਦੀ ਗੱਲ ਉਹ ਦੀ ਨਿਹਚਾ ਨਾਲੋਂ ਵੱਡੀ ਨਹੀਂ ਹੋ ਸਕਦੀ ਸੀ, ਜਿਸ ਕਰਕੇ ਅਬਰਾਹਾਮ ਚਾਲੀ ਕੁ ਮੀਲ (1 ਮੀਲ = 1.6 ਕਿਲੋਮੀਟਰ) ਜਾਣ ਲਈ ਦੋ ਤੋਂ ਵੱਧ ਦਿਨ ਚੱਲਿਆ, ਇਸ ਦੌਰਾਨ ਉਹਦੇ ਕੋਲ ਸੋਚਣ ਲਈ ਕਾਫ਼ੀ ਸਮਾਂ ਸੀ। ਬੇਸ਼ੱਕ ਇਨ੍ਹਾਂ ਰਾਤਾਂ ਦੌਰਾਨ ਉਹ ਬੇਚੈਨ ਰਿਹਾ ਹੋਵੇਗਾ, ਪਰ ਉਸ ਨੂੰ ਆਪਣੇ ਇਕ ਅਜ਼ੀਜ਼ ਦੀ ਕੁਰਬਾਨੀ ਵਿੱਚੋਂ ਦੀ ਲੰਗਣਾ ਪੈਣਾ ਸੀ ਜਿਹੜਾ ਉਹ ਨੂੰ ਆਪਣੀ ਜਾਨ ਨਾਲੋਂ ਵੀ ਪਿਆਰਾ ਸੀ। ਅਬਰਾਹਾਮ ਦੇ ਇਹ ਵਿਖਾ ਦੇਣ ਤੇ ਕਿ ਇਸ ਮਨੁੱਖੀ ਕੁਰਬਾਨੀ ਦੇ ਕਾਰਜ ਵਿਚ ਹੀ ਉਹ ਹੁਕਮ ਮੰਨੇਗਾ, ਖ਼ੁਦਾ ਨੇ ਆਪਣੇ **ਵਾਅਦੇ** ਨੂੰ ਨਿਭਾਇਆ (ਉਤਪਤ 22:11–18)।

ਆਇਤ 17 ਵਿਚ ਵਰਤਿਆ ਗਿਆ ਯੂਨਾਨੀ ਕਾਲ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਖ਼ੁਦਾ ਦੇ ਫ਼ਰਿਸ਼ਤੇ ਵੱਲੋਂ ਉਸ ਨੂੰ ਰੋਕਣ ਵੇਲੇ ਉਹ ਇਸਹਾਕ ਨੂੰ ਕੁਰਬਾਨ ਕਰਨ ਦੀ ਪ੍ਰਕਿਰਿਆ[47] ਉਹ ਇਸਹਾਕ ਨੂੰ ''ਕੁਰਬਾਨ ਕਰਨ ਦੀ ਕੋਸ਼ਿਸ਼'' ਕਰ ਰਿਹਾ ਸੀ। ਅਬਰਾਹਾਮ ਦੀ ਨਿਹਚਾ ਦੀ ਸ਼ਕਤੀ ਵਿਚ ਕੋਈ ਸ਼ੱਕ ਨਹੀਂ ਹੈ।

ਇਸਹਾਕ ਖ਼ੁਦਾ ਦੇ ਵਾਅਦਿਆਂ ਦਾ ਇਕ ਅਨਮੋਲ ਹਿੱਸਾ ਸੀ, ਇਸ ਕਰਕੇ ਅਬਰਾਹਾਮ ਨੇ ਇਹ ਨਿਜੋੜ ਕੱਢਿਆ ਕਿ ਉਹ ਦੀ ਕੁਰਬਾਨੀ ਦੇ ਬਾਅਦ ਖ਼ੁਦਾ ਉਸ ਨੂੰ ਜ਼ਿੰਦਾ ਕਰ ਦਵੇਗਾ (ਆਇਤ 19)। ਉਸ ਨੂੰ ਪਤਾ ਸੀ ਕਿ ਜ਼ਿੰਦਗੀ ਅਤੇ ਮੌਤ ਦੋਵੇਂ ਖ਼ੁਦਾ ਦੇ ਹੀ ਹਨ। ਪਰ ਇਸਹਾਕ ਦੀ ਕੁਰਬਾਨੀ ਤੇ ਇਖ਼ਲਾਕੀ ਸਵਾਲ ਦੀ ਗੱਲ ਨਹੀਂ ਕੀਤੀ। ਅਬਰਾਹਾਮ ਨੇ ਇਹ ਤਰਕ ਲੈ ਲਿਆ ਹੋਵੇਗਾ ਕਿ ਅਜਿਹੀ ਕੁਰਬਾਨੀ ਨੂੰ ਕਬੂਲ ਕਰਕੇ ਆਪਣੀ ਸਚਿਆਈ ਨੂੰ ਬਣਾਈ ਰੱਖਣ ਦਾ ਖ਼ੁਦਾ ਦਾ ਇਹੀ ਤਰੀਕਾ ਸੀ।[48]

ਇਸ ਸੱਚਾਈ ਦਾ ਸੰਕੇਤ ਉਤਪਤ 22:5 ਵਿਚ ਅਬਰਾਹਾਮ ਦੀ ਗੱਲ ਤੋਂ ਮਿਲ ਸਕਦਾ ਹੈ: ''ਮੈਂ ਅਰ ਇਹ ਮੁੰਡਾ ਥੋੜ੍ਹੀ ਦੂਰ ਅੱਗੇ ਜਾਵਾਂਗੇ ਅਤੇ ਮੱਥਾ ਟੇਕ ਕੇ ਤੁਹਾਡੇ ਕੋਲ ਮੁੜ ਆਵਾਂਗੇ।'' ਉਹਦੇ ਕੋਲ ਕੋਈ ਉਦਾਹਰਣ ਨਹੀਂ ਸੀ ਕਿ ਇਸ ਆਸ਼ਾਵਾਦ ਦਾ ਅਧਾਰ ਕੀ ਹੈ, ਜਦ ਤਕ ਲਿਖਤ ਵਚਨ ਵਿਚ ਕੋਈ ਪਿੱਛਲੀ ਘਟਨਾ ਨਾ ਹੋਵੇ ਜਿਸ ਵਿਚ ਖ਼ੁਦਾ ਨੇ ਕਿਸੇ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਹੋਵੇ। ਅਬਰਾਹਾਮ ਲਈ ਉਹ ਦੇ ਲਾਸਾਨੀ ਵਿਸ਼ਵਾਸ ਨਾਲ, ਜੀ ਉੱਠਣਾ ਸੰਭਵ ਸੀ।

ਐਫ਼. ਐਫ਼. ਬਰੂਸ ਨੇ ਧਿਆਨ ਦੁਆਇਆ ਹੈ ਕਿ ਅਬਰਾਹਾਮ ਨੇ ਇਸ ਨੂੰ ਖ਼ੁਦਾ ਦੀ ਚਿੰਤਾ ਦੇ ਰੂਪ ਚਿ ਮੰਨਿਆ ਹੋਵੇਗਾ ਬਲਕਿ ਅਬਰਾਹਾਮ ਨੂੰ ਨਹੀਂ ਸਗੋਂ ਖ਼ੁਦਾ ਨੂੰ ਆਪਣੇ ਵਾਅਦੇ ਅਤੇ ਹੁਕਮ ਮੁਤਾਬਿਕ ਕਰਨਾ ਜ਼ਰੂਰੀ ਸੀ।[49] ਜੇ ਇਹ ਗੱਲ ਹੈ ਤਾਂ (ਇਹ ਥੋੜ੍ਹਾ ਜਿਆਦਾ ਹੀ ਲਗਦਾ ਹੈ), ਨਿਹਚਾ ਦਾ ਇਹ ਹੋਰ ਵੀ ਅਨੋਖਾ ਕਾਰਣ ਹੈ। ਜੇ ਉਸ ਨੇ ਦਲੀਲ ਦਿੱਤੀ ਹੋਵੇ, ਜਿਵੇਂ ਕਿ ਲਗਦਾ ਹੈ ਕਿ ਉਸ

ਨੇ ਦਿੱਤੀ ਹੋਵੇਗੀ, ਤਾਂ ਉਸ ਨੇ ਸੋਚਿਆ ਹੋਵੇਗਾ, ''ਖ਼ੁਦਾ ਨੇ ਸਾਰਾਹ ਨੂੰ ਅਤੇ ਮੈਨੂੰ ਵਾਅਦਾ ਕੀਤਾ ਹੈ ਕਿ ਉਹ ਸਾਨੂੰ ਇਕ ਪੁੱਤਰ ਦਵੇਗਾ। ਉਹ ਦੀ ਜ਼ਿੰਦਗੀ ਦਾ ਮਨੁੱਖੀ ਰੂਪ ਵਿਚ ਗਰਬ ਵਿਚ ਆਉਣਾ ਹੀ ਨਾਮੁਮਕਿਨ ਗੱਲ ਸੀ, ਪਰ ਖ਼ੁਦਾ ਨੇ ਸਾਨੂੰ ਅਜਿਹਾ ਕਰਨ ਦੀ ਸ਼ਕਤੀ ਦਿੱਤੀ; ਇਸ ਕਰਕੇ ਉਹ ਮੈਨੂੰ ਉਸ ਨੂੰ ਫੇਰ ਵਾਪਸ ਮੋੜ ਸਕਦਾ ਹੈ।'' ਅਬਰਾਹਾਮ ਦੇ ਮਨ ਵਿਚ ਜੋ ਵੀ ਹੋਵੇ, ਪਰ ਸਾਨੂੰ ਐਨਾਂ ਹੀ ਦੱਸਿਆ ਗਿਆ ਹੈ ਕਿ ਅਬਰਾਹਾਮ ਹੁਕਮ ਮੰਨਣ ਵਾਸਤੇ ਫ਼ੁਰਤੀ ਨਾਲ ਨਿੱਕਲ ਗਿਆ।

ਅਬਰਾਹਾਮ ਨੂੰ ਆਪਣੇ ਪੁੱਤਰ ਦੀ ਕੁਰਬਾਨੀ ਦੇਣ ਨੂੰ ਕਹਿਣ ਦੇ ਮਾਮਲੇ ਵਿਚ ਖ਼ੁਦਾ ਨੇ ਕਿਹੋ ਜਿਹਾ ਪ੍ਰਬੰਧ ਕਰਨਾ ਸੀ? ਅਬਰਾਹਾਮ ਨੇ **ਵਿਚਾਰ ਕੀਤਾ ਜੋ ਪਰਮੇਸ਼ੁਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰਥ ਹੈ ਜਿਨ੍ਹਾਂ ਵਿੱਚੋਂ ਉਹ ਨੇ ਮਾਨੋ ਉਹ ਨੂੰ ਪਰਾਪਤ ਵੀ ਕਰ ਲਿਆ** (ਆਇਤ 19ੳ), ਕਿਉਂ ਜੋ ਖ਼ੁਦਾ ਲਈ ਸਭ ਕੁਝ ਮੁਮਕਿਨ ਹੈ (ਮੱਤੀ 19:26; ਮਰਕੁਸ 10:27; ਲੂਕਾ 18:27)। ਅਸਲ ਵਿਚ ਲੋੜ ਪੈਣ ਤੇ ਉਹ ਪੱਥਰਾਂ ਤੋਂ ਵੀ ਸੰਤਾਨ ਪੈਦਾ ਕਰ ਸਕਦਾ ਹੈ (ਵੇਖੋ ਲੂਕਾ 3:8)। ਜੇ ਅਬਰਾਹਾਮ ਦੀ ਨਿਹਚਾ ਸਿਰਫ਼ ਉਸੇ ਤੇ ਅਧਾਰਿਤ ਸੀ ਜੋ ਕੁਝ ਉਸ ਨੇ ਖ਼ੁਦਾ ਦੀਆਂ ਪਿਛਲੀਆਂ ਬਰਕਤਾਂ ਤੋਂ ਪਾਇਆ ਸੀ, ਨਾ ਕਿ ਇਕ ਹੋਰ ਜੀ ਉੱਠਣ ਦੇ ਕਿਸੇ ਗਿਆਨ ਤੇ ਤਾਂ ਇਹ ਸਚਮੁਚ ਵਿਚ ਬੜੀ ਹੀ ਵੱਡੀ ਨਿਹਚਾ ਸੀ।[50]

ਮੋਰੀਆਹ ਪਹਾੜ ਦੀ ਇਹ ਘਟਨਾ ਅਜਿਹੀ ਨਿਰਾਲੀ ਘਟਨਾ ਸੀ ਕਿ ਮੁੱਢਲੇ ਮਸੀਹੀ ਲੋਕ ਇਸਹਾਕ ਨੂੰ ਮਸੀਹ ਨਾਲ ਮਿਲਾਉਂਦੇ ਸਨ।[51] ਆਇਤ 19 ਵਿਚ **ਮਾਨੋ** (*parabolē*) ਦੀ ਨਿਰਾਲੀ ਅਭਿਵਿਅਕਤੀ ਹੈ। ਪ੍ਰਤੀਕ ਦੇ ਰੂਪ ਵਿਚ ਇਸਹਾਕ ਖ਼ੁਦਾ ਦੇ ਪੁੱਤਰ ਵਾਂਗ ਜਿਸ ਨੂੰ ਧਰਤੀ ਤੇ ਛੁਟ ਨਹੀਂ ਹੋਣੀ ਸੀ, ਪਰ ਉਸ ਨੇ ''ਮੁਰਦਿਆਂ ਵਿੱਚੋਂ ਜੀ ਉੱਠਣਾ'' ਸੀ (ਰੋਮੀਆਂ 6:4, 9)। ਪਰ ਇਹ ਵੇਰਵਾ ਸਭ ਧਰਮੀਆਂ ਦੇ ਜੀ ਉੱਠਣ ਦੇ ਦ੍ਰਿਸ਼ਟਾਂਤ ਜਾਂ ਨਮੂਨੇ ਦਾ ਕੰਮ ਹੀ ਕਰ ਸਕਦਾ ਹੈ।[52] ਕਈਆਂ ਦਾ ਵਿਚਾਰ ਹੈ ਕਿ ਯੂਹੰਨਾ 8:56 ਵਿਚ ਯਿਸੂ ਆਪਣੀ ਇਸ ਖ਼ਾਸ ਨੁਮਾਇੰਦਗੀ ਦੀ ਗੱਲ ਕਰ ਰਿਹਾ ਸੀ। ਇਸਹਾਕ ਦੀ ਕੁਰਬਾਨੀ ਹੋਣਾ ਅਤੇ ਉਸ ਦਾ ਮੁਰਦਿਆਂ ਵਿੱਚੋਂ ਵਾਪਸ ਆਉਣਾ ਪ੍ਰਤੀਕ ਦੇ ਅਰਥ ਵਿਚ ਸੀ। ਅਬਰਾਹਾਮ ਨੇ ਇਸਹਾਕ ਨੂੰ ਮਰਿਆ ਹੋਇਆ ਹੀ ਮੰਨ ਲਿਆ ਸੀ ਇਸ ਕਰਕੇ ਉਹਦੇ ਲਈ ਇਹ ਜੀ ਉੱਠਣਾ ਹੀ ਸੀ।

**ਇਕਲੌਤੇ** (ਆਇਤ 17) ਸ਼ਬਦ ਦੀ ਵਰਤੋਂ ਉਸੇ ਸ਼ਬਦ ਤੋਂ ਹੋਈ ਹੈ ਜਿਹਦੀ ਵਰਤੋਂ ਯੂਹੰਨਾ ਯੂਹੰਨਾ 3:16 ਵਿਚ ਹੋਈ (*monogenēs*)। ਉੱਥੇ ਇਹ ਦਾ ਅਰਥ ਅਤੇ ਬੇਹਤਰ ਅਨੁਵਾਦ ''ਆਪਣੀ ਕਿਸਮ ਦਾ ਇਕੱਲਾ'' ਜਾਂ ''ਨਿਰਾਲਾ ਹੁਕਮ'' ਹੋ ਸਕਦਾ ਹੈ। ਇਸਹਾਕ ਕੁਰਬਾਨੀ ਵੇਲੇ ਅਬਰਾਹਾਮ ਦਾ ਇਕਲੌਤਾ ਪੁੱਤਰ ਨਹੀਂ ਸੀ, ਪਰ ਉਹ ਯਕੀਨਨ ''ਨਿਰਾਲਾ ਪੁੱਤਰ'' ਸੀ।

**ਆਇਤ 20. ਇਸਹਾਕ** ਜਿਸ ਨੂੰ ਆਪਣੇ ਪਿਤਾ ਵੱਲੋਂ ਪੁਰਖਾ ਹੋਣ ਦੀ ਬਰਕਤ ਮਿਲੀ ਸੀ, ਨੇ ਵੀ ਉਸੇ ਤਰ੍ਹਾਂ ਨਾਲ ਆਪਣੇ ਪੁੱਤਰਾਂ ਨੂੰ **ਅਸੀਸ** ਦਿੱਤੀ। ਇਸ ਕਰਕੇ ਉਸ ਨੇ ਪ੍ਰੇਰਣਾ ਨਾਲ ਖ਼ੁਦਾ ਦੀ ਇੱਛਾ ਹੀ ਦੱਸੀ।

ਇਸਹਾਕ ਦੇ **ਯਾਕੂਬ ਅਤੇ ਏਸਾਓ** ਨੂੰ ਬਰਕਤ ਦੇਣ ਦੀ ਕਹਾਣੀ ਉਤਪਤ 27:26–40 ਵਿਚ ਵੀ ਮਿਲਦੀ ਹੈ। ਧੋਖਾ ਖਾ ਕੇ ਉਸ ਨੇ ਗਲਤੀ ਨਾਲ ਯਾਕੂਬ ਨੂੰ ਬਰਕਤ ਦੇ ਦਿੱਤੀ। ਪਰ ਉਸ ਨੂੰ ਯਕੀਨ ਸੀ ਕਿ ਉਸ ਨੇ ਉਸ ਨੂੰ ਰੱਦ ਕਰਕੇ ਇਹ ਧਿਆਨ ਰੱਖਿਆ ਕਿ ਸਹੀ ਪੁੱਤਰ ਨੂੰ ਹੀ ਬਰਕਤ ਮਿਲੇ ਅਤੇ ਸਾਫ਼ ਤੌਰ ਤੇ ਇਹੀ ਕਾਰਣ ਹੈ ਕਿ ਇਸ ਨੂੰ ਬਦਲਿਆ ਨਹੀਂ।

ਇਸਹਾਕ ਨੇ ਇਹ ਮੰਨ ਲਿਆ ਹੋਵੇਗਾ ਕਿ ਜੋ ਕੁਝ ਖ਼ੁਦਾ ਨੇ ਹੋਣ ਦਿੱਤਾ ਅਤੇ ਇਹ ਉਹਦੀ ਰਜ਼ਾ ਹੋਵੇ, ਭਾਵੇਂ ਲਗਦਾ ਹੈ ਕਿ ਇਹ ਚਲਾਕੀ ਨਾਲ ਹੋਇਆ ਹੈ। ਯਕੀਨਨ ਹੀ ਉਹ ''ਕਿਸਮਤ'' ਵਿਚ ਯਕੀਨ ਨਹੀਂ ਰੱਖਦਾ ਸੀ। ਇਹਦੀ ਥਾਂ ਉਹ ਨੂੰ ਪਤਾ ਸੀ ਕਿ ਆਪਣੇ ਪਿਤਾ ਦੀ ਖ਼ੁਸ਼ਹਾਲੀ ਦੀ ਨਬੂਵਤ ਕਰਦਿਆਂ ਉਹ ਖ਼ੁਦਾ ਦੇ ਮਨ ਦੀ ਗੱਲ ਕਰ ਰਿਹਾ ਹੈ। ਜਿਵੇਂ ਕਿ ਆਮ ਤੌਰ ਤੇ ਲੋਕ ਕਰਦੇ

ਹਨ ਉਸ ਨੇ ਖ਼ੁਦਾ ਦੀ ਰਜ਼ਾ ਨੂੰ ਇਹ ਮੰਨਦਿਆਂ ਸ਼ਾਇਦ ਗਲਤ ਸਮਝਿਆ ਕਿ ਦੋਂਹਾਂ ਤੋਂ ਵੱਡਾ, ਤਾਕਤਵਰ ਅਤੇ ਵੱਧ ਸ਼ਕਤੀ ਵਾਲਾ ਖ਼ੁਦਾ ਦੀ ਪਸੰਦ ਹੋਵੇਗਾ। ਹਾਬਲ ਕਾਇਨ ਨਾਲੋਂ ਕਮਜ਼ੋਰ ਸੀ; ਯਾਕੂਬ, ਇਸਾਓ ਨਾਲੋਂ ਕਮਜ਼ੋਰ ਸੀ; ਮਸਹ ਕੀਤੇ ਜਾਣ ਵੇਲੇ ਦਾਊਦ ਆਪਣੇ ਸਭ ਭਰਾਵਾਂ ਨਾਲੋਂ ਕਮਜ਼ੋਰ ਅਤੇ ਛੋਟਾ ਸੀ। ਖ਼ੁਦਾ ਜੁੱਸਾ ਵੇਖ ਕੇ ਨਹੀਂ ਬਲਕਿ ਨਿਹਚਾ ਵੇਖ ਕੇ ਚੋਣ ਕਰਦਾ ਹੈ।[53]

ਪਹਿਲਾਂ ਤਾਂ ਅੱਗੇ ਹੋਣ ਵਾਲੀਆਂ ਘਟਨਾਵਾਂ ਇਸਾਓ ਦੀ ਸੰਤਾਨ (ਅਦੋਮੀ) ਵੱਧ ਬਰਕਤ ਪਾਏ ਹੋਏ ਲਗਦੇ ਹਨ, ਪਰ ਅਖ਼ੀਰ ਵਿਚ ਸ਼ਾਊਲ ਅਤੇ ਦਾਊਦ ਨੇ ਉਨ੍ਹਾਂ ਨੂੰ ਜਿੱਤ ਲਿਆ (1 ਸਮੂਏਲ 14:47; 2 ਸਮੂਏਲ 8:14)। ਅਖ਼ੀਰ ਵਿਚ ਦੋਹਾਂ ਨੇਮਾਂ ਵਿਚਕਾਰ ਮੱਕਾਬੀ ਕਾਲ ਦੇ ਦੌਰਾਨ 135–106 ਈ. ਪੂ. ਦੇ ਇਸਰਾਏਲ ਤੋਂ ਹਕੂਮਤ ਕਰਨ ਵਾਲੇ ਜੌਨ ਹਿਰਕੇਨੁਸ ਨੇ ਅਦੋਮੀਆਂ ਨੂੰ ਜਿੱਤ ਲਿਆ ਅਤੇ ਉਨ੍ਹਾਂ ਨੂੰ ਯਹੂਦੀ ਕੌਮ ਦਾ ਹਿੱਸਾ ਬਣਾਉਂਦਿਆਂ ਸੁੰਨਤ ਕਰਵਾਉਣ ਲਈ ਮਜਬੂਰ ਕੀਤਾ।[54] ਇਹ ਸਾਨੂੰ ''ਖ਼ੁਦਾ ਦੀ ਅਸੀਮ ਬੁੱਧ, ਸਰਵਸ਼ਕਤੀਮਾਨ ਅਤੇ ਜ਼ਬਰਦਤਸਤ ਰਹਿਮ ਨਾਲ ਭਰੇ'' ਹੋਣ ਦੀ ਸਮਝ ਦਿੰਦਾ ਹੈ।[55]

**ਆਇਤ 21.** ਆਪਣੀ ਜ਼ਿੰਦਗੀ ਦੇ ਮੁੱਢਲੇ ਦਿਨਾਂ ਵਿਚ **ਯਾਕੂਬ** ਆਪਣੀ ਮਨ ਮਰਜ਼ੀ ਨਾਲ ਪਾਉਣ ਲਈ ਆਪਣੀਆਂ ਹੀ ਚਲਾਕੀਆਂ ਤੇ ਨਿਰਭਰ ਸੀ। ਉਸ ਨੇ ਉਸ ਨੂੰ ਅੱਖਾਂ ਮੀਟ ਕੇ ਖ਼ੁਦਾ ਤੇ ਭਰੋਸਾ ਕਰਨ ਵਿਚ ਮੁਸ਼ਕਿਲ ਸੀ। ਇਹ ਆਇਤ ਉਹ ਦੀ ਨਿਹਚਾ ਨੂੰ ਵਿਖਾਉਂਦੀ ਹੈ।

ਪੁਰਖੇ ਮਰਨ ਤੋਂ ਕੁਝ ਦੇਰ ਪਹਿਲਾਂ ਆਪਣੀ ਔਲਾਦ ਨੂੰ ਬਰਕਤਾਂ ਦਿੰਦੇ ਸਨ। ਇਹ ਖ਼ੁਦਾ ਦੇ ਮੁਕਾਸ਼ਫ਼ੇ ਹੁੰਦੇ ਸਨ ਜਿਸ ਕਰਕੇ ਇਹ ਬਰਕਤਾਂ ਨਿਹਚਾ ਨਾਲ ਦਿੱਤੀਆਂ ਜਾਂਦੀਆਂ ਸਨ। ਬਰਕਤ ਵਿਚ ਸਭ ਤੋਂ ਵੱਡੇ ਬੇਟੇ ਨੂੰ ਅਣਗੌਲਿਆ ਕਰਕੇ, ਜਿਵੇਂ ਰੂਬਨ ਨਾਲ ਹੋਇਆ, ਉਸ ਤੋਂ ਵੱਧ ਨਿਹਚਾ ਵਾਲੇ ਨੂੰ ਬਰਕਤ ਦਿੱਤੀ ਜਾ ਸਕਦੀ ਹੈ।

**ਯੂਸੁਫ਼** ਦੇ ਦੋਹਾਂ **ਪੁੱਤਰਾਂ** ਨੂੰ ਮਿਲਣ ਵਾਲੀ ਬਰਕਤ ਨਾਲ ਯੂਸੁਫ਼ ਨੂੰ ਆਪਣੇ ਭਰਾਵਾਂ ਨਾਲੋਂ ਵੱਧ ਕੇ ਮਿਲਿਆ, ਜਿਹਾ ਕਿ ਬਹੁਤ ਪਹਿਲਾਂ ਉਸ ਦੇ ਆਪਣੇ ਖਾਬਾਂ ਨੂੰ ਦੱਸਣ ਤੇ ਪੂਰਾ ਸੰਖੇਪ ਮਿਲਿਆ ਸੀ (ਉਤਪਤ 37:5–11)। ਅਸਲ ਵਿਚ ਯਾਕੂਬ ਨੇ ਯੂਸੁਫ਼ ਦੇ ਪੁੱਤਰਾਂ ਨੂੰ ਆਪਣੇ ਪੁੱਤਰਾਂ ਦੇ ਰੂਪ ਵਿਚ ਗੋਦ ਲੈ ਕੇ ਉਨ੍ਹਾਂ ਦੋਹਾਂ ਨੂੰ ਬਰਕਤ ਦਿੱਤੀ, ਜਿਸ ਕਰਕੇ ਉਨ੍ਹਾਂ ਦੋਹਾਂ ਵਿੱਚੋਂ ਨਿੱਕਲਣ ਵਾਲੀਆਂ ਦੋ ਗੋਤਾਂ ਦੇ ਰਾਹੀਂ ਬਰਕਤ ਦਿੰਦਿਆਂ ਯੂਸੁਫ਼ ਨੂੰ ਦੋਹਰਾ ਹਿੱਸਾ ਦੇ ਕੇ ਉਹ ਨੂੰ ਬਰਕਤ ਦਿੱਤੀ।

ਯੂਸੁਫ਼ ਦੇ ਪੁੱਤਰਾਂ ਦੇ ਨਾਂਅ ਮਨੱਸ਼ਹ ਅਤੇ ਇਫ਼ਰਾਈਮ ਸਨ ਜਿਨ੍ਹਾਂ ਵਿੱਚੋਂ ਇਫ਼ਰਾਈਮ ਛੋਟਾ ਸੀ। ਯਾਕੂਬ ਨੇ ਉਨ੍ਹਾਂ ਨੂੰ ਬਰਕਤ ਦਿੰਦਿਆਂ ਜਾਣ ਬੁੱਝ ਕੇ ਉਨ੍ਹਾਂ ਉੱਤੇ ਆਡੇ ਹੱਥ ਰੱਖੇ ਜੋ ਕਿ ਨਬੂਵਤ ਦੇ ਵਚਨ ਦੇ ਅਨੁਸਾਰ ਉਹਦੇ ਵੱਡੇ ਬੇਟੇ ਦੀ ਥਾਂ ਇਫ਼ਰਾਈਮ ਨੂੰ ਵੱਧ ਬਰਕਤ ਦੇਣਾ ਸੀ (ਉਤਪਤ 48:5–20)।ਅਸਲ ਵਿਚ ਇਫ਼ਰਾਈਮ ਦੋਹਾਂ ਗੋਤਰਾਂ ਵਿੱਚੋਂ ਵੱਡਾ ਬਣ ਗਿਆ, ਇਸ ਕਰਕੇ ਅਸਲ ਵਿਚ ਕਹੀ ਵਾਰ ਨਬੀ ਪੂਰੇ ਉੱਤਰੀ ਰਾਜ ਨੂੰ ''ਇਫ਼ਰਾਈਮ'' ਹੀ ਕਹਿ ਦਿੰਦੇ ਹਨ (ਵੇਖੋ ਹੋਸ਼ੇਆ 11:1–3, 8, 9)। ਖ਼ੁਦਾ ਦੇ ਇਸਰਾਏਲੀਆਂ ਨੂੰ ਕਨਾਨ ਦੇਸ਼ ਦੇਣ ਦੇ ਵਾਅਦਿਆਂ ਵਿਚ ਆਪਣੇ ਭਰੋਸੇ ਕਰਕੇ **ਨਿਹਚਾ ਨਾਲ** ਯਾਕੂਬ ਨੇ ਆਪਣੇ ਪੁੱਤਰਾਂ ਨੂੰ ਬਰਕਤ ਦਿੱਤੀ ਬਾਅਦ ਵਿਚ ਉਸ ਨੇ ਹਰ ਪੁੱਤਰ ਦੀ ਸੰਤਾਨ ਦੇ ਲਈ ਭਵਿੱਖਬਾਣੀ ਕੀਤੀ (ਉਤਪਤ 49)।

ਉਨ੍ਹਾਂ ਨੂੰ ਕਿੰਨੀ ਸ਼ਾਨਦਾਰ ਵਿਰਾਸਤ ਮਿਲੀ; ਯਾਕੂਬ ਦੇ ਪੁੱਤਰ ਨਬੂਵਤਾਂ ਵੱਲ ਨੂੰ ਪਿੱਛੇ ਮੁੜ ਕੇ ਵੇਖ ਸਕਦੇ ਸਨ ਜਿਨ੍ਹਾਂ ਵਿਚ ਉਨ੍ਹਾਂ ਦੇ ਭਵਿੱਖ ਦੀ ਭਵਿੱਖਬਾਣੀ ਸੀ। ਇਸਰਾਏਲੀ ਲੋਕ ਅਸਲ ਵਿਚ ਬੜੇ ਕਿਸਮਤ ਵਾਲੇ ਸਨ। ਖ਼ੁਦਾ ਦੇ ਚੁਣੇ ਹੋਏ ਲੋਕਾਂ ਵਿਚ ਉਨ੍ਹਾਂ ਦੇ ਰੁਤਬੇ ਨੇ ਉਨ੍ਹਾਂ ਨੂੰ ਮਾਣ ਕਰਨ ਦਾ ਸਹੀ ਮਾਪ ਦਿੱਤਾ, ਭਾਵੇਂ ਇਹ ਯਹੂਦੀ ਹੰਕਾਰ ਵਿਚ ਬਦਲ ਗਿਆ।

**ਯਾਕੂਬ ਨੇ . . . ਆਪਣੇ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ।** ਇਕ ਵਾਰ ਫੇਰ ਇਹ ਆਇਤ LXX ਤੋਂ ਲਈ ਗਈ ਹੈ ਪਰ ਮੂਸਾ ਦੀ ਲਿਖਤ ਵਿਚ ਇਸ ਸਵਰ ਸ਼ਬਦ ਹੈ ਜਿਸ ਤੋਂ ਇਸ ਸ਼ਬਦ

ਦਾ ਅਰਥ ''ਬਿਸਤਰ'' ਹੋ ਸਕਦਾ ਹੈ।[56] ਲਾਤੀਨੀ ਬਾਈਬਲ ਵਿੱਚੋ ਇਹ ਪੜ੍ਹਨ ਵਿਚ ਸੁਝਾਅ ਮਿਲਦਾ ਹੈ ਕਿ ਯਾਬੂਨ ਨੇ ''ਆਪਣੀ ਲਾਠੀ ਦੇ ਸਿਰੇ ਨੂੰ ਪੂਜਿਆ'' ਭਾਵ ਉਹ ਆਪਣੀ ਲਾਠੀ ਅੱਗੇ ਇਉਂ ਝੁਕਿਆ ਜਿਵੇਂ ਕਿਸੇ ਮੂਰਤੀ ਅੱਗੇ ਝੁਕਦੇ ਹਨ। ''ਯੂਨਾਨੀ ਸ਼ਬਦ ਪੂਜਾ ਦੀ ਚੀਜ਼ ਦਾ ਸੰਕੇਤ ਨਹੀਂ ਦਿੰਦਾ, ਪਰ ਪੂਜਾ ਕੀਤੇ ਜਾਣ ਦੇ ਅੰਦਾਜ਼ ਦਾ ਸੰਕੇਤ ਦਿੰਦਾ ਹੈ।''[57] ਖ਼ੁਦਾ ਦੀ ਨਬੂਵਤ ਦੀ ਇੱਛਾ ਨੂੰ ਦੱਸਦਿਆਂ ਬੁੱਢਾ ਹੋਣ ਕਰਕੇ ਯਾਕੂਬ ਆਪਣੀ ਲਾਠੀ ਜਾਂ ਬਿਸਤਰ ਤੇ ਝੁਕਿਆ ਹੋਵੇਗਾ।

**ਆਇਤ 22.** ਨਿਹਚਾ ਦੀ ਇਸ ਗੱਲ ਦਾ ਬਿਆਨ ਬੇਸ਼ੱਕ ਉਤਪਤ 50:24, 25 ਵਿਚ ਕੀਤਾ ਗਿਆ ਹੈ। **ਯੂਸੁਫ਼** ਨੂੰ ਖ਼ੁਦਾ ਦੇ ਵਾਅਦਿਆਂ ਵਿਚ ਪੂਰਾ ਯਕੀਨ ਸੀ ਕਿ ਕਨਾਨ ਦੇਸ਼ ਉਹਦੇ ਲੋਕਾਂ ਲਈ ਉਹ ਦਾ ਤੋਹਫ਼ਾ ਹੋਵੇਗਾ। ਮਿਸਰ ਵਿਚ ਯੂਸੁਫ਼ ਦੀ ਵਧੀ ਖੁਸ਼ਹਾਲੀ ਵਾਅਦੇ ਦੇ ਦੇਸ਼ ਵਿਚ ਖ਼ੁਦਾ ਦੇ ਵਾਅਦਿਆਂ ਨੂੰ ਪਾਉਣ ਦੀ ਉਹ ਦੀ ਖਾਹਿਸ਼ ਨੂੰ ਘੱਟ ਨਹੀਂ ਕੀਤਾ। ਆਪਣੀਆਂ ਸਾਰੀਆਂ ਅਜ਼ਮਾਇਸ਼ਾਂ ਦੌਰਾਨ ਉਸ ਨੇ ਵਫ਼ਾਦਾਰੀ ਬਣਾਈ ਰੱਖੀ, ਕਿਉਂ ਜੋ ''ਪਰਮੇਸ਼ੁਰ ਉਹ ਦੇ ਨਾਲ ਸੀ'' (ਰਸੂਲਾਂ ਦੇ ਕੰਮ 7:9, 10)। ਸਤਾਰਾਂ ਸਾਲ ਦੀ ਉਮਰ ਤੋਂ ਲੈ ਕੇ ਮਿਸਰ ਵਿਚ ਪੂਰੀ ਆਪਣੀ ਜ਼ਿੰਦਗੀ ਕੱਟ ਦੇਣ ਦੇ ਬਾਵਜੂਦ ਉਸ ਨੂੰ ਪਤਾ ਸੀ ਕਿ ਇਹ ਉਹ ਦਾ ਦੇਸ਼ ਨਹੀਂ ਹੈ। ਉਹ ਦੇ ਪਿਤਾ ਨੇ ਉਸ ਨੂੰ ਚੰਗੀ ਤਰ੍ਹਾਂ ਨਾਲ ਸਮਝਾਇਆ ਸੀ, ਜਿਸ ਕਰਕੇ ਉਹ ਕਿਸੇ ਹੋਰ ਦੇ ਟਿਕਾਣੇ ਦੀ ਤਲਾਸ਼ ਕਰਦਾ ਰਿਹਾ। ਉਸ ਨੂੰ ਪਤਾ ਸੀ ਕਿ ਖ਼ੁਦਾ ਨੇ ਇਬਰਾਨੀਆਂ ਦੇ ਮਿਸਰ ਵਿਚ ਗੁਲਾਮ ਬਣਨ ਤੋਂ ਬਹੁਤ ਪਹਿਲਾਂ ਵਾਅਦਾ ਕੀਤਾ ਸੀ ਕਿ ਇਹ ਲੋਕ ਕਨਾਨ ਵਿਚ ਉਹ ਦੀ ਸੇਵਾ ਕਰਨਗੇ (ਉਤਪਤ 15:13–16)।

ਨਿਹਚਾ ਨਾਲ ਯੂਸੁਫ਼ ਨੇ **ਕੂਚ ਕਰਨ ਦੀ ਗੱਲ ਕੀਤੀ** (''ਮਿਸਰ ਤੋਂ'' ਨਿੱਕਲਣਾ [AB]; ਉਤਪਤ 50:24, 25)। ਉਸ ਨੇ ਆਪਣੇ ਲੋਕਾਂ ਨੂੰ ਵਾਅਦੇ ਦੀ ਧਰਤੀ ਨੂੰ ਪਾਉਣ ਲਈ ਵਾਪਸ ਜਾਣ ਤੇ (ਇਹ ਨਹੀਂ ਕਿ ''ਜੇ'') ਉਹ ਦੀ ਲਾਸ਼ ਆਪਣੇ ਨਾਲ ਲਿਜਾਣ ਲਈ ਆਖਿਆ। ਉਹ ਦੀ ਲਾਸ਼ ਨੂੰ ਮਸਾਲਿਆਂ ਨਾਲ ਸੁਰੱਖਿਅਤ ਕੀਤਾ ਗਿਆ ਤਾਂ ਜੋ ਸਮਾਂ ਆਉਣ ਤੇ **ਹੱਡੀਆਂ** ਨੂੰ ਕਨਾਨ ਵਿਚ ਦਫ਼ਨਾਇਆ ਜਾਵੇ (ਕੂਚ 13:19)। ਯਹੋਸ਼ੁਆ 24:32 ਦੇ ਮੁਤਾਬਿਕ ਅਖ਼ੀਰ ਵਿਚ ਯੂਸੁਫ਼ ਦੀਆਂ ਹੱਡੀਆਂ ਨੂੰ ਸ਼ਕਮ ਵਿਚ ਦਫ਼ਨਾ ਦਿੱਤਾ ਗਿਆ। ਇਹ ਉਦਾਹਰਣ ''ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਅਤੇ ਅਣਡਿੱਠ ਵਸਤਾਂ ਦੀ ਸਬੂਤੀ'' ਨੂੰ ਵੀ ਵਿਖਾਉਂਦੀ ਹੈ। ਯੂਸੁਫ਼ ਉਸ ਵੱਡੀ ਘਟਨਾ ਦੀ ਉਡੀਕ ਨਿਹਚਾ ਨਾਲ ਕਰਦਾ ਸੀ ਜਿਹੜੀ ਡੇਢ ਸਦੀ ਦੇ ਬਾਅਦ ਵਾਪਰੀ।

ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਕੂਚ ਦਾ ਜ਼ਿਕਰ ਨਬੂਵਤ ਅਤੇ ਪੂਰਾ ਹੋਣ ਵਿਚ ਦੱਸਿਆ ਗਿਆ ਹੈ (ਵੇਖੋ 1 ਕੁਰਿੰਥੀਆਂ 10:1, 2)। ਇਹ ਸ਼ੱਕ ਕਰਨ ਵਾਲਿਆਂ ਨੂੰ ਕਿ ਅਜਿਹਾ ਅਸਲ ਵਿਚ ਹੋਇਆ ਕਿ ਨਹੀਂ, ਧਿਆਨ ਦੇਣਾ ਚਾਹੀਦਾ ਹੈ ਕਿ ਇਹ ਯਹੂਦੀ ਇਤਿਹਾਸ ਦਾ ਕੇਂਦਰ ਬਿੰਦੂ ਸੀ। ''ਕੂਚ'' ਜਾਂ ''ਨਿੱਕਲਣਾ'' ਲਈ ਨਵੇਂ ਨੇਮ ਵਿਚ ਬਹੁਤ ਘੱਟ ਸ਼ਬਦ ਹੈ। ਇਸ ਦੀ ਵਰਤੋਂ ਸਿਰਫ਼ ਯਿਸੂ ਦੀ ਮੌਤ ਦੇ ਸਬੰਧ ਵਿਚ ਲੂਕਾ 9:31 ਅਤੇ ਪਤਰਸ ਦੇ ਸਬੰਧ ਵਿਚ 2 ਪਤਰਸ 1:15 ਵਿਚ ਮਿਲਦੀ ਹੈ। ਨਵੇਂ ਨੇਮ ਵਿਚਲੀ ਨਿਹਚਾ ਦਾ ਮੁੱਖ ਵਿਚਾਰ ਇਹ ਹੈ ਕਿ ਸਿਰਫ਼ ''ਨਿੱਕਲਣਾ'' ਹੀ ਨਹੀਂ, ਅਸਲ ਵਿਚ ''ਫ਼ਤਹਿਮੰਦ ਛੁਟਕਾਰਾ'' ਹੈ।[58]

11:23-29

**[23]ਨਿਹਚਾ ਨਾਲ ਜਾਂ ਮੂਸਾ ਜੰਮਿਆ ਤਾਂ ਉਹ ਦੇ ਮਾਪਿਆਂ ਨੇ ਉਹ ਨੂੰ ਤਿੰਨਾਂ ਮਹੀਨਿਆਂ ਤੀਕ ਲੁਕਾ ਰੱਖਿਆ ਕਿਉਂ ਜੋ ਉਨ੍ਹਾਂ ਵੇਖਿਆ ਭਈ ਬਾਲਕ ਸੋਹਣਾ ਹੈ ਅਤੇ ਓਹ ਪਾਤਸ਼ਾਹ ਦੇ ਫ਼ਰਮਾਨ ਤੋਂ ਨਾ ਡਰੇ। [24]ਨਿਹਚਾ ਨਾਲ ਮੂਸਾ ਨੇ ਜਾਂ ਸਿਆਣਾ ਹੋਇਆ ਤਾਂ ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ ਇਨਕਾਰ ਕੀਤਾ। [25]ਕਿਉਂ ਜੋ ਉਹ ਨੇ ਪਾਪ ਦੇ ਭੋਗ ਬਿਲਾਸ ਨਾਲੋਂ ਜੋ ਥੋੜੇ ਚਿਰ ਲਈ ਹੈ ਪਰਮੇਸ਼ੁਰ ਦੀ ਪਰਜਾ ਨਾਲ ਜਬਰੀ ਝੱਲਣ ਨੂੰ ਬਾਹਲਾ ਪਸੰਦ ਕੀਤਾ। [26] ਅਤੇ ਉਹ ਨੇ ਵਿਚਾਰ ਕੀਤਾ**

**ਭਈ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜਾਨਿਆਂ ਨਾਲੋਂ ਵੱਡਾ ਧਨ ਹੈ ਕਿਉਂ ਜੋ ਫਲ਼ ਵੱਲ ਉਹ ਦਾ ਧਿਆਨ ਸੀ। [27]ਨਿਹਚਾ ਨਾਲ ਉਹ ਨੇ ਪਾਤਸ਼ਾਹ ਦੇ ਕ੍ਰੋਧ ਤੋਂ ਭੈ ਨਾ ਕਰ ਕੇ ਮਿਸਰ ਨੂੰ ਛੱਡ ਦਿੱਤਾ ਕਿਉਂ ਜੋ ਉਹ ਅਲੱਖ ਨੂੰ ਜਾਣੀਦਾ ਲੱਖ ਕੇ ਤਕੜਾ ਰਿਹਾ। [28]ਨਿਹਚਾ ਨਾਲ ਉਹ ਨੇ ਪਸਾਹ ਦੇ ਤਿਉਹਾਰ ਨੂੰ ਅਤੇ ਲਹੂ ਛਿੜਕਣ ਦੀ ਬਿਧੀ ਨੂੰ ਮੰਨਿਆ ਭਈ ਨਾ ਹੋਵੇ ਜੋ ਪਲੋਠਿਆਂ ਦਾ ਨਾਸ ਕਰਨ ਵਾਲਾ ਉਨ੍ਹਾਂ ਨੂੰ ਹੱਥ ਲਾਵੇ। [29]ਨਿਹਚਾ ਨਾਲ ਓਹ ਲਾਲ ਸਮੁੰਦਰ ਦੇ ਵਿਚ ਦੀ ਜਿਵੇਂ ਸੁੱਕੀ ਜਮੀਨ ਉੱਤੇ ਦੀ ਪਾਰ ਲੰਘ ਗਏ ਪਰ ਇਹ ਦਾ ਜਾਂ ਮਿਸਰੀਆਂ ਨੇ ਉੱਦਮ ਕੀਤਾ ਤਾਂ ਡੁੱਬ ਮੋਏ।**

ਪੁਰਾਣੇ ਨੇਮ ਵਿਚ ਅਬਰਾਹਾਮ ਦੇ ਬਾਅਦ ਨਿਹਚਾ ਦੇ ਸਭ ਤੋਂ ਵੱਡੇ ਬੰਦੇ ਦੇ ਰੂਪ ਵਿਚ ਮੂਸਾ ਦਾ ਨਾਮ ਆਉਂਦਾ ਹੈ। ਮੂਸਾ ਦੀ ਕਹਾਣੀ ''ਯੂਨਾਨੀ ਨਾਟਕ ਵਿਚ ਦਮਦਾਰ ਤਰੀਕੇ ਨਾਲ ਦੱਸੀ ਜਾਂਦੀ ਹੈ।''[59] ਮੂਸਾ ਦੀ ਜ਼ਿੰਦਗੀ ਦੇ ਵਿਰਤਾਂਤ ਦੱਸੀ ਗਈ ਨਿਹਚਾ ਦੀ ਮਿਸਾਲ ਉਹ ਦੇ ਮਾਤਾ ਪਿਤਾ ਅਮਰਾਮ ਅਤੇ ਯੋਕਬਦ ਹੈ (ਜਿਨ੍ਹਾਂ ਦੇ ਨਾਂਅ ਕੂਚ 6:20 ਵਿਚ ਦੱਸੇ ਗਏ ਹਨ)। ਉਨ੍ਹਾਂ ਦੀ ਨਿਹਚਾ ਸਚਮੁਚ ਵਿਚ ਹਿੰਮਤ ਵਾਲੀ ਗੱਲ ਸੀ ਜਿਸ ਨਾਲ ਉਹ ਫ਼ਿਰਾਊਨ ਦੇ ਫ਼ਰਮਾਉਣ ਦੇ ਖਿਲਾਫ ਕੰਮ ਕਰਦਾ ਹੈ।

**ਆਇਤ 23.** ਪੁਰਾਣਾ ਨੇਮ ਉਨ੍ਹਾਂ ਗੱਲਾਂ ਤੇ ਧਿਆਨ ਦੁਆਉਂਦਾ ਹੈ ਜਿਹੜੀਆਂ **ਮੂਸਾ** ਦੀ ਮਾਤਾ ਨੇ **ਨਿਹਚਾ** ਦੇ ਰਾਹੀਂ ਕੀਤੀਆਂ (ਕੂਚ 2:1−10), ਪਰ ਯਕੀਨਨ ਹੀ ਉਹ ਦਾ ਪਿਤਾ ਹੀ ਨਿਹਚਾਵਾਨ ਸੀ। **ਉਹ ਦੇ ਮਾਪਿਆਂ ਨੇ** ਮਿਲ ਕੇ ਉਸ ਨੂੰ ਲੁਕਾਇਆ ਸੀ।[60]

ਖ਼ੁਦਾ ਨੇ ਅਮਰਾਮ ਅਤੇ ਯੋਕਬਦ ਉੱਤੇ ਪਰਗਟ ਕੀਤਾ ਹੋ ਸਕਦਾ ਹੈ ਕਿ ਉਨ੍ਹਾਂ ਦਾ ਪੁੱਤਰ ਇਕ ਖ਼ਾਸ ਬੱਚਾ ਹੋਣਾ ਸੀ, ਜਿਹਦੀ ਜ਼ਿੰਦਗੀ ਦਾ ਮਕਸਦ ਇਲਾਹੀ ਸੀ। ਇਬਰਾਨੀ ਲੋਕਾਂ ਵਾਂਗ ਉਨ੍ਹਾਂ ਦਾ ਵੀ ਵਿਚਾਰ ਅਜਿਹਾ ਹੋਵੇਗਾ ਕਿ ਇਕ ਛੁਟਕਾਰਾ ਦੁਆਉਣ ਵਾਲਾ ਉਨ੍ਹਾਂ ਦੇ ਲੋਕਾਂ ਵਿਚ ਭੇਜਿਆ ਜਾਵੇਗਾ। ਮਾਪੇ ਹੋਣ ਕਰਕੇ ਉਨ੍ਹਾਂ ਨੂੰ ਪਤਾ ਸੀ ਕਿ ਉਹ ਆਪਣੇ ਬੱਚੇ ਮਰਨ ਦੇਣਾ ਖ਼ੁਦਾ ਦੇ ਖ਼ਿਲਾਫ਼ ਹੈ, ਇਸ ਕਰਕੇ ਉਨ੍ਹਾਂ ਨੇ ਉਸ ਨੂੰ ਬਚਾਉਣ ਦਾ ਤਹਈਆ ਕੀਤਾ। ਵਚਨ ਇੱਥੇ ਖ਼ਾਸ ਤੌਰ ਤੇ ਉਸ ਦੇ ''ਪਰਮੇਸ਼ੁਰ ਅੱਗੇ ਸੋਹਣਾ'' ਹੋਣ ਦੀ ਗੱਲ ਕਰਦਾ ਹੋ ਸਕਦਾ ਹੈ (ਰਸੂਲਾਂ ਦੇ ਕੰਮ 7:20)।

ਮੂਸਾ ਦੇ ਮਾਪੇ ਜੇ ਰਾਜੇ ਦੇ ਹੁਕਮ ਤੋਂ ਡਰ ਜਾਂਦੇ ਤਾਂ ਉਨ੍ਹਾਂ ਨੇ ਉਸ ਨੂੰ ਮਿਸਰੀਆਂ ਦੇ ਹੱਥ ਦੇ ਦੇਣਾ ਸੀ। ਪਰ ਉਹ ਉਨ੍ਹਾਂ ਕਾਫ਼ਿਰ ਮਾਪਿਆਂ ਵਰਗੇ ਨਹੀਂ ਸਨ ਜਿਹੜੇ ਆਪਣੇ ਨਵਜੰਮੇ ਬੱਚੇ ਨੂੰ ਮਰਨ ਵਾਸਤੇ ਦੇ ਦਿੰਦੇ। ਇਹਦੇ ਉਲਟ ਉਨ੍ਹਾਂ ਨੇ ਆਪਣੇ ਬੇਟੇ ਨੂੰ ਤੈਰਨ ਵਾਲੀ ਟੋਕਰੀ ਵਿਚ ਰੱਖ ਦਿੱਤਾ। ਇਹ ਖ਼ੁਦਾ ਵਿਚ ਅਤੇ ਉਹ ਦੇ ਇਤਜ਼ਾਮ ਵਿਚ ਭਰੋਸੇ ਦਾ ਇਕ ਕੰਮ ਸੀ। ਉਨ੍ਹਾਂ ਨੇ ਅਜਿਹਾ ਇਸ ਕਰਕੇ ਕੀਤਾ ਕਿਉਂ ਜੋ ਉਹ **ਬਾਲਕ ਸੋਹਣਾ** ਸੀ (ਵੇਖੋ ਕੂਚ 2:2) ਅਤੇ **ਉਹ ਬਾਦਸ਼ਾਹ ਦੇ ਫ਼ਰਮਾਨ ਤੋਂ ਨਾ ਡਰੇ।** ਓਨ੍ਹਾਂ ਦਾ ਨਾ ਡਰਨਾ ਇਸ ਗੱਲ ਦਾ ਸੰਕੇਤ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਫ਼ਿਰਊਨ ਤੋਂ ਡਰਨ ਦੀ ਥਾਂ ਖ਼ੁਦਾ ਨੂੰ ਆਦਰ ਦਿੱਤਾ ਅਤੇ ਉਸ ਉੱਤੇ ਭਰੋਸਾ ਕੀਤਾ।

ਯਹੂਦੀ ਦੰਦਕਥਾ ਵਿਚ ਮੂਸਾ ਦੀ ਖ਼ੂਬਸੂਰਤੀ ਅਤੇ ਸਿਆਣਪ ਨੂੰ ਤਕਰੀਬਨ ਯਕੀਨ ਕਰਨ ਤੋਂ ਵੱਧ ਵਿਖਾਇਆ ਗਿਆ ਹੈ। ਫ਼ਿਲੋ ਨੇ ਲਿਖਿਆ ਹੈ, ''ਪੈਦਾ ਹੁੰਦਿਆਂ ਹੀ *[ਉਹ]* ਆਮ ਬੱਚਿਆਂ ਨਾਲੋਂ ਬੇਹੱਦ ਸੋਹਣਾ ਅਤੇ ਖ਼ੂਬਸੂਰਤ ਲੱਗ ਰਿਹਾ ਸੀ।''[61] ''ਸੋਹਣਾ'' ਦੇ ਵਿਚਾਰ ਤੋਂ ਇਹ ਸੁਝਾਅ ਮਿਲ ਸਕਦਾ ਹੈ ਕਿ ਉਹ ਕੋਈ ਆਮ ਬੱਚਾ ਨਹੀਂ ਹੈ। ਉਹਦੇ ਬਾਰੇ ਕਿਸੇ ਗੱਲ ਤੋਂ ਇਹ ਸੰਕੇਤ ਮਿਲਿਆ ਕਿ ਉਹ ਕੋਈ ਵੱਡਾ ਆਦਮੀ ਬਣੇਗਾ, ਪਰ ਇਹਦੇ ਇਲਾਵਾ ਕੁਝ ਹੋਰ ਕਹਿਣਾ ਸਿਰਫ਼ ਕਿਆਫ਼ਾ ਹੀ ਹੈ। ਮੂਸਾ ਨੂੰ ਸਿੱਖਿਆ ਦੀ ਹਰ ਗੱਲ ਵਿਚ ਮਾਹਿਰ ਵਿਖਾਇਆ ਗਿਆ ਹੈ।[62] ਜੋਸੇਫ਼ਸ ਨੇ ਮਿਸਰ ਦੀ ਫ਼ੌਜ ਦੇ ਜਰਨੈਲ ਦੇ ਰੂਪ ਵਿਚ ਇਥੋਪੀਆ ਦੇ ਖ਼ਿਲਾਫ਼ ਇਸ ਦੇ ਇਕ ਮੁਹਿੰਮ ਦੀ ਗੱਲ ਦੱਸੀ ਹੈ।[63] ਇਕ ਯੂਨਾਨੀ ਭਾਸ਼ਾ ਦੇ ਯਹੂਦੀ ਲੇਖਕ ਇਪੋਲੇਮੁਸ ਨੇ ਉਸ ਨੂੰ ਵਰਣਮਾਲਾ ਦੀ ਖੋਜ

ਕਰਨ ਵਾਲਾ ਦੱਸਿਆ।[64]

ਭਲਾ ਅਮਰਾਮ ਅਤੇ ਯੋਕਬਦ ਹੈਰਾਨ ਹੋਏ ਹੋਣਗੇ ਕਿ ''ਜੇ ਲਹਿਰ ਸਾਡੇ ਬੱਚੇ ਨੂੰ ਸਮੁੰਦਰ ਵਿਚ ਵਹਾ ਕੇ ਲੈ ਜਾਵੇ ਅਤੇ ਹਨੇਰੀ ਆਉਣ ਨਾਲ ਜੇ ਉਹ ਦੀ ਟੋਕਰੀ ਵਿਚ ਪਾਣੀ ਭਰ ਜਾਵੇ ਤਾਂ?'' ਉਨ੍ਹਾਂ ਨੇ ਨਿਹਚਾ ਨਾਲ ਕੰਮ ਕੀਤਾ ਸੀ ਇਸ ਕਰਕੇ ਲਗਦਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਸੰਭਾਵਨਾਵਾਂ ਨੇ ਪਰੇਸ਼ਾਨ ਨਹੀਂ ਕਰਨਾ ਸੀ। ਇਸਰਾਏਲੀ ਲੋਕ ਇਕ ਮੁਕਤੀਦਾਤੇ ਦੀ ਉਡੀਕ ਉਦੋਂ ਓਨੀ ਹੀ ਉਤਾਵਲੀ ਨਾਲ ਕਰ ਰਹੇ ਹੋਣਗੇ ਜਿੰਨੀ ਉਤਾਵਲੀ ਨਾਲ ਉਨ੍ਹਾਂ ਦੀ ਸੰਤਾਨ ਯਿਸੂ ਦੇ ਆਉਣ ਤੇ ਉਡੀਕ ਕਰ ਰਹੀ ਸੀ। ਦੁਆ ਦੀਆਂ ਪੁਕਾਰਾਂ ਨੂੰ ਸੁਣ ਕੇ ਜਵਾਬ ਦੇ ਦਿੱਤਾ ਗਿਆ (ਕੂਚ 3:9)।

ਮੂਸਾ ਦੇ ਮਾਪਿਆਂ ਦੇ ਇਸ ਸੰਖੇਪ ਸਾਨੂੰ ਖ਼ੁਦਾ ਵਿਚ ਮਜ਼ਬੂਤ, ਪੱਕੀ ਨਿਹਚਾ ਦੀਆਂ ਗੱਲਾਂ ਮਿਲਦੀਆਂ ਹਨ। ਇਹ ਉਹ ਨਿਹਚਾ ਸੀ ਜਿਸ ਨੇ ਖ਼ੁਦਾ ਵੱਲੋਂ ਦਿੱਤੀ ਗਈ ਪੇਸ਼ਕਸ਼ ਦੀਆਂ ਸੰਭਾਵਨਾਵਾਂ ਨੂੰ ਵੇਖਿਆ, ਉਹ ਨਿਹਚਾ ਜਿਸ ਨੇ ਬਾਦਸ਼ਾਹ ਦੇ ਫ਼ਰਮਾਨ ਦੇ ਬਾਵਜੂਦ ਕੰਮ ਕਰਨ ਦੀ ਦਲੇਰੀ ਦਿੱਤੀ ਅਤੇ ਉਹ ਨਿਹਚਾ ਜਿਸ ਨੇ ਖ਼ੁਦਾ ਦੇ ਇੰਤਜ਼ਾਮ ਵਿਚ ਭਰੋਸਾ ਦਿੱਤਾ।

ਵੱਡਾ ਹੋਣ ਤੇ ਮੂਸਾ ਦੇ ਮਾਪਿਆਂ ਦੀ ਨਿਹਚਾ ਮੂਸਾ ਦੀ ਆਪਣੀ ਨਿਹਚਾ ਬਣ ਗਈ। ਵਚਨ ਮੂਸਾ ਦੇ ਵਫ਼ਾਦਾਰ ਹੋਣ ਨੂੰ ਪੰਜ ਵੱਖੋ ਵੱਖ ਘਟਨਾਵਾਂ ਨੂੰ ਦੱਸਦਾ ਹੈ।

**ਆਇਤ 24.** ਮੂਸਾ ਉਸ ਵਕਤ ਦੇ ਸਭ ਤੋਂ ਵੱਡੇ ਦੇਸ਼ ਦਾ ਰਾਜਕੁਮਾਰ ਬਣਨਾ ਚੁਣ ਸਕਦਾ ਸੀ, ਪਰ ਉਸ ਨੇ ਚੁਣਿਆ ਨਹੀਂ। **ਨਿਹਚਾ ਨਾਲ ਮੂਸਾ ਨੇ ਜਾਂ ਸਿਆਣਾ ਹੋਇਆ ਤਾਂ ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ ਇਨਕਾਰ ਕੀਤਾ।** ''ਇਨਕਾਰ ਕੀਤਾ'' ਲਈ ਯੂਨਾਨੀ ਸ਼ਬਦ ਅਨਿਸਚਿਤ ਭੂਤਕਾਲ ਹੈ ਅਤੇ ਮਿਸਰ ਨੂੰ ਠੁਕਰਾਉਣਾ ਚੁਣਨ ਦੇ ਸਾਫ਼ ਕੰਮ ਨੂੰ ਵਿਖਾਉਂਦਾ ਹੈ।

ਇਹ ਪਸੰਦ ਚੁਣ ਕੇ ਮੂਸਾ ਅਸਲ ਵਿਚ ਕਿਸ ਗੱਲ ਦਾ ਇਨਕਾਰ ਕਰ ਰਿਹਾ ਸੀ। ਕੁਝ ਲੇਖਕਾਂ ਦਾ ਮੰਨਣਾ ਹੈ ਕਿ ਮੂਸਾ ਫ਼ਿਰਊਨ ਥੁਦਮੋਸ ਪਹਿਲੇ ਦੀ ਬੇਟੀ ਹੈਸ਼ਐਪਸੁਟ ਦਾ ਗੋਦ ਲਿਆ ਪੁੱਤਰ ਸੀ।[65] ਅਤੇ ਭਾਵੇਂ ਉਹ ਦਾ ਵਿਆਹ ਬਹੁਤ ਪਹਿਲਾਂ ਹੋਇਆ ਸੀ ਪਰ ਉਹ ਦੀ ਇਕ ਔਲਾਦ ਸੀ। ਇਹ ਸੰਭਵ ਹੈ ਕਿ ਮਿਸਰ ਦਾ ਤਾਜ ਮੂਸਾ ਨੂੰ ਹੀ ਮਿਲ ਜਾਣਾ ਸੀ ਜੇ ਉਹ ਫ਼ਿਰਊਨ ਦੇ ਘਰ ਵਿਚ ਰਿਹਾ ਹੁੰਦਾ।

**ਆਇਤ 25.** ਮਿਸਰ ਤੋਂ ਮੂੰਹ ਫੇਰਨ ਦੀ ਪਸੰਦ ਬਿਨਾਂ ਸੋਚੇ ਨਹੀਂ ਕੀਤੀ ਗਈ ਸੀ ਬਲਕਿ ਇਹ ਇਕ ਅਟਲ ਫੈਸਲਾ ਸੀ। ਫ਼ਿਰਊਨ ਦੇ ਘਰਾਣੇ ਵਿਚ ਆਪਣੀ ਪਦਵੀ ਨੂੰ ਛੱਡ ਕੇ ਮੂਸਾ ਨੇ **ਪਰਮੇਸ਼ੁਰ ਦੀ ਪਰਜਾ ਨਾਲ ਜਬਰੀ ਝੱਲਣ ਨੂੰ** ਚੁਣਿਆ। ਮੂਸਾ ਦੇ ਸਮੇਂ ਵਿਚ ਗੁਲਾਮਾਂ ਨਾਲ ਕੀਤਾ ਜਾਣ ਵਾਲਾ ਜ਼ਲਾਲਤ ਭਰਿਆ ਸਲੂਕ ਬਹੁਤ ਸਖ਼ਤ ਸੀ। ਯਿਸੂ ਵਾਂਗ ਮੂਸਾ ਨੂੰ ਆਪਣੇ ਲੋਕਾਂ ਵਿਚ ਪਾਈ ਜਾਣ ਵਾਲੀ ਗਰੀਬੀ ਅਤੇ ਦੁਖੀਆਂ ਉੱਤੇ ਰਹਿਮ ਆਉਂਦਾ ਹੋਵੇਗਾ।

ਆਪਣੀ ਪਸੰਦ ਚੁਣਦਿਆਂ ਮੂਸਾ ਨੇ ਮਿਸਰ ਦੀ ਦੌਲਤ ਦੇ ਮੁਕਾਬਲੇ ਉਸ ''ਕਲੰਕ ਨੂੰ ਜਿਹੜਾ ਖ਼ੁਦਾ ਦੇ ਚੁਣਿਆਂ ਹੋਇਆਂ ਉੱਤੇ ਰਹਿੰਦਾ ਹੈ'' ਨਾਲ ਮਿਲਾਇਆ (NEB)। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਇਸਰਾਏਲੀ ਲੋਕ ''ਖ਼ੁਦਾ ਦੇ ਚੁਣੇ ਹੋਏ'' ਸਨ ਪਰ ਮਸੀਹ ਨੂੰ ਛੱਡ ਕਿਸੇ ਹੋਰ ਲਈ ਇਬਰਾਨੀਆਂ ਦੀ ਕਿਤਾਬ ਵਿਚ ਨਾ ਇੱਥੇ ਅਤੇ ਨਾ ਕਿਤੇ ਹੋਰ *christos* ਸ਼ਬਦ ਦੀ ਵਰਤੋਂ ਹੋਈ ਹੈ। ਜੇ ਇਹ ਵਾਕਅੰਸ਼ ''ਚੁਣੇ ਹੋਇਆਂ'' ਦੇ ਸਬੰਧ ਵਿਚ ਹੈ ਤਾਂ ਇਸ ਆਇਤ ਦਾ ਮਤਲਬ ਹੈ ਕਿ ਮੂਸਾ ਨੇ ਉਨ੍ਹਾਂ ਨਾਲ ਦੁੱਖ ਝੱਲਣ ਨੂੰ ਚੁਣਿਆ। ਉਸ ਨੂੰ ਉਵੇਂ ਹੀ ਦੁੱਖ ਝੱਲਣਾ ਪੈਣਾ ਸੀ ਜਿਵੇਂ ਬਾਅਦ ਦੀਆਂ ਸਦੀਆਂ ਵਿਚ ਖ਼ੁਦਾ ਦੇ ਠਹਿਰਾਏ (ਜਾਂ ਚੁਣੇ) ਬਹੁਤ ਸਾਰੇ ਹੋਰ ਲੋਕਾਂ ਨੇ ਝੱਲਣਾ ਸੀ। ਉਹ ''ਮਸੀਹ'' ਦੇ ਨਾਲ ਮਿਲ ਗਿਆ, ਅਨੁਵਾਦ ਬੇਹਤਰ ਲਗਦਾ ਹੈ। ਮਸੀਹਾ ਦਾ ਦੁੱਖ ਝੱਲਣਾ ਅਪਮਾਨ ਦੀ ਹੱਦ ਤਕ ਹੋਣਾ ਸੀ। ਮਸੀਹ ਨਾਲ ਜੁੜੇ ਕਲੰਕ ਕਰਕੇ ਜਿੰਨਾਂ ਮਸੀਹੀ ਲੋਕਾਂ ਦੀ ਨਿਹਚਾ ਦੇ ਡੋਲਣ ਦਾ ਖ਼ਤਰਾ ਸੀ। ਉਨ੍ਹਾਂ ਨੂੰ ਖ਼ੁਦਾ ਦੇ ਕੰਮ ਲਈ ਮੂਸਾ ਦੇ ਸਮਰਪਣ ਨੂੰ ਪੜ੍ਹ ਕੇ

ਬੜੀ ਦਲੇਰੀ ਮਿਲਣੀ ਸੀ।

**ਪਾਪ ਦੇ ਭੋਗ ਵਿਲਾਸ ਜੋ ਥੋੜ੍ਹੇ ਚਿਰ ਲਈ ਹੈ** ਵਿਚ ਫਸਣਾ ਅਸਾਨ ਹੈ। ਇਸੋਂ ਇਲਾਵਾ ਕੋਈ ''ਪਾਪ ਦੇ ਧੋਖੇ ਨਾਲ ਕਠੋਰ'' ਹੋ ਸਕਦਾ ਹੈ (ਇਬਰਾਨੀਆਂ 3:13)। ਮੂਸਾ ਕੋਲ ਮਿਸਰ ਦੀ ਜਾਂ ਇਸਰਾਏਲੀਆਂ ਦੀ ਅਗਵਾਈ ਕਰਨ ਦੀ ਚੋਣ ਕਰਨ ਦੀ ਪਸੰਦ ਸੀ ਅਤੇ ਉਸ ਨੂੰ ਇਸਰਾਏਲੀਆਂ ਦੀ ਅਗਵਾਈ ਕਰਨ ਨੂੰ ਕਿਹਾ। ਉਹ ਤਰਕ ਦੇ ਸਕਦਾ ਸੀ, ''ਯੂਸੁਫ਼ ਇਸ ਦੇਸ਼ ਵਿਚ ਤਾਕਤਵਰ ਹੋਇਆ ਅਤੇ ਮੌਤ ਤੋੜੀ ਇੱਥੇ ਹੀ ਰਿਹਾ। ਉਸ ਨੇ ਖ਼ੁਦਾ ਅਤੇ ਆਪਣੇ ਲੋਕਾਂ ਦੀ ਸੇਵਾ ਬੜੇ ਵਧੀਆ ਢੰਗ ਨਾਲ ਕੀਤੀ ਤਾਂ ਮੈਂ ਵੀ ਉਹੀ ਸੇਵਾ ਕਿਉਂ ਨਹੀਂ ਕਰ ਸਕਦਾ?'' ਪਰ ਜੇ ਮੂਸਾ ਨੇ ਇਸ ਤਰ੍ਹਾਂ ਨਾਲ ਸੋਚਿਆ ਹੋਵੇਗਾ ਤਾਂ ਯਕੀਨਨ ਹੀ ਉਸ ਨੇ ਆਪਣੇ ਵਿਸ਼ਵਾਸ ਕਾਰਣ ਇਸ ਨੂੰ ਆਪਣੇ ਦਿਲ ਵਿੱਚੋਂ ਕੱਢ ਦਿੱਤਾ ਹੋਵੇਗਾ। ਉਸ ਨੇ ਮਿਸਰ ਨੂੰ ਇਸ ਦੀ ਥੋੜ੍ਹੀ ਦੇਰ ਦੀ ਖੁਸ਼ਹਾਲੀ ਅਤੇ ਬਦਕਾਰੀ ਵਾਲੇ ਜੀਵਨ ਨਾਲ ਬਹੁਤ ਵੇਖ ਲਿਆ ਸੀ।

**ਆਇਤ 26ੳ.** ਮੂਸਾ ਨੇ **ਵਿਚਾਰ ਕੀਤਾ** ਕਿ ਖ਼ੁਦਾ ਦੀਆਂ ਗੱਲਾਂ **ਮਿਸਰ ਦੇ ਖ਼ਜਾਨਿਆਂ ਨਾਲੋਂ ਵੱਡਾ ਧਨ** ਹੈ।[66] ਮਿਸਰ ਦੀ ਦੌਲਤ ਪਹਿਲਾਂ ਹੀ ਬੇਸ਼ੁਮਾਰ ਸੀ। ਇਸ ਦੀ ਵੱਡੀ ਦੌਲਤ ਵਿੱਚੋਂ ਕੁਝ ਦਾ ਪਤਾ ਛੇ ਸਾਲ ਦੀ ਖ਼ੁਦਾਈ ਦੇ ਹੌਵਰਡ ਕਾਰਟਰ ਅਤੇ ਲੌਰਡ ਕਾਰਣੀਵਲ ਵੱਲੋਂ 1922 ਵਿਚ ਟੁੱਟਨਖਾਮੇਨ ਰਾਜੇ ਦੀ ਕਬਰ ਵਿਚ ਲੱਗਾ ਸੀ। ਕਬਰ ਤਰੀਬਨ 3,500 ਸਾਲਾਂ ਤੋਂ ਬੰਦ ਸੀ। ਜਵਾਨ ਰਾਜੇ ਦੀ ਕਬਰ ਤਾਬੂਤ ਅਤੇ ਹੋਰ ਚੀਜ਼ਾਂ ਨੂੰ ਜਿਹੜੀਆਂ ਐਨੀਆਂ ਜ਼ਿਆਦਾ ਸੋਨੇ ਦੀਆਂ ਸਨ ਕਿ ਉਨ੍ਹਾਂ ਦਾ ਜ਼ਿਕਰ ਕਰਨਾ ਔਖਾ ਹੈ, ਵਿਖਾਉਣ ਲਈ ਖੋਲ੍ਹਿਆ ਗਿਆ। ਕਬਰ ਵਿੱਚੋਂ ਕੱਢਿਆ ਸੋਨੇ ਦਾ ਇਕ ਮਖੌਟਾ ਸਰਕਾਰ ਦੇ ਸਬ ਤੋਂ ਖੂਬਸੂਰਤ ਖਜ਼ਾਨਿਆਂ ਵਿੱਚੋਂ ਇਕ ਹੈ। ਜਵਾਨ ਦੀ ਲਾਸ਼ ਦੋ ਵੱਡੇ ਤਾਬੂਤਾਂ ਵਿਚ ਰੱਖੀ ਮਿਲੀ ਸੀ ਜਿਸ ਵਿੱਚੋਂ ਇਕ ਤਾਬੂਤ ਨੂੰ ਦੂਜੇ ਦੇ ਅੰਦਰ ਰੱਖਿਆ ਗਿਆ ਸੀ ਅਤੇ ਦੋਵੇਂ ਹੀ ਖਾਲਸ ਸੋਨੇ ਦੇ ਬਣਾਏ ਗਏ ਸਨ। ਰਾਜਾ ਟੁਟ, ਜਿਵੇਂ ਕਿ ਮਸ਼ਹੂਰ ਹੈ, ਅਠਾਰਾਂ ਜਾਂ ਉੱਨੀ ਸਾਲ ਦੀ ਉਮਰ ਵਿਚ ਮਰਨ ਕਰਕੇ ਮਹੱਤਵਹੀਣ ਹੈ, ਪਰ ਉਹਦੀ ਕਬਰ ਵਿੱਚੋਂ ਜ਼ਬਰਦਸਤ ਪੁਰਾਤਣ ਮਿਸਰ ਦੀ ਦੌਲਤ ਦਾ ਪਤਾ ਲਗਦਾ ਹੈ।

ਮੂਸਾ ਅਤੇ ਰਾਜਾ ਟੁਟ ਦੇ ਰਹਿਣ ਦੇ ਸਮੇਂ ਵਿਚ ਸਿਰਫ਼ ਇਕ ਸੌ ਵੀਹ ਸਾਲਾਂ ਦਾ ਫ਼ਰਕ ਹੈ। ਟੁੱਟ ਆਪਣੀ ਦੌਲਤ ਦੀ ਯਾਦ ਵਿਚ ਰਹਿੰਦਾ ਹੈ ਜਦ ਕਿ ਮੂਸਾ ਹਮੇਸ਼ਾ ਲਈ ਖ਼ੁਦਾ ਅਤੇ ਨਿਹਚਾਵਾਨਾਂ ਦੀ ਯਾਦ ਵਿਚ ਰਹਿੰਦਾ ਹੈ। ਮੂਸਾ ਨੇ ਦੀਨ-ਹੀਨ ਇਸਰਾਏਲੀਆਂ ਦਾ ਪੱਖ ਚੁਣਿਆ ਕਿਉਂ ਜੋ ਇਹ ਖ਼ੁਦਾ ਦਾ ਪੱਖ ਸੀ। ਰਾਜਾ ਟੁਟ ਦੀ ਜ਼ਿੰਦਗੀ ਇਸ ਗੱਲ ਦਾ ਐਲਾਨ ਹੈ ਕਿ ਸ਼ੋਹਰਤ ਅਤੇ ਦੌਲਤ ਸਿਰਫ਼ ਥੋੜ੍ਹੀ ਦੇਰ ਵਾਸਤੇ ਰਹਿੰਦੀ ਹੈ। ਮਿਸਰ ਦੀ ਦੌਲਤ ਅਤੇ ਤਾਕਤ ਖ਼ਤਮ ਹੋ ਗਈ ਸੀ। ਪਰ ਖ਼ੁਦਾ ਦੀ ਦੌਲਤ ਅਤੇ ਤਾਕਤ ਕਾਇਮ ਰਹਿੰਦੀ ਹੈ। ਦੁਨਿਆਵੀ ਦੌਲਤ ਦੀ ਤਮੰਨਾ ਨਸ਼ੇ ਵਾਂਗ ਲਗ ਸਕਦੀ ਹੈ। ਮੂਸਾ ਨੇ ਦੱਬੇ ਕੁਚਲੇ ਲੋਕਾਂ ਦਾ ਭਾਗ ਬਣਨਾ ਚੁਣਿਆ ਅਤੇ ਪੂਰੀ ਤਰ੍ਹਾਂ ਨਾਲ ਉਨ੍ਹਾਂ ਦੇ ਦੁੱਖ ਝੱਲਣ ਵਿਚ ਉਨ੍ਹਾਂ ਦੇ ਵਰਗਾ ਹੋ ਗਿਆ।

**ਮਸੀਹ ਦੇ ਨਮਿੱਤ ਨਿੰਦਿਆ ਜਾਣਾ** ਤੋਂ ਭਾਵ ਉਹੋ ਜਿਹੀ ਨਿੰਦਿਆ ਵੀ ਹੋ ਸਕਦੀ ਹੈ ਜਿਹੀ ਮਸੀਹ ਨੂੰ ਆਪ ਝੱਲਣੀ ਪਈ ਸੀ (ਵੇਖੋ 13:13)। ਕੁਝ ਹੱਦ ਤਕ ਹਰ ਸੰਤ ਲਈ ਇਸ ਨੂੰ ਝੱਲਣਾ ਜ਼ਰੂਰੀ ਹੈ (2 ਤਿਮੋਥਿਉਸ 3:12)। ਇਬਰਾਨੀਆਂ ਦੀ ਪੱਤਰੀ ਪ੍ਰਾਪਤ ਕਰਨ ਵਾਲੇ ਮਸੀਹੀ ਲੋਕਾਂ ਨੇ ਮਸੀਹ ਨਾਲ ਆਪਣੀ ਨਿਸ਼ਠਾ ਦੇ ਕਾਰਣ ਦੁੱਖ ਝੱਲਿਆ ਸੀ, ਇਸ ਕਰਕੇ ਉਨ੍ਹਾਂ ਲਈ ਮੂਸਾ ਦੀ ਉਦਾਹਰਣ ਬੜੀ ਖ਼ਾਸ ਹੋਣੀ ਸੀ।

ਮੂਸਾ ਦਾ ਕੰਮ ਉਸ ਨੂੰ ਮਸੀਹ ਵੱਲ ਲੈ ਗਿਆ ਅਤੇ ਉਸੇ ਵੱਲ ਇਸ਼ਾਰਾ ਕਰਦਾ ਸੀ। ਇਹ ਦਾ ਮਤਲਬ ਹੈ ਕਿ ਮੂਸਾ ਨੂੰ ਕਿਸੇ ਤਰ੍ਹਾਂ ਦਾ ਮੁਕਾਸ਼ਫ਼ਾ ਮਿਲਿਆ ਸੀ, ਜਿਹੜਾ ਉਸ ਦੇ ਕੰਮ ਨੂੰ ਮਸੀਹ ਦੇ ਕੰਮ ਨਾਲ ਜੋੜਦਾ ਸੀ। ਚੁਣੌਤੀ ਨੂੰ ਸਵੀਕਾਰ ਕਰਦਿਆਂ ਉਸ ਨੇ ਖ਼ੁਦਾ ਦੇ ਲੋਕਾਂ ਨਾਲ ਆਪਣੇ

ਆਪ ਨੂੰ ਮਿਲਾ ਲਿਆ, ਪਰ ਹੋਰ ਖ਼ਾਸ ਤਰ੍ਹਾਂ ਨਾਲ ਉਸ ਨਿੰਦਿਆ ਵਿਚ ਜਿਹੜੀ ਬਾਅਦ ਵਿਚ ਉਸ ਨੇ ਝੱਲਣੀ ਸੀ, ਖ਼ਾਸਕਰ ਮਸੀਹ ਦੇ ਨਾਲ।[67] ਹੋ ਸਕਦਾ ਹੈ ਕਿ ਇਸੇ ਅਰਥ ਵਿਚ ਉਸ ਨੇ ''ਮਸੀਹ ਦੇ ਨਮਿੱਤ ਨਿੰਦਿਆ ਜਾਣ ਨੂੰ'' ਐਨਾਂ ਅਹਿਮ ਮੰਨਿਆ। ਜੇ ਉਸ ਨੂੰ ਉਦੋਂ ਪਤਾ ਨਹੀਂ ਸੀ ਤਾਂ ਉਸ ਨੂੰ ਬਾਅਦ ਵਿੱਚੋਂ ਪਤਾ ਲੱਗ ਗਿਆ ਹੋਵੇਗਾ ਕਿ ਉਹ ਆਉਣ ਵਾਲੇ ਮਸੀਹਾ ਵਰਗਾ ਹੈ (ਵਿਵਸਥਾਸਾਰ 18:15−18)। ਜੇ ਅਬਰਾਹਾਮ ਨੂੰ ਮਸੀਹ ਦਾ ਪਤਾ ਸੀ (ਯੂਹੰਨਾ 8:56), ਤਾਂ ਯਕੀਨਨ ਹੀ ਮੂਸਾ ਨੂੰ ਵੀ ਮਸੀਹਾ ਦਾ ਪਤਾ ਹੋਵੇਗਾ। ਸ਼ਾਇਦ ਪੌਲੁਸ ਵਾਂਗ ਜਿਸ ਨੂੰ ਦੂਸਰੇ ਲੋਕ ਲਾਭ ਮੰਨਦੇ ਸਨ ਉਹ ਵੀ ਮਸੀਹ ਦੇ ਕਾਰਣ ਉਸ ਨੂੰ ਹਾਣੀ ਮੰਨਦਾ ਸੀ (ਫ਼ਿਲਿੱਪੀਆਂ 3:7−10)। ਸਾਨੂੰ ਉਹੀ ਜਾਣਨਾ ਜ਼ਰੂਰੀ ਹੈ ਜਿਸ ਦਾ ਪਤਾ ਮੂਸਾ ਨੂੰ ਅਤੇ ਅੱਯੂਬ ਨੇ ਵੇਖਿਆ: ''ਦੁਸ਼ਟਾਂ ਦਾ ਜੈਕਾਰਾ ਥੋੜ੍ਹੇ ਚਿਰ ਲਈ ਹੈ, ਅਤੇ ਕੁਧਰਮੀ ਦਾ ਆਨੰਦ ਇਕ ਪਲ ਦਾ ਹੈ'' (ਅੱਯੂਬ 20:5)।

**ਆਇਤ 26ਅ.** ਸਾਨੂੰ ਮੂਸਾ ਦੇ ਫੈਸਲੇ **ਕਿਉਂ ਜੋ ਫਲ਼ ਵੱਲ ਉਹ ਦਾ ਧਿਆਨ ਸੀ** ਦੀ ਪ੍ਰੇਰਣਾ ਨਜ਼ਰ ਆਉਂਦੀ ਹੈ। *misthapodosia* ਤੋਂ ਲਿਆ ਗਿਆ ''ਫਲ'' ਲਈ ਯੂਨਾਨੀ ਸ਼ਬਦ 2:2 ਅਤੇ 10:35 ਵਿਚ ਵੀ ਮਿਲਦਾ ਹੈ। ਇਹ ਇਬਰਾਨੀਆਂ ਦੀ ਕਿਤਾਬ ਵਿਚ ਇਕ ਖ਼ਾਸ ਵਿਚਾਰ ਨੂੰ ਮਿਲਾਉਂਦਾ ਹੈ ਜਿਸ ਦਾ ਅਰਥ ਜਾਂ ਤਾਂ ''ਇਨਾਮ'' ਹੈ ਜਾਂ ''ਸਜ਼ਾ।'' KJV ਵਿਚ ਇਸ ਦਾ ਅਨੁਵਾਦ ''ਇਨਾਮ ਦਾ ਮੁਆਵਜ਼ਾ'' ਹੈ।

ਆਪਣੇ ਬਦਲਾਂ ਨੂੰ ਵੇਖ ਲੈਣ ਦੇ ਬਾਅਦ ਮੂਸਾ ਨੇ ਭਾਵੀ ਫਲ਼ ਨੂੰ ਦੁਨਿਆਵੀ ਦੌਲਤ ਨਾਲੋਂ ਕਿਤੇ ਵੱਧ ਵੇਖਿਆ ਅਤੇ ਮੰਨ ਲਿਆ ਕਿ ਮਿਸਰ ਦੀ ਦੌਲਤ ਅਤੇ ਤਾਕਤ ਨੂੰ ਠੁਕਰਾਉਣ ਲਈ ਉਹ ਆਰਜੀ ਖ਼ਤਰੇ ਅਤੇ ਬਦਨਾਮੀ ਦੀ ਪਰਵਾਹ ਨਹੀਂ ਕਰੇਗਾ। ਉਸ ਨੇ ਇਹ ਫੈਸਲਾ ਮਿਸਰੀ ਨੂੰ ਕਤਲ ਕਰਨ ਤੋਂ ਬਹੁਤ ਪਹਿਲਾਂ ਹੀ ਲੈ ਲਿਆ ਹੋਵੇਗਾ।

**ਆਇਤ 27. ਬਾਦਸ਼ਾਹ ਦੇ ਕ੍ਰੋਧ ਤੋਂ ਭੈ ਨਾ ਕਰ ਕੇ** ਕੂਚ 2:11−15 ਦਾ ਉਲਟ ਲਗਦਾ ਹੈ, ਜੋ ਇਹ ਸੁਝਾਅ ਦਿੰਦਾ ਹੈ ਕਿ ਮੂਸਾ ਮਿਸਰੀ ਨੂੰ ਕਤਲ ਕਰਨ ਦੇ ਬਾਅਦ ਡਰ ਕੇ ਭੱਜ ਗਿਆ ਸੀ। ਉਸ ਨੂੰ ਆਪਣੀ ਨਿੱਜੀ ਸੁਰੱਖਿਆ ਦਾ ਡਰ ਹੋ ਸਕਦਾ ਹੈ, ਭਾਵੇਂ ਉਸ ਨੂੰ ਮਿਸਰ ਦੀ ਥਾਂ ਖ਼ੁਦਾ ਦੀ ਸੇਵਾ ਕਰਨ ਦੀ ਆਪਣੀ ਪਸੰਦ ਚੁਣਨ ਦਾ ਕੋਈ ਡਰ ਨਹੀਂ ਸੀ।[68] ''ਸਚਮੁਚ, ਉਹ ਡਰਿਆ ਤਾਂ ਸੀ, ਪਰ ਡਰ ਕਰਕੇ ਉਹ ਮਿਸਰ ਤੋਂ ਨਹੀਂ ਭਜਿਆ। ਮਿਸਰ ਤੋਂ ਉਸ ਦਾ ਭੱਜਣਾ ਉਹਦੀ ਨਿੱਹਚਾ ਦਾ ਕਾਰਜ ਸੀ।''[69] ਜ਼ਾਲਿਮ ਹਾਕਮ ਦੇ ਕਹਿਰ ਤੋਂ ਭੱਜਣ ਲਈ ਜਿਹੜਾ ਉਸ ਦਾ ਪਿੱਛਾ ਕਰਕੇ ਉਸ ਨੂੰ ਮਾਰ ਸਕਦਾ ਸੀ, ਬੜੀ ਦਲੇਰੀ ਚਾਹੀਦੀ ਸੀ; ਪਰ ਉਹ ਦੀ ਨਿਹਚਾ ਉਹ ਦੀ ਦਲੇਰੀ ਨਾਲੋਂ ਕਿਤੇ ਵੱਧ ਕੇ ਸੀ। ਖ਼ੁਦਾ ਨੇ ਉਸ ਦੀ ਹਿਫ਼ਾਜ਼ਤ ਕੀਤੀ ਕਿਉਂ ਜੋ ਉਸ ਨੇ ਨਿਹਚਾ ਨਾਲ ਕੰਮ ਕੀਤਾ। ''ਮਿਸਰ ਨੂੰ ਪਿੱਛੇ ਛੱਡ ਕੇ ਉਹ ਆਪਣੇ ਪੁਰਖਿਆ ਨਾਲ ਮਿਲ ਗਿਆ ਜਿਹੜੇ ਬੇਘਰ ਹੋ ਕੇ ਧਰਤੀ ਤੇ ਮਾਰੇ ਮਾਰੇ ਫ਼ਿਰਦੇ ਸਨ।''[70] ਹੁਣ ਤਕ ਇਸਰਾਏਲ ਦੇ ਖ਼ੁਦਾ ਵਿਚ ਉਹ ਦਾ ਵਿਸ਼ਵਾਸ ਪੂਰੀ ਤਰ੍ਹਾਂ ਨਾਲ ਬਣ ਗਿਆ ਸੀ ਅਤੇ ਉਹ ਦਾ ਡਰ ਘੱਟ ਗਿਆ ਸੀ।

ਇਹ ਵਿਖਾਉਣ ਲਈ ਕਿ ਆਪਣੇ ਪਹਿਲੇ ਕੂਚ ਤੋਂ ਮੂਸਾ ਰਾਜੇ ਤੋਂ ਡਰਿਆ ਨਹੀਂ ਸੀ, ਦਿੱਤੇ ਗਏ ਤਰਕ ਜੁਗਤ ਲਗਦੇ ਹਨ। ਪਰ ਜਿਵੇਂ ਕਿ ਵਚਨ ਦੱਸਦਾ ਹੈ, ਮਿਸਰ ਨੂੰ ਇਹ ਜਾਣਾ ਨਿਹਚਾ ਦਾ ਇਕ ਕਾਰਜ ਸੀ, ਫਿਰ ਉਹ ਆਪਣੀ ਉਸ ਨਿਹਚਾ ਕਰਕੇ ਗਿਆ ਕਿ ਖ਼ੁਦਾ ਨੇ ਉਹ ਦੇ ਲਈ ਕੀ ਰੱਖਿਆ ਹੈ। ਜੋ ਵੀ ਡਰ ਸੀ ਉਹ ਖ਼ੁਦਾ ਦੀ ਸੇਵਾ ਕਰਨ ਦੀ ਉਸ ਦੀ ਇੱਛਾ ਦੇ ਸਾਹਮਣੇ ਘਟ ਮਹੱਤਵ ਵਾਲਾ ਸੀ।

ਮੂਸਾ ਦੇ ਡਰ ਦੇ ਸਬੰਧ ਵਿਚ ਲੱਗਣ ਵਾਲੇ ਵਿਰੋਧਾਭਾਸ ਨੂੰ ਸੁਲਝਾਉਣ ਲਈ ਇਕ ਬਦਲਵਾਂ ਵਿਚਾਰ ਇਹ ਮੰਨਣਾ ਸੁਝਾਇਆ ਗਿਆ ਹੈ ਕਿ ਮੂਸਾ ਦੋ ਮੌਕਿਆਂ ਤੇ ਮਿਸਰ ਤੋਂ ਭਜਿਆ ਸੀ। ਇਕ ਵਾਰ ਉਹ ਫ਼ਿਰਊਨ ਦੇ ਡਰੋਂ ਭਜਿਆ ਸੀ (ਕੂਚ 2), ਪਰ ਇਕ ਹੋਰ ਵਾਰ ਉਦੋਂ ਗਿਆ ਜਦੋਂ ਉਹ

ਇਸਰਾਏਲੀਆਂ ਨੂੰ ਮਿਸਰ ਵਿੱਚੋਂ ਬਾਹਰ ਲਿਆਇਆ ਸੀ (ਕੂਚ 13)। ਜੇ ਇਬਰਾਨੀਆਂ 11 ਦੇ ਵਿਰਤਾਂਤ ਵਾਲੀਆਂ ਘਟਨਾਵਾਂ ਨੂੰ ਕੂਚ ਵਾਲੀਆਂ ਘਟਨਾਵਾਂ ਨਾਲ ਜੋੜ ਕੇ ਕਾਲਕ੍ਰਮ ਵਿਚ ਰੱਖਿਆ ਜਾਵੇ ਤਾਂ ਆਇਤ 27 ਵਾਲਾ ਕੂਚ ਕਨਾਨ ਲਈ ਨਹੀਂ ਬਲਕਿ ਮਿਦਯਾਨ ਲਈ ਸੀ।[71] ਪਰ ਇਹ ਸੰਭਾਵਨਾ ਬਹੁਤੀ ਲਗਦੀ ਹੈ ਕਿ ਇਹ ਆਇਤ ਕੂਚ ਦੀ ਗੱਲ ਕਰਦੀ ਹੈ।[72]

ਬੇਸ਼ੱਕ ਉਸ ਨੇ ਫ਼ਿਰਊਨ ਅੱਗੇ ਜਾਣ ਲਈ ਅਯੋਗ ਹੋਣ ਦਾ ਦਾਅਵਾ ਕੀਤਾ ਸੀ (ਕੂਚ 4:10), ਪਰ ਮੂਸਾ ਨੂੰ ਰਾਜਦਰਬਾਰ ਦੀ ਭਾਸ਼ਾ ਅਤੇ ਇਸ ਦੀ ਵਰਤੋਂ ਕਰਨ ਵਿਚ ਮਹਾਰਤ ਮਿਲ ਗਈ। ਸ਼ਾਇਦ ਉਹ ਉਜਾੜ ਵਿਚ ਰਹਿਣ ਦੇ ਚਾਲੀ ਸਾਲਾਂ ਦੌਰਾਨ ਆਪਣੇ ਸ਼ਾਹੀ ਕੌਸ਼ਲ ਨੂੰ ਥੋੜ੍ਹਾ ਬਹੁਤ ਭੁੱਲ ਚੁੱਕਿਆ ਸੀ, ਪਰ ਛੇਤੀ ਹੀ ਉਹ ਫ਼ਿਰਊਨ ਤੋਂ ਬੇਖੌਫ਼ ਹੋ ਗਿਆ (ਕੂਚ 5—12)। ਦੂਜੇ ਮੌਕੇ ਤੇ ਫ਼ਿਰਊਨ ਅੱਗੋ ਬੇਖੌਫ਼ ਹੋ ਕੇ ਹੀ, **ਨਿਹਚਾ ਨਾਲ ਉਹ ਨੇ . . . ਮਿਸਰ ਨੂੰ ਛੱਡ ਦਿੱਤਾ।** ਲਾਲ ਸਮੁੰਦਰ ਪਾਰ ਕਰਕੇ ਉਹ ਖ਼ੁਦਾ ਦੀ ਬੰਦਗੀ ਕਰਨ ਲਈ ਉਜਾੜ ਵਿਚ ਪਰਵੇਸ਼ ਕੀਤਾ।

ਪੁਰਾਣਾ ਨੇਮ ਕੂਚ ਵੇਲੇ ਬਾਦਸ਼ਾਹ ਦੇ ਕਹਿਰ ਦਾ ਜ਼ਿਕਰ ਨਹੀਂ ਕਰਦਾ, ਪਰ ਗੁਲਾਮਾਂ ਦੇ ਚਲੇ ਜਾਣ ਦੇ ਬਾਅਦ ਉਹ ਦੇ ਵੱਲੋਂ ਉਨ੍ਹਾਂ ਦਾ ਪਿੱਛਾ ਕੀਤਾ ਜਾਣਾ ਇਹ ਸੁਝਾਅ ਦਿੰਦਾ ਹੈ ਕਿ ਉਨ੍ਹਾਂ ਨੇ ਆਪਣੇ ਜਾਣ ਨਾਲ ਬਾਦਸ਼ਾਹ ਦੀਆਂ ਇੱਛਾਵਾਂ ਨੂੰ ਲਲਕਾਰਿਆ ਸੀ (ਕੂਚ 14:5–9)। ਇੱਥੇ ਹੀ ਮੂਸਾ **ਤਕੜਾ ਰਿਹਾ।** ਉਹ ਉਸ ਦੇ ਬਾਅਦ ਤੋਂ ਲੋਕਾਂ ਦੀ ਅਗਵਾਈ ਕਰਦਿਆਂ ਨਿਹਚਾ ਵਿਚ ਤਕੜਾ ਰਿਹਾ। ਖ਼ੁਦਾ ਨਾਲ ਆਪਣੇ ਮਜ਼ਬੂਤ ਨਾਲ ਖਲੋਣ ਵਿਚ ਉਹ ਤਰੀਬਨ ਇਕੱਲਾ ਸੀ।

ਉਹ ਦੇ ਤਕੜਾ ਰਹਿਣ ਦਾ ਇਕ ਕਾਰਣ ਇਹ ਸੀ ਕਿ ਉਹ **ਅਲੱਖ ਨੂੰ ਜਾਣੀਦਾ** ਲੱਖ ਦਾ ਰਿਹਾ। ਅਸਲ ਵਿਚ ਬਲਦੀ ਝਾੜੀ ਵਾਲੇ ਅਨੁਭਵ ਵਿਚ ਉਹ ਮੂਸਾ ਨੇ ਖ਼ੁਦਾ ਨੂੰ ''ਲੱਖਿਆ'' ਸੀ (ਕੂਚ 3:2–6)। ਕੂਚ ਵਿਚ ਕਈ ਵਾਰ ਮੂਸਾ ਦੇ ਖ਼ੁਦਾ ਨਾਲ ਉਸ ਸਾਫ਼ ਸਬੰਧ ਦੀ ਗੱਲ ਮਿਲਦੀ ਹੈ ਜਿਵੇਂ ਦੋਸਤ ''ਆਹਮੋ ਸਾਹਮਣੇ'' ਗੱਲਾਂ ਕਰਦੇ ਹਨ (33:11; ਵੇਖੋ ਗਿਣਤੀ 12:7, 8)।

ਨਾ ਬੁਝਣ ਵਾਲੀ ਪਰ ਨਾ ਭਸਮ ਕਰਨ ਵਾਲੀ ਅੱਗ ਵਿਚ ਮੂਸਾ ਨੇ ਜੋ ਕੁਝ ਵੇਖਿਆ ਸੀ ਉਸ ਨੂੰ ''ਯਹੋਵਾਹ ਦਾ ਦੂਤ'' (ਕੂਚ 3:2) ਆਖਿਆ ਗਿਆ ਹੈ। ਫਿਰ ਜੋ ਕੁਝ ਉਸ ਨੇ ਵੇਖਿਆ ਉਹ ਖ਼ੁਦਾ ਸਰੂਪ ਸੀ ਨਾ ਕਿ ਖ਼ੁਦ ਖ਼ੁਦਾ ਪਰ ਵਚਨ ਇਹ ਦੱਸਦਾ ਹੈ ਕਿ ਉਸ ਨੇ ਆਪਣਾ ਮੂੰਹ ਢੱਕ ਲਿਆ ਤਾਂ ਜੋ ਖ਼ੁਦਾ ਨੂੰ ਨਾ ਵੇਖੇ (ਕੂਚ 3:6)। ਜ਼ਾਹਿਰ ਤੌਰ ਤੇ ਮੂਸਾ ਨੂੰ ਖ਼ੁਦਾ ਦੇ ਖ਼ਾਸ ਮੁਜ਼ਾਹਿਰੇ ਨੂੰ ਵੇਖਣ ਦੀ ਇਜਾਜ਼ਤ ਦਿੱਤੀ ਗਈ ਸੀ, ਪਰ ਖ਼ੁਦਾ ਦੇ ਚੇਹਰੇ ਨੂੰ ਨਹੀਂ। ਰਸੂਲ ਯੂਹੰਨਾ ਨੂੰ ਯਕੀਨਨ ਹੀ ਮੂਸਾ ਦੇ ਅਨੁਭਵ ਦਾ ਪਤਾ ਸੀ ਜਦ ਉਸ ਨੇ ਲਿਖਿਆ, '''ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਇਕਲੌਤਾ ਪੁੱਤਰ ਜਿਹੜਾ ਪਿਤਾ ਦੀ ਗੋਦ ਵਿਚ ਹੈ ਉਸ ਨੇ ਉਹ ਨੂੰ ਪਰਗਟ ਕੀਤਾ'' (ਯੂਹੰਨਾ 1:18)। ਜੋ ਕੁਝ ਮੂਸਾ ਨੇ ਡਿੱਠਾ ਸੀ ਉਹ ਖ਼ੁਦਾ ਦਾ ''ਪਿੱਛਾ'' ਸੀ (ਕੂਚ 33:20–23), ਜਿਸ ਨੂੰ ''ਖ਼ੁਦਾ ਦੇ ਜਲਾਲ ਦੀ ਲਾਲੀ'' ਆਖ ਸਕਦੇ ਹਾਂ।[73] ਇਹ ਨਜ਼ਾਰਾ ਰਾਤ ਵੇਲੇ ਜੈਟ ਇੰਜਣ ਵਿੱਚੋਂ ਨਿੱਕਲਦੀਆਂ ਲਾਟਾਂ ਨੂੰ ਵੇਖਣ ਵਰਗਾ ਹੋ ਸਕਦਾ ਹੈ। ਇਸ ਵਿਚ ਅੱਗ ਤਾਂ ਨਜ਼ਰ ਆਉਂਦੀ ਹੈ ਪਰ ਇੰਜਣ ਦੀ ਸ਼ਕਤੀ ਨਹੀਂ ਜਿਹੜੀ ਅਸਲ ਵਿਚ ਜਹਾਜ਼ ਨੂੰ ਅੱਗੇ ਧੱਕਦੀ ਹੈ। ਖ਼ੁਦਾ ਦੇ ਵੇਰਵੇ ਲਈ ਇਹ ਰੂਪਕ ਕਾਫ਼ੀ ਨਹੀਂ ਹੈ ਪਰ ਇਹ ਵਿਚਾਰ ਸਮਝਣ ਵਿਚ ਮਦਦਗਾਰ ਹੋ ਸਕਦਾ ਹੈ।

ਇਕ ਹੋਰ ਸੰਭਾਵਨਾ ਇਹ ਹੈ ਕਿ ਆਇਤ 27 ਮੂਸਾ ਦੀ ਬਲਦੀ ਝਾੜੀ ਵਾਲੇ ਅਨੁਭਵ ਦੀ ਕੋਈ ਗੱਲ ਨਹੀਂ ਕਰਦੀ। ਲੇਖਕ ''ਮੂਸਾ ਦੇ ਨਿਹਚਾ ਨਾਲ'' ਵੇਖਣ ਦੀ ਗੱਲ ਤੇ ਹੀ ਵਿਚਾਰ ਕਰ ਰਿਹਾ ਹੋ ਸਕਦਾ ਹੈ, ਜੋ ਕਿ ''ਅਣਡਿੱਠ ਵਸਤਾਂ ਦੀ ਸਬੂਤੀ ਹੈ'' (11:1)।

**ਆਇਤਾਂ 28, 29.** ਪਸਾਹ ਨੂੰ ਮਨਾਉਣ ਲਈ ਇਬਰਾਨੀਆਂ ਦੀ ਅਗਵਾਈ ਵੇਲੇ ਮੂਸਾ ਨੇ ਖ਼ੁਦਾ ਦੀ ਇੱਛਾ ਅਨੁਸਾਰ ਕੀਤਾ (ਆਇਤ 28)। ਉਹ ਬਹੁਤਾ ਕਰਕੇ ਜਲ ਪਰਲੋ ਦੇ ਆਉਣ ਦੀ ਚਿਤਾਵਨੀ ਮਿਲਣ ਦੇ ਬਾਅਦ ਵਾਲੇ ਨੂਹ ਵਰਗਾ ਸੀ, ਭਾਵ ਦੋਹਾਂ ਨੇ ਖ਼ੁਦਾ ਦੇ ਹੁਕਮ ਨਾਲ ਮੇਲ

ਖਾਂਦਿਆਂ ਪੂਰੀ ਤਰ੍ਹਾਂ ਨਾਲ ਗੱਲ ਮੰਨੀ, ਭਾਵੇਂ ਉਨ੍ਹਾਂ ਨੇ ਆਉਣ ਵਾਲੀ ਗੱਲ ਨੂੰ ਅੱਖਾਂ ਨਾਲ ਨਹੀਂ ਡਿੱਠਾ ਸੀ। **ਨਿਹਚਾ ਨਾਲ** *[ਮੂਸਾ ਨੇ]* **ਪਸਾਹ ਦੇ ਤਿਉਹਾਰ ਨੂੰ ਮੰਨਿਆ** ਜਾਂ ਇਸ ਨੂੰ ਠਹਿਰਾਇਆ (ਜਿਵੇਂ ਕਿ ASV ਵਾਲੀ ਮੇਰੀ ਬਾਈਬਲ ਦੀ ਇਕ ਟਿੱਪਣੀ ਵਿਚ ਹੈ)। ''ਮੰਨਿਆ'' ਸ਼ਬਦ *poieō* (''ਬਣਾਉਣਾ'' ਜਾਂ ''ਕਰਨਾ'' ਹੈ), ਜਿਸ ਦਾ ਅਰਥ ਇੱਥੇ ''ਸਥਾਪਕ ਕਰਨਾ'' ਹੋ ਸਕਦਾ ਹੈ।[74] ਕਿਰਿਆ ਸ਼ਬਦ ਪੂਰਣਕਾਲ ਵਿਚ ਹੈ ਜਿਸ ਤੋਂ ਭਾਵ ਹੈ ਕਿ ਪਸਾਹ ਸ਼ੁਰੂ ਹੋ ਚੁੱਕਿਆ ਸੀ ਅਤੇ ਉਸ ਦੇ ਬਾਅਦ ਤੋਂ ਲੈ ਕੇ ਇਬਰਾਨੀਆਂ ਦੀ ਕਿਤਾਬ ਦੇ ਲਿਖੇ ਜਾਣ ਤਕ ਲਗਾਤਾਰ ਮਨਾਇਆ ਜਾਂਦਾ ਸੀ।

ਪਸਾਹ ਦੀ ਭੇਟ ਦੀ ਸ਼ੁਰੂਆਤ ਮਨੁੱਖੀ ਤਰਕ ਨਾਲ ਨਹੀਂ ਹੋਈ ਸੀ। ਲੇਲਾ ਕੱਟਣ, ਉਸ ਦਾ **ਲਹੂ ਛਿੜਕਣ,** ਇਸ ਦੇ ਮਾਸ ਨੂੰ ਖਾਣ ਦਾ ਸਿੱਧਾ ਸਬੰਧ ਇਸਰਾਏਲੀਆਂ ਦੇ ਪਲੋਠੇ ਦੇ ਬਖ਼ਸ਼ੇ ਜਾਣ ਨਾਲ ਹੀਂ ਹੋਣਾ ਸੀ। ਮੂਸਾ ਨੇ ਖ਼ੁਦਾ ਦੇ ਹੁਕਮਾਂ ਦੇ ਸਬੰਧ ਵਿਚ ਉਸ ਦੇ ਵਚਨ ਨੂੰ ਉਵੇਂ ਹੀ ਲਿਆ। ਉਸ ਨੇ ਲੋਕਾਂ ਦੱਸਿਆ ਕਿ ਕੀ ਕਰਨਾ ਹੈ ਅਤੇ ਆਗਿਆਕਾਰੀ ਵਿਸ਼ਵਾਸ ਦੇ ਕਾਰਣ **ਪਲੋਠਿਆਂ** ਦਾ ਬਚਾਅ ਹੋਇਆ। ਮਸੀਹ ਦੀ ਕੁਰਬਾਨੀ ਦਾ ਨਮੂਨਾ ਸੀ ਜਿਸ ਨੂੰ ਸਾਡਾ ''ਪਸਾਹ'' ਆਖਿਆ ਗਿਆ ਹੈ (ਆਇਤ 28; 1 ਕੁਰਿੰਥੀਆਂ 5:7)।

ਪੁਰਾਣੇ ਨੇਮ ਵਿਚ ''ਮੌਤ ਦੇ ਫ਼ਰਿਸ਼ਤੇ'' ਦਾ ਜ਼ਿਕਰ ਨਹੀਂ ਹੈ। ਕੂਚ 12:11–14 ਵਿਚ ਕਿਸੇ ''ਦੂਤ'' ਨੂੰ ਇਹ ਨਾਂਅ ਨਹੀਂ ਦਿੱਤਾ ਗਿਆ, ਪਰ ਉੱਥੇ ਨਾਸ ਕਰਨ ਵਾਲਾ ਖ਼ੁਦਾ ਹੀ ਲਗਦਾ ਹੈ। ਆਇਤ 13 ਦੱਸਦੀ ਹੈ, ''ਜਦ ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ, ...'' ਕੂਚ 12:23 ਇਕ ''ਨਾਸ ਕਰਨ ਵਾਲੇ'' ਦੀ ਗੱਲ ਸਦਾ ਹੈ ਜੋ ਕਿ ਜ਼ਾਹਿਰ ਤੌਰ ਤੇ ਖ਼ੁਦਾ ਨਹੀਂ ਹੈ। ਪਰ ਜੋ ਕੁਝ ਫ਼ਰਿਸ਼ਤੇ ਉਹ ਦੇ ਹੁਕਮ ਨਾਲ ਕਰਦੇ ਹਨ ਉਸ ਨੂੰ ਖ਼ੁਦਾ ਦਾ ਕੀਤਾ ਹੀ ਮੰਨਿਆ ਜਾ ਸਕਦਾ ਹੈ (ਵੇਖੋ ਉਤਪਤ 22:15–18)। ਮਿਸਰ ਉੱਤੇ ਆਫ਼ਤ ਆਉਣ ਵੇਲੇ ਇਸਰਾਏਲੀ ਪੂਰੀ ਹਿਫ਼ਾਜ਼ਤ ਵਿਚ ਖਾਣਾ ਖਾ ਰਹੇ ਸਨ। **ਨਿਹਚਾ ਨਾਲ** ਹੀ ਇਸਰਾਏਲੀਆਂ ਨੂੰ ਬਖ਼ਸ਼ਿਆ ਗਿਆ ਸੀ (ਆਇਤਾਂ 28, 29)। ਲੋਕਾਂ ਦੇ ਤਕਰੀਬਨ ਖਾਣਾ ਖਾ ਲੈਣ ਦੇ ਫੌਰਨ ਬਾਅਦ ਫ਼ਿਰਊਨ ਵੱਲੋਂ ਉਨ੍ਹਾਂ ਨੂੰ ਜਾਣ ਦੇਣ ਦਾ ਹੁਕਮ ਦਿੱਤਾ ਗਿਆ (ਕੂਚ 12:29–32)। ਛੇਤੀ ਹੀ ਲੋਕ **ਲਾਲ ਸਮੁੰਦਰ** ਕੋਲ ਪਹੁੰਚ ਗਏ (ਆਇਤ 29), ਜੋ ਇਬਰਾਨੀ ਭਾਸ਼ਾ ਵਿਚ ਮੂਲ ਵਿਚ ''ਸਰਕੰਡਿਆਂ ਦਾ ਸਮੁੰਦਰ'' ਹੈ। LXX ਵਿਚ ਇਸ ਵਾਕਅੰਸ਼ ਨੂੰ ਬਦਲ ਕੇ ''ਲਾਲ ਸਮੁੰਦਰ'' ਕੀਤਾ ਗਿਆ ਹੈ।[75] ਫ਼ਿਰਊਨ ਦੀ ਫੌਜ ਵੱਲੋਂ ਇਸਰਾਏਲੀਆਂ ਨੂੰ ਫੜ ਲੈਣ ਦੇ ਬਾਅਦ ਉਨ੍ਹਾਂ ਦੀ ਬਰਬਾਦੀ ਪੱਕੀ ਸੀ, ਜੇ ਖ਼ੁਦਾ ਫੇਰ ਤੋਂ ਉਨ੍ਹਾਂ ਨੂੰ ਛੁਟਕਾਰਾ ਨਾ ਦੁਆਉਂਦਾ। (ਕੂਚ 14:10–14)।

ਖ਼ੁਦਾ ਨੇ ਸਮੁੰਦਰ ਨੂੰ ''ਸੁੱਕੀ ਜ਼ਮੀਨ'' ਵਿਚ ਬਦਲ ਦਿੱਤਾ (ਕੂਚ 14:16)। ਲੋਕਾਂ ਦੀ ਨਿਹਚਾ ਭਾਵੇਂ ਘਟ ਗਈ ਸੀ ਪਰ ਫਿਰ ਵੀ ਉਹ ਸਮੁੰਦਰ ਵਿੱਚੋਂ ਦੀ ਇਵੇਂ ਅੱਗੇ ਵੱਧਦੇ ਰਹੇ ਜਿਵੇਂ ਸੁੱਕੀ ਜ਼ਮੀਨ ਉੱਤੋਂ ਦੀ ਜਾ ਰਹੇ ਹੋਣ। ਅੱਗੇ ਵੱਧਣ ਦੇ ਖ਼ੁਦਾ ਦੇ ਹੁਕਮ ਕਰਕੇ ਨਿਹਚਾ ਨਾਲ ਹੀ ਉਹ ਅਜਿਹਾ ਕਰ ਸਕੇ। ਨਿਹਚਾ ਨਾਲ ਅਤੇ **ਪਾਰ ਲੰਘ** ਜਾਣ ਤੇ ਉਨ੍ਹਾਂ ਨੂੰ ਯਹੋਵਾਹ ਦੇ ਛੁਟਕਾਰੇ ਦਾ ਪਤਾ ਲੱਗਣਾ ਸੀ। ਧਿਆਨ ਦਿਓ ਕਿ ਨਿਹਚਾ ਨਾਲ ਉਨ੍ਹਾਂ ਨੂੰ ਛੁਡਾਇਆ ਅਤੇ ਬਚਾਇਆ ਗਿਆ ਸੀ, ਜਦ ਕਿ ਸਭ **ਮਿਸਰੀ** ਸਿਪਾਹੀ **ਡੁੱਬ** ਗਏ (ਕੂਚ 14:28, 30)। ਮਿਸਰ ਸਿਰਫ਼ ਵੇਖ ਕੇ ਚਲਿਆ ਸੀ ਜਦ ਕਿ ਉਹ ਸਮੁੰਦਰ ਦੇ ਖੁੱਲਣ ਨੂੰ ਵੇਖ ਸਕੇ ਸਨ। ਢੀਠ ਹੋ ਕੇ ਉਹ ਖ਼ੁਦਾ ਵੱਲੋਂ ਮਿਲੇ ਵਚਨ ਦੇ ਬਗੈਰ ਉਹ ਅੱਗੇ ਵਧ ਗਏ ਜਿਸ ਕਰਕੇ ਉਨ੍ਹਾਂ ਨੂੰ ਅਸਲ ''ਨਿਹਚਾ'' ਨਹੀਂ ਸੀ ਜਿਸ ਉੱਤੇ ਉਨ੍ਹਾਂ ਕੰਮ ਕਰਨਾ ਸੀ। ਸੁਭਾਵਕ ਨਤੀਜਾ ਉਹੀ ਹੋਇਆ ਜਿਸ ਦੀ ਉਮੀਦ ਸੀ ਕਿ ਉਹ ਸਭ ਡੁੱਬ ਮਰੇ।

## ਇਸਰਾਏਲੀਆਂ ਦੀ ਅਤੇ ਰਹਾਬ ਦੀ ਨਿਹਚਾ (11:30, 31)

**[30]ਨਿਹਚਾ ਨਾਲ ਯਰੀਹੋ ਦੀ ਸਫ਼ੀਲ ਜਾਂ ਸੱਤਾਂ ਦਿਨਾਂ ਤੀਕ ਘੇਰੀ ਗਈ ਤਾਂ ਢਹਿ ਪਈ ।**
**[31]ਨਿਹਚਾ ਨਾਲ ਰਹਾਬ ਬੇਸਵਾ ਬੇਪਰਤੀਤਿਆਂ ਦੇ ਸੰਗ ਨਾਸ ਨਾ ਹੋਈ ਕਿਉਂ ਜੋ ਉਹ ਨੇ ਖੋਜੀਆਂ ਨੂੰ**
**ਸੁਖ ਸਾਂਦ ਨਾਲ ਆਪਣੇ ਘਰ ਉਤਾਰਿਆ।**

**ਆਇਤ 30.** ਵਾਅਦੇ ਦੀ ਧਰਤੀ ਤੇ ਫ਼ਤਹਿ ਪਾ ਲੈਣ ਨਾਲ ਵੱਡੇ ਅਨੁਭਵਾਂ ਵਿਚ ਇਸਰਾਏਲੀਆਂ ਦੀ **ਨਿਹਚਾ** ਨੂੰ ਫੇਰ ਤੋਂ ਦੁਹਰਾਇਆ ਜਾਂਦਾ ਹੈ। ਇਹ ਘਟਨਾ ਇਸਰਾਏਲ ਕੌਮ ਨੂੰ ਖ਼ੁਦਾ ਦੇ ਹੁਕਮ ਦੇ ਮੁਤਾਬਿਕ ਸੰਗਠਿਤ ਨਿਹਚਾ ਵਿਚ ਇਕ ਹੁੰਦਿਆਂ ਵਿਖਾਉਂਦੀ ਹੈ।

ਸ਼ੈਲੀ ਪੱਖੋਂ 11:29–38 ਨੂੰ ਇਬਰਾਨੀਆਂ ਦੀ ਕਿਤਾਬ ਦੇ ਸਭ ਤੋਂ ਖ਼ੂਬਸੂਰਤ ਅਤੇ ਸਭ ਤੋਂ ਪ੍ਰਭਾਵਿਤ ਵਚਨਾਂ ਵਿੱਚੋਂ ਦੁਹਰਾਇਆ ਜਾਂਦਾ ਹੈ। ਇਹ ਉਸ ਨਿਹਚਾ ਨੂੰ ਵਿਖਾਉਂਦਾ ਹੈ ''ਜਿਹੜੀ ਫੈਸਲਾ ਬਦਲਣ ਦੀ ਵਿਲਾਸਤਾ ਦੀ ਕਦੇ ਇਜਾਜ਼ਤ ਨਾ ਦਿੰਦਿਆਂ ਅੱਗੇ ਵੱਲ ਨੂੰ ਵਧਾਉਂਦੀ ਹੈ।''[76]

ਆਇਤ 29 ਦੇ ਅਧਾਰ ਤੇ ਸਾਡੀ ਲਿਖਤ ਵੱਡੇ ਫ਼ਰਕ ਨੂੰ ਵਿਖਾਉਂਦੀ ਹੈ। ਲੇਖਕ ਨੇ ਹੁਣ ਹੁਣੇ ਦੱਸਿਆ ਸੀ ਕਿ ਇਸਰਾਏਲੀ ਸਮੁੰਦਰ ਵਿੱਚੋਂ ਦੀ ਨਿੱਕਲ ਕੇ ਬੱਚ ਗਏ ਸਨ, ਜਦ ਕਿ ਮਿਸਰੀ ਡੁੱਬ ਗਏ ਸਨ। ਇਸਰਾਏਲ ਵਿਚ ਇਹ ਘਟਨਾ ਕੌਮੀ ਗਾਥਾ ਬਣ ਗਈ ਸੀ ਜਿਸ ਨੂੰ ਕਈ ਸਾਲਾਂ ਬਾਅਦ ਜ਼ਬੂਰ ਵਿਚ ਯਾਦਗਾਰੀ ਬਣਾਇਆ ਗਿਆ (78:13; 135:8, 9; 136:10–15)।

ਨਿਹਚਾ ਨਾਲ ਜਿਨ੍ਹਾਂ ਵੱਲੋਂ **ਯਰੀਹੋ** ਦੀ ਸ਼ਹਿਰਪਨਾਹ **ਘੇਰੀ ਗਈ** ਉਨ੍ਹਾਂ ਧਰਮੀਆਂ ਅਤੇ ਉਸ ਅੰਦਰ ਤਬਾਹ ਹੋਣ ਵਾਲੇ ਬੇਪਰਤੀਤਿਆਂ ਵਿਚ ਦੂਜਾ ਫ਼ਰਕ ਵੇਖਿਆ ਜਾਂਦਾ ਹੈ (ਆਇਤ 30, 31)। ਅੱਗੇ ਵੱਧਦਿਆਂ ਰੌਲਾ ਪਾਉਣ ਨਾਲ ਕਿਲ੍ਹਾਨੁਮਾ ਸ਼ਹਿਰਪਨਾਹ ਉਵੇਂ ਹੀ ਨਹੀਂ ਡਿੱਗਣੀ ਸੀ ਜਿਵੇਂ ਖਿੱਲਰੇ ਲਹੂ ਨੇ ਪਲੋਠਿਆਂ ਦੀ ਜਾਨ ਨਹੀਂ ਬਚਾਉਣੀ ਸੀ। ਪਰ ਨਿਹਚਾ ਨਾਲ ਇਸਰਾਏਲੀਆਂ ਨੇ ਖ਼ੁਦਾ ਦੇ ਹੁਕਮਾਂ ਨੂੰ ਮੰਨਿਆ ਅਤੇ ਆਪਣੇ ਵਾਅਦੇ ਮੁਤਾਬਿਕ ਉਸ ਨੇ ਉਨ੍ਹਾਂ ਨੂੰ ਬਰਕਤ ਦਿੱਤੀ।

**ਨਿਹਚਾ ਨਾਲ** ਭਾਵ ਹੁਕਮ ਮੰਨ ਕੇ ਵਿਸ਼ਵਾਸ ਕਰਨ ਨਾਲ **ਯਰੀਹੋ ਦੀ ਸਫ਼ੀਲ ਢਹਿ ਪਈ।** ਇਸਰਾਏਲੀਆਂ ਦੀ ਭੀੜ ਭਾਵੇਂ ਕਿੰਨੀ ਵੀ ਅੱਗੇ ਵੱਧਦੀ ਰਹੀ, ਉਹ ਅਜਿਹੀ ਸਫ਼ੀਲ ਜਾਂ ਸ਼ਹਿਰਪਨਾਹ ਨੂੰ ਡੇਗ ਨਹੀਂ ਸਕੀ। ਇਹ ਸਚ ਹੈ ਕਿ ਪੁਲ ਪਾਰ ਕਰਦਿਆਂ ਸਿਪਾਹੀ ਤਾਲ ਬਣਾਉਣ ਤੋਂ ਰੋਕਣ ਲਈ ਜਿਸ ਨਾਲ ਪੁਲ ਹਿੱਲ ਕੇ ਡਿੱਗ ਸਕਦਾ ਹੈ, ਕਦਮ ਨਾ ਮਿਲਾਉਣ, ਪਰ ਸ਼ਹਿਰਪਨਾਹ ਆਪਣੇ ਆਲੇ ਦੁਆਲੇ ਜ਼ਮੀਨ ਤੇ ਚੱਕਰ ਲਾਉਂਦਿਆਂ ਅੱਗੇ ਜਾਂ ਕਦਮ ਤਾਲ ਕਰਨ ਨਾਲ ਡਿੱਗਦੀ ਨਹੀਂ ਹੈ (ਯਹੋਸ਼ੁਆ 6)।

ਇਕ ਮਿਸਰੀ ਬਾਗੀ ਦਾ ਜ਼ਿਕਰ ਰਸੂਲਾਂ ਦੇ ਕੰਮ 21:38 ਵਿਚ ਹੈ, ਨੇ ਦਾਅਵਾ ਕੀਤਾ ਸੀ ਕਿ ਉਹ ਦੇ ਬੋਲਣ ਨਾਲ ਯਰੂਸ਼ਲਮ ਦੀ ਸ਼ਹਿਰਪਨਾਹ ਡਿੱਗ ਪਵੇਗੀ ਪਰ ਉਹ ਨਹੀਂ ਡਿੱਗੀ।[77] ਫੌਜ ਦੇ ਕਿਲੇ ਦੀ ਕੰਧ ਤੋੜਨ ਵਾਲੇ ਯੰਤਰਾਂ ਨਾਲ ਨਹੀਂ ਬਲਕਿ ਖ਼ੁਦਾ ਵਿਚ ਨਿਹਚਾ ਨਾਲ ਇਸਰਾਏਲੀਆਂ ਦੇ ਸ਼ਹਿਰ ਦੇ ਆਲੇ ਦੁਆਲੇ **ਸੱਤ ਦਿਨਾਂ ਤੀਕ** ਚੱਕਰ ਲਾਉਂਦਿਆਂ ਜੈਕਾਰੇ ਲਾਉਣ ਨਾਲ, ਯਰੂਸ਼ਲਮ ਦੀ ਸ਼ਹਿਰਪਨਾਹ ਡਿੱਗਣੀ ਸੀ (ਯਹੋਸ਼ੁਆ 6:1–5, 12–20)। ਉਨ੍ਹਾਂ ਸੱਤਾਂ ਦਿਨਾਂ ਦੌਰਾਨ ਉਨ੍ਹਾਂ ਦੇ ਅੱਗੇ ਵੱਧਦਿਆਂ ਸ਼ਹਿਰਵਾਸੀਆਂ ਦੇ ਉਨ੍ਹਾਂ ਦਾ ਮਜ਼ਾਕ ਉਡਾਉਣ ਤੇ ਜੋ ਕੁਝ ਹੋਇਆ ਹੋਵੇਗਾ ਉਸ ਨਾਲ ਉਨ੍ਹਾਂ ਦਾ ਵਿਸ਼ਵਾਸ ਵੱਧਦਾ ਗਿਆ। ਯਰੀਹੋ ਤੇ ਫ਼ਤਹਿ ਨਾਲ ਇਸਰਾਏਲੀਆਂ ਦੇ ਦੁਸ਼ਟ ਕਾਫ਼ਿਰਾਂ ਦੇ ਉਨ੍ਹਾਂ ਦੀ ਬੁਰਾਈ ਦੇ ਪੂਰਾ ਹੋਣ ਤੇ, ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਦੀ ਮੰਜ਼ੂਰੀ ਦੀ ਮੋਹਰ ਲੱਗ ਗਈ ਸੀ (ਉਤਪਤ 15:13–16)।

ਯਰੀਹੋ ਤੇ ਫ਼ਤਹਿ ਪਾਉਣ ਨਾਲ ਸਾਰੇ ਇਸਰਾਏਲੀਆਂ ਨੂੰ ਬੜੀ ਦਲੇਰੀ ਮਿਲੀ। ਜੇ ਖ਼ੁਦਾ ਦੀ

ਮਦਦ ਦੇ ਬਗੈਰ ਹੁੰਦਾ ਤਾਂ ਇਸਰਾਏਲੀਆਂ ਦੀ ਵੱਡੀਆਂ ਵੱਡੀਆਂ ਦਿਵਾਰਾਂ ਅਤੇ ਸੂਰਮਿਆਂ ਅੱਗੇ ਲੜਨਾਂ ਦਿਲ ਦਹਿਲਾਉਣ ਵਾਲ ਹੋਣਾ ਸੀ।[78] ਕਿਲੇ ਦੇ ਬਾਹਰ ਕਨਾਨ ਦੀ ਅੰਦਰੂਨੀ ਘਾਟੀ ਤੋਂ ਕਬਜਾਂ ਕਰਨ ਤੋਂ ਪਹਿਲਾਂ ਯਰੀਹੋ ਦੀ ਫ਼ੌਜੀ ਚੌਕੀ ਨੂੰ ਹਰਾਉਣਾ ਲਾਜ਼ਮੀ ਸੀ। ਸ਼ਹਿਰਪਨਾਹ ਦੇ ਡਿੱਗਣ ਨਾਲ ਇਸਰਾਏਲੀਆਂ ਨੂੰ ਫੁਰਤੀ ਨਾਲ ਅੱਗੇ ਵੱਧ ਕੇ ਪੂਰੇ ਦੇਸ਼ ਉੱਤੇ ਕਾਬਜ਼ ਹੋਣ ਲਈ ਲੋੜੀਂਦਾ ਵਿਸ਼ਵਾਸ ਮਿਲ ਗਿਆ।

**ਆਇਤ 31. ਰਹਾਬ ਬੇਸਵਾ** ਨੇ ਇਸਰਾਏਲੀ **ਖੋਜੀਆਂ** ਅੱਗੇ ਆਪਣੀ **ਨਿਹਚਾ** ਨੂੰ ਕਬੂਲਿਆ। ਉਹ ਨਿਹਚਾ ਸਿਰਫ਼ ਕਿਸੇ ਤੋਂ ਸੁਣੀ ਸੁਣਾਈ ਨਹੀਂ ਸੀ, ਬਲਕਿ ਉਸ ਨੇ ਖ਼ੁਦਾ ਨੂੰ ‘‘ਪਰਮੇਸ਼ੁਰ ਉੱਪਰਲੇ ਸੁਰਗ ਵਿਚ ਅਤੇ ਹੇਠਲੀ ਧਰਤੀ ਉੱਤੇ’’ ਮੰਨਿਆ (ਯਹੋਸ਼ੁਆ 2:8−11; 6:22−25)। ਇਹ ਗੱਲ ਉਸ ਸਭ ਦੇ ਉਲਟ ਸੀ ਜਿਹੜੀ ਆਮ ਤੌਰ ਤੇ ਯਰੀਹੋ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਸੀ। ਉਹ ਦੀ ਨਿਹਚਾ ਨੇ ਖੋਜੀਆਂ ਨੂੰ ਬਚਾਉਣ ਅਤੇ ਉਨ੍ਹਾਂ ਦੇ ਚਲੇ ਜਾਣ ਦੇ ਸਬੰਧ ਵਿਚ ਝੂਠ ਬੁਲਵਾਇਆ, ਜਿਸ ਨਾਲ ਉਸ ਦੇ ਪਰਿਵਾਰ ਦਾ ਬਚਾਅ ਹੋ ਗਿਆ ਅਤੇ ਉਸ ਦਾ ਛੁਟਕਾਰਾ ਹੋ ਗਿਆ। ਯਰੀਹੋ ਵਾਸੀਆਂ ਦੇ ਹੁਕਮ ਨਾ ਮੰਨਣ ਕਰਕੇ ਉਨ੍ਹਾਂ ਦੀ ਹਾਰ ਹੋ ਗਈ। ਉਸ ਨਿਹਚਾ ਦੇ ਰਾਹੀਂ ਜਿਸ ਦੇ ਹੁਕਮ ਮੰਨਣ ਨੇ ਉਸ ਨੂੰ ਧਰਮੀ ਠਹਿਰਾਇਆ (ਯਾਕੂਬ 2:25) ਉਸ ਦੀ ਜ਼ਿੰਦਗੀ ਬਦਲ ਗਈ। ਬਾਅਦ ਵਿਚ ਰਹਾਬ ਸਲਮੋਨ ਦੀ ਪਤਨੀ ਅਤੇ ਬੋਅਜ਼ ਦੀ ਮਾਤਾ ਬਣੀ ਜੋ ਯੱਸੀ ਦੇ ਪਿਤਾ ਓਬੇਦ ਦਾ ਪਿਤਾ ਸੀ। ਇਸ ਤਰ੍ਹਾਂ ਉਹ ਦਾਊਦ ਬਾਦਸ਼ਾਹ ਦੀ ਲੱਕੜ−ਦਾਦੀ ਸੀ ਅਤੇ ਇਸ ਤਰ੍ਹਾਂ ਨਾਲ ਮਸੀਹਾ ਦੀ ਪੂਰਵਜ ਸੀ (ਮੱਤੀ 1:5, 6)। ਯਰੀਹੋ ਦੇ ਬਾਕੀ ਲੋਕਾਂ ਨੇ ਇਸ ਗੱਲ ਤੇ ਵਿਸ਼ਵਾਸ ਨਹੀਂ ਕੀਤਾ ਕਿ ਖ਼ੁਦਾ ਇਸਰਾਏਲ ਦੇ ਨਾਲ ਸੀ, ਜਿਸ ਕਰਕੇ ਨਤੀਜਾ ਇਹ ਹੋਇਆ ਕਿ ਉਹ ਖ਼ਤਮ ਹੋ ਗਏ।

## ਨਿਹਚਾ ਦੇ ਫ਼ਤਹਿਮੰਦ ਨਾਇਕ ਅਤੇ ਦੁੱਖ ਝੱਲਣ ਵਾਲੇ ਨਾਇਕ (11:32-38)

**32ਹੁਣ ਮੈਂ ਹੋਰ ਕੀ ਆਖਾਂ? ਕਿਉਂ ਜੋ ਵਿਹਲ ਨਹੀਂ ਭਈ ਗਿਦਾਊਨ, ਬਾਰਕ, ਸਮਸੂਨ, ਯਿਫ਼ਤਾ,**
**ਦਾਊਦ, ਸਮੂਏਲ ਅਤੇ ਨਬੀਆ ਦੀ ਵਾਰਤਾ ਕਰਾਂ। 33ਜਿਨ੍ਹਾਂ ਨੇ ਨਿਹਚਾ ਦੇ ਰਾਹੀਂ ਪਾਤਸ਼ਾਹੀਆਂ ਨੂੰ**
**ਫਤਹ ਕੀਤਾ, ਧਰਮ ਦੇ ਕੰਮ ਕੀਤੇ, ਵਾਇਦਿਆਂ ਨੂੰ ਪਰਾਪਤ ਕੀਤਾ, ਬੱਬਰ ਸ਼ੇਰਾਂ ਦੇ ਮੂੰਹ ਬੰਦ ਕੀਤੇ।**
**34ਅੱਗ ਦੇ ਤਾਉ ਨੂੰ ਠੰਡਿਆਂ ਕੀਤਾ, ਤਲਵਾਰ ਦੀਆਂ ਧਾਰਾਂ ਤੋਂ ਬਚ ਨਿੱਕਲੇ, ਓਹ ਨਿਰਬਲਤਾਈ**
**ਵਿਚ ਬਲੀ ਹੋਏ, ਜੁੱਧ ਵਿਚ ਸੂਰਮੇ ਬਣ, ਓਪਰਿਆਂ ਦੀਆਂ ਫ਼ੌਜਾਂ ਨੂੰ ਭਜਾ ਦਿੱਤਾ। 35ਤੀਵੀਆਂ ਨੇ**
**ਆਪਣਿਆਂ ਮੁਰਦਿਆਂ ਨੂੰ ਫੇਰ ਜੀ ਉਠਿਆਂ ਹੋਇਆ ਨੂੰ ਲੱਭਿਆ। ਕਈਕੁ ਡਾਂਗਾਂ ਨਾਲ ਜਾਨੋਂ ਮਾਰੇ**
**ਗਏ ਅਤੇ ਛੁਟਕਾਰਾ ਨਾ ਮੰਨਿਆ ਤਾਂ ਜੋ ਹੋਰ ਵੀ ਉੱਤਮ ਕਿਆਮਤ ਨੂੰ ਪਰਾਪਤ ਕਰਨ। 36ਅਤੇ**
**ਕਈਕੁ ਠੱਠਿਆਂ ਵਿਚ ਉਠਾਏ ਜਾਣ ਅਤੇ ਕੋਰੜੇ ਖਾਣ ਸਗੋਂ ਜਕੜੇ ਅਤੇ ਕੈਦ ਹੋਣ ਨਾਲ ਪਰਤਾਏ**
**ਗਏ। 37ਓਹ ਪਥਰਾਉ ਕੀਤੇ ਗਏ, ਆਰਿਆਂ ਨਾਲ ਚੀਰੇ ਗਏ, ਪਰਤਾਏ ਗਏ, ਤਲਵਾਰਾਂ ਨਾਲ**
**ਵੱਢੇ ਗਏ, ਕੰਗਾਲ ਅਤੇ ਦੁਖੀ ਹੋਣ ਅਤੇ ਜਬਰੀ ਝੱਲਦੇ ਹੋਏ ਅਤੇ ਬੱਕਰਿਆਂ ਦੀਆਂ ਖਲੜੀਆਂ ਪਹਿਨੇ**
**ਮਾਰੇ ਮਾਰੇ ਫਿਰਦੇ ਰਹੇ। 38ਸੰਸਾਰ ਉਨ੍ਹਾਂ ਦੇ ਜੋਗ ਨਹੀਂ ਸੀ—ਉਹ ਉਜਾੜਾਂ ਅਤੇ ਪਹਾੜਾਂ ਅਤੇ ਗੁਫ਼ਾਂ**
**ਅਤੇ ਧਰਤੀ ਦੀਆਂ ਖੁੰਦਰਾਂ ਵਿਚ ਲੁੱਕਦੇ ਪਏ ਫਿਰੇ।**

ਆਇਤ 32 ਨਾਲ ਸ਼ੁਰੂ ਕਰਦਿਆਂ ਨਾਇਕਾਂ ਨੂੰ ਤਿੰਨ ਸਮੂਹਾਂ ਵਿਚ ਵਿਖਾਇਆ ਗਿਆ ਹੈ। ਪਹਿਲੇ ਸਮੂਹ ਵਿਚ ਉਨ੍ਹਾਂ ਜੇਤੂ ਨਾਇਕਾਂ ਦੇ ਨਾਂਅ ਹਨ ਜਿਨ੍ਹਾਂ ਨੇ ਫੌਜੀ ਜਿੱਤਾਂ ਹਾਸਲ ਕੀਤੀਆਂ ਜਾਂ ਗੰਭੀਰ ਖ਼ਤਰਿਆਂ ਵਿੱਚੋਂ ਨਿੱਕਲੇ ਹਨ (ਆਇਤਾਂ 32−34)। ਦੂਜੇ ਸਮੂਹ ਵਿਚ ਦੁੱਖ ਝੱਲਣ ਵਾਲੇ ਨਾਇਕ ਹਨ (ਆਇਤਾਂ 35−38)। ਤੀਜਾ ਜੋ ਕਿ ਸੰਖੇਪ ਕਥਨ ਹੈ (ਆਇਤਾਂ 39, 40), ਯੁੱਗਾਂ

ਦੇ ਸਭ ਵਿਸ਼ਵਾਸੀਆਂ ਨੂੰ ਇਕੱਠਿਆ ਕਰ ਦਿੰਦਾ ਹੈ।[79] ਮਸੀਹ ਦੀ ਕਲੀਸੀਆ ਦੇ ਬਗੈਰ ਇਨ੍ਹਾਂ ਵਿੱਚੋ ਕੋਈ ''ਸਿੱਧ ਹੋ ਨਹੀਂ ਸਕਿਆ।'' ਫ਼ਤਹਿ ਉਨ੍ਹਾਂ ਲਈ ਅਤੇ ਸਾਡੇ ਲਈ ਵੀ ਸਾਡੇ ਪ੍ਰਭੂ ਮਸੀਹ ਦੇ ਰਾਹੀਂ ਮਿਲਣੀ ਸੀ।

**ਆਇਤ 32.** ਖ਼ੁਦਾ ਵੱਲੋਂ ਫ਼ਤਹਿ ਪਾਏ ਗਏ ਰਾਜ ਜਿੱਥੇ ਸੰਕੇਤ ਤੋਂ ਅਸੀਂ ਮੰਨ ਲੈਂਦੇ ਹਾਂ ਕਿ ਕੁਧਰਮੀਆਂ ਨੂੰ ਹਰਾ ਕੇ ਨਾਸ ਕੀਤਾ ਗਿਆ (ਆਇਤਾਂ 32–38)। ਇੱਥੇ ਦਿੱਤੇ ਇਬਰਾਨੀ ਇਤਿਹਾਸ ਦੀ ਹਰ ਘਟਨਾ ਵਿਚ ਵੱਡੇ ਸਬਕ ਮਿਲਦੇ ਹਨ। ਇਹ ਵਚਨ ਇਸਰਾਏਲ ਦੇ ਕਿਸੇ ਵੀ ਬਾਲਕ ਵੱਲੋਂ ਦੁਹਰਾਏ ਜਾਣ ਵਾਲੇ ਦੇਸ਼ ਭਗਤੀ ਦੇ ਵੱਡੇ ਭਾਸ਼ਣ ਦਾ ਹਿੱਸਾ ਹੋ ਸਕਦਾ ਸੀ।

ਲੇਖਕ ਨੇ ਇਹ ਆਖਦਿਆਂ ਕਿ ਹੁਣ ਮੈਂ **ਹੋਰ ਕੀ ਆਖਾਂ? ਕਿਉਂ ਜੋ ਵਿਹਲ ਨਹੀਂ** ਉਨ੍ਹਾਂ ਸ਼ਬਦਾਂ ਦੀ ਚੋਣ ਕੀਤੀ ਜਿਨ੍ਹਾਂ ਦੀ ਵਰਤੋਂ ਕਿਸੇ ਪ੍ਰਚਾਰਕ ਵੱਲੋਂ ਕੀਤੀ ਜਾ ਸਕਦੀ ਹੈ। ਲਿਖਣ ਵੇਲੇ ਰੋਕਣ ਵਾਲਾ ਸਮਾਂ ਨਹੀਂ ਬਲਕਿ ਥਾਂ ਹੁੰਦੀ ਹੈ। ਇੱਥੇ ਲਗਦਾ ਹੈ ਕਿ ਅਸੀਂ ਇਕ ਸਰਮਨ ਦੀ ਗਲ ਕਰ ਰਹੇ ਹਾਂ ਜਿਹਦੇ ਲਈ ਸਮਾਂ ਨਿੱਕਲਦਾ ਜਾ ਰਿਹਾ ਹੈ। ਬਾਈਬਲ ਵਿਚ ਨਿਹਚਾ ਦੀਆਂ ਜ਼ਬਰਦਸਤ ਉਦਾਹਰਣਾਂ ਮਿਲਦੀਆਂ ਹਨ। ਅਸਲ ਵਿਚ ਇਹ ਐਨੀਂਆਂ ਕੁ ਹਨ ਕਿ ਲੇਖਕ ਉਨ੍ਹਾਂ ਸਾਰੀਆਂ ਉਦਾਹਰਣਾਂ ਨੂੰ ਵਰਤ ਨਹੀਂ ਸਕਿਆ ਜਿਹੜੀਆਂ ਉਹਦੇ ਕੋਲ ਸਨ। ਨਾ ਹੀ ਉਨ੍ਹਾਂ ਇਨ੍ਹਾਂ ਸਭ ਦੀ ਲੋੜ ਸੀ। ਇਹਦੇ ਬਾਅਦ ਉਨ੍ਹਾਂ ਨਾਵਾਂ ਅਤੇ ਕੰਮਾਂ ਦੀ ਫ਼ਹਰਿਸਤ ਹੈ ਜਿਨ੍ਹਾਂ ਦਾ ਪੱਤਰ ਪਾਉਣ ਵਾਲੇ ਹਰ ਕਿਸੇ ਨੂੰ ਪਤਾ ਸੀ। ਲੋਕਾਂ ਦੇ ਕੁਝ ਵੇਰਵੇ ਹੋ ਸਕਦੇ ਹਨ ਜਿਨ੍ਹਾਂ ਦਾ ਖਾਲੀ ਜ਼ਿਕਰ ਲਿਖਤ ਵਿਚ ਨਹੀਂ ਹੈ। ਇਸ ਵਚਨ ਦੇ ਅਧਾਰ ਤੇ ਅਨਾਦੀਕਾਲ ਵਿਚ ਜਾਣੂ ਹੋਣ ਤਕ ਅਸੀਂ ਉਨ੍ਹਾਂ ਨੂੰ ਸੰਭਾਲ ਕੇ ਰੱਖ ਸਕਦੇ ਹਾਂ। ਲੇਖਕ ਮਨਮਰਜ਼ੀ ਨਾਲ ਕੰਮ ਕਰਨ ਵਾਲਾ ਨਹੀਂ ਹੋਣਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਆਪਣੀ ਫ਼ਹਰਿਸਤ ਵਿੱਚੋਂ ਬੇਲੋੜੀਆਂ ਗੱਲਾਂ ਕੱਢ ਦਿੱਤੀਆਂ।

ਨਿਆਈਆਂ ਅਤੇ 1 ਅਤੇ 2 ਸਮੂਏਲ ਵਿੱਚੋਂ ਛੇ ਖ਼ਾਸ ਨਾਂਅ ਨਹੀਂ ਹਨ। ਇਨ੍ਹਾਂ ਨੂੰ ਤਿੰਨ ਜੋੜਿਆਂ ਵਿਚ ਵੰਡਿਆ ਜਾ ਸਕਦਾ ਹੈ। ਜਿਸ ਵਿਚ ਹਰ ਜੋੜੇ ਨੂੰ ਉਲਟੇ ਕਾਲਕ੍ਰਮ ਦੀ ਤਬਦੀਲ ਵਿਚ ਅਨੋਖੇ ਢੰਗ ਨਾਲ ਵਿਖਾਇਆ ਗਿਆ ਹੈ: **ਬਾਰਾਕ** ਨੇ **ਗਿਦਊਨ** ਤੋਂ ਪਹਿਲਾਂ ਇਸਰਾਏਲ ਦੀ ਅਗਵਾਈ ਕੀਤੀ ਸੀ, **ਯਿਫ਼ਤਾ, ਸਮਸੂਨ** ਤੋਂ ਪਹਿਲਾਂ ਸੀ, ਸਮੂਏਲ ਦੀ ਸੇਵਾ ਦਾਊਦ ਨੂੰ ਮਸਹ ਕਰਨ ਵੇਲੇ ਖ਼ਤਮ ਹੋਣ ਦੇ ਨੇੜੇ ਸੀ। ਇਹ ਨਾਂਅ ਤਿੰਨ ਅਹਿਮ ਵਰਗਾ ਨੂੰ ਵਿਖਾਉਂਦੇ ਹਨ ਜਿਨ੍ਹਾਂ ਵਿੱਚੋਂ ਪਹਿਲਾਂ ਨਿਆਈਂ, ਦੂਜਾ ਰਾਜਾ ਅਤੇ ਤੀਜਾ **ਨਬੀ** ਹੈ।

ਪਹਿਲਾ ਸ਼ਖ਼ਸ ਜਿਸ ਦਾ ਨਾਂਅ ਗਿਦਊਨ ਹਨ (ਨਿਆਈਆਂ 6:11–8:32), ਉਹ ਪੰਜਵਾਂ ਨਿਆਂਈ ਹੈ ਅਤੇ ਉਸ ਨੇ ਨਿਹਚਾ ਨਾਲ ਮਿਦਿਆਨੀਆਂ ਨੂੰ ਹਰਾਇਆ ਸੀ। ਸਿਫਰ ਤਿੰਨ ਸੌ ਬੰਦਿਆਂ ਵਾਲੀ ਗਿਦਊਨ ਦੀ ਫ਼ੌਜ ਮਿਦਯਾਨ ਦੇ ਘੱਟੋ ਘੱਟ 135,000 ਸਿਪਾਹੀਆਂ ਦਾ ਮੁਕਾਬਲਾ ਕਰਦਿਆਂ ਬਹੁਤ ਵੱਡੀ ਫੌਜ ਬਣ ਗਈ (ਵੇਖੋ ਨਿਆਈਆਂ 7:6; 8:10)।

ਬਾਰਾਕ (ਨਿਆਈਆਂ 4:1–5:31) ਅਤੇ ਉਸ ਦੇ ਦਸ ਹਜ਼ਾਰ ਬੰਦਿਆਂ ਨੇ ਕਨਾਨੀਆਂ ਨੂੰ ਜਿਨ੍ਹਾਂ ਕੋਲ ਨੌ ਸੌ ਲੋਹੇ ਦੇ ਰੱਥ ਅਤੇ ਇਸਰਾਏਲ ਨਾਲੋਂ ਕਿਤੇ ਵੱਡੀ ਫੌਜ ਸੀ, ਹਰਾ ਦਿੱਤਾ। ਕਨਾਨੀਆਂ ਦੇ ਜਰਨੈਲ ਸਿਸੇਰਾ ਦਾ ਕਤਲ ਉਸ ਵਕਤ ਹੋ ਗਿਆ, ਪਰ ਜਰਨੈਲ ਬਾਰਾਕ ਦੇ ਰਾਹੀਂ ਨਹੀਂ, ਕਿਉਂ ਜੋ ਉਸ ਨੇ ਨਬੀਆ ਦਬੋਰਾਹ ਦੀ ਸਲਾਹ ਨਹੀਂ ਮੰਨੀ ਸੀ ਜਿਹੜੀ ਇਸਰਾਏਲ ਵਿਚ ਚੌਥੀ ਨਿਆਈ ਸੀ। ਇਹਦੇ ਥਾਂ ਸਿਸਰਾ ਨੂੰ ਇਕ ਔਰਤ ਵੱਲੋਂ ਕਤਲ ਕੀਤਾ ਗਿਆ ਸੀ (ਨਿਆਈਆਂ 4:8, 9, 21)। ਜੰਗ ਲਈ ਦਬੋਰਾ ਨੂੰ ਨਾਲ ਲੈਣ ਦੀ ਬਾਰਾਕ ਦੀ ਇੱਛਾ ਯਕੀਨਨ ਹੀ ਇਹ ਸੰਕੇਤ ਦਿੰਦੀ ਹੈ ਕਿ ਉਸ ਨੂੰ ਖ਼ੁਦਾ ਤੇ ਜਿਸ ਨੇ ਉਸ ਨੂੰ ਹਦਾਇਤ ਦਿੱਤੀ ਸੀ ਨਿਹਚਾ ਸੀ, ਪਰ ਉਹਦੀ ਨਿਹਚਾ ਓਨੀ ਪੱਕੀ ਨਹੀਂ ਸੀ ਜਿੰਨੀ ਹੋ ਸਕਦੀ ਸੀ। ਭਾਵੇਂ ਉਸ ਨੂੰ ਫ਼ਤਹਿ ਦਾ ਮਾਣ ਨਹੀਂ ਦਿੱਤਾ ਗਿਆ ਪਰ ਖ਼ੁਦਾ ਅਤੇ ਇਸਰਾਏਲ ਦੀ ਵਡਿਆਈ ਲਈ ਜੰਗ ਵਿਚ ਫੌਜ ਦੀ ਅਗਵਾਈ ਉਸੇ ਨੇ ਕੀਤੀ।[80]

ਤੇਰਵਾਂ ਨਿਆਂਈ ਸਮਸੂਨ (ਨਿਆਈਆਂ 13:24–16:31), ਪੈਦਾਇਸ਼ੀ ਨਾਜ਼ੀਰ ਸੀ ਅਤੇ ਉਸ ਨੇ ਕਈਆਂ ਪਲਿਸ਼ਤੀਆਂ ਨੂੰ ਮਾਰਿਆ ਸੀ। ਸਮਸੂਨ ਇਕ ਪਾਪੀ ਸੀ ਪਰ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਉਸ ਦੀ ਤਾਰੀਫ਼ ਉਹਦੇ ਪਾਪਾਂ ਕਰਕੇ ਨਹੀਂ ਕੀਤੀ। ਸਮਸੂਨ ਦੀ ਸਭ ਤੋਂ ਵੱਡੀ ਕਮਜ਼ੋਰੀ ਬਦਕਾਰ ਔਰਤਾਂ ਨਾਲ ਰੰਗਰਲੀਆਂ ਮਨਾਉਣਾ ਸੀ। ਉਸ ਨੂੰ ਨਵੇਂ ਸਿਰਿਉਂ ਤਾਕਤ ਮਿਲਣ ਦੀ ਬਰਕਤ ਮਿਲੀ ਪਰ ਉਨ੍ਹਾਂ ਫ਼ਲਿਸਤੀਆਂ ਦੇ ਨਾਲ ਜਿਨ੍ਹਾਂ ਨੂੰ ਉਸ ਨੇ ਮਾਰਿਆ ਸੀ, ਆਪਣੀ ਜਾਣ ਦੇ ਕੇ। ਖ਼ੁਦਾ ਨੇ ਉਸ ਨੂੰ ਆਪਣੀ ਨਿਹਚਾ ਨਾਲ ਉਸ ਨੂੰ ਸ਼ਕਤੀ ਦਾ ਇਕ ਆਖ਼ਰੀ ਮੁਜ਼ਾਹਿਰਾ ਕਰਨ ਦੇ ਯੋਗ ਬਣਾਇਆ।

ਨੌਵਾਂ ਨਿਆਈ ਯਿਫ਼ਤਾ (ਨਿਆਈਆਂ 11:1–12:7), (ਸਮਸੂਨ ਵਾਂਗ) ਕਾਮਿਲ ਨਹੀਂ ਸੀ। ਆਪਣੀ ਧੀ ਬਾਰੇ ਉਸ ਨੇ ਬਿਨਾਂ ਸੋਚੇ ਸਮਝੇ ਮੰਨਤ ਮੰਨ ਲਈ, ਪਰ ਉਹ ਉਸ ਨੂੰ ਪੂਰਾ ਕਰਨ ਵਿਚ ਵਾਅਦੇ ਦਾ ਪੱਕਾ ਰਿਹਾ। ਭਾਵੇਂ ਜਲਦਬਾਜ਼ੀ ਵਿਚ ਹੀ ਮੰਨੀ ਗਈ ਸੀ ਪਰ ਉਹਦੀ ਮੰਨਤ ਈਮਾਨ ਨਾਲ ਭਰਪੂਰ ਸੀ। ਜ਼ਾਹਿਰ ਤੌਰ ਤੇ ਉਸ ਨੇ ਵਿਖਾ ਦਿੱਤਾ ਕਿ ਉਹ ਨੇ ਖ਼ੁਦਾ ਅੱਗੇ ਮੰਨਤ ਮੰਗੀ ਸੀ ਅਤੇ ਉਹ ਉਸ ਤੋਂ ਮੁੱਕਰ ਨਹੀਂ ਸਕਦਾ। ਇਹ ਬਹਿਸ ਦਾ ਮੁੱਦਾ ਹੈ ਕਿ ਉਹ ਦੀ ਬੇਟੀ ਨੂੰ ਨਰ ਬਲੀ ਦੇ ਰੂਪ ਵਿਚ ਦਿੱਤਾ ਗਿਆ ਜਾਂ ਸਿਰਫ਼ ਕੁਆਰੇਪਣ ਵਾਲੀ ਜ਼ਿੰਦਗੀ ਲਈ (''ਆਪਣੇ ਕੁਆਰੇਪਣ ਕਰਕੇ ਰੋਂਦੀ ਰਹੀ''; ਨਿਆਈਆਂ 11:37)। ਨਜਾਇਜ ਪੁੱਤਰ ਹੋਣ ਕਰਕੇ ਯਿਫ਼ਤਾ ਦੀ ਕੋਈ ਵਿਰਾਸਤ ਨਹੀਂ ਸੀ, ਪਰ ਜੇ ਉਹ ਦੀ ਬੇਟੀ ਉਹ ਨੂੰ ਵਾਰਸ ਦੇ ਦਿੰਦੀ ਤਾਂ ਉਹ ਦਾ ਵੰਸ਼ ਚੱਲਦਾ ਰਹਿ ਸਕਦਾ ਸੀ। ਇਸ ਕਰਕੇ ਉਹ ਦਾ ਕੁਆਰਾ ਰਹਿਣਾ ਹੋਰ ਵੀ ਨਿਰਾਸ਼ਾ ਭਰਿਆ ਹੈ। ਇਹ ਤੈਅ ਕਰਨ ਲਈ ਕਿ ਇਸਰਾਏਲ ਦਾ ਉਸ ਵਕਤ ਕੋਈ ਰਾਜਾ ਨਾ ਹੋਵੇ, ਖ਼ੁਦਾ ਨੇ ਉਪਾਅ ਕਰਕੇ ਇਸ ਹਾਲਤ ਦਾ ਇੰਤਜਾਮ ਕੀਤਾ ਹੋ ਸਕਦਾ ਹੈ। ਯਿਪਤਾ ਨੇ ਅਮੋਨੀਆਂ ਨੂੰ ਹਰਾਇਆ ਅਤੇ ਜ਼ਾਹਿਰ ਤੌਰ ਤੇ ਇਸ ਨਾਲ ਇਸਰਾਏਲ ਵਿਚ ਉਹ ਸ਼ਾਂਤੀ ਆਈ ਜਿਹੜੀ ਕੁਝ ਦੇਰ ਤਕ ਉਸ ਦੇ ਉੱਤਰਾਧਿਕਾਰੀਆਂ ਨੂੰ ਮਿਲੀ।

ਇਸਰਾਏਲ ਦੇ ਦੂਜੇ ਬਾਦਸ਼ਾਹ ਦਾਊਦ (1 ਸਮੂਏਲ 16–2 ਸਮੂਏਲ 24) ਨੇ ਇਕ ਕਹਾਣੀ ਛੱਡ ਦਿੱਤੀ ਜਿਹੜੀ ਬਾਈਬਲ ਦੇ ਹਰ ਪਾਠਕ ਨੂੰ ਪਤਾ ਹੈ। ਇਹ ਆਖਦਿਆਂ ਕਿ ਖ਼ੁਦਾ ਮਨੁੱਖਾਂ ਉੱਤੇ ''ਧਰਮ ਨਾਲ'' ਹਕੂਮਤ ਕੀਤਾ ਜਾਣਾ ਪਸੰਦ ਕਰਦਾ ਹੈ, ਆਪਣੇ ਆਖ਼ਰੀ ਗੀਤ ਵਿਚ ਉਹ ਇਮਾਨਦਾਰੀ ਨਾਲ ਹਕੂਮਤ ਕਰਨ ਵਿਚ ਚੌਕਸ ਸੀ (2 ਸਮੂਏਲ 23:2–7)। ਦਾਊਦ ਹੀ ਸੀ ਜਿਹੜਾ ਆਉਣ ਵਾਲੇ ਮਸੀਹ ਦਾ ਪ੍ਰਤੀਕ ਸੀ। ਉਸ ਦੇ ਵੱਡੇ ਵਿਸ਼ਵਾਸ ਨੂੰ ਨਬੂਵਤ ਦੇ ਉਸ ਦੇ ਭਜਨਾਂ ਦੇ ਰਾਹੀਂ ਵਿਖਾਇਆ ਗਿਆ ਹੈ; ਉਹ ਦੀ ਜ਼ਿੰਦਗੀ ਅਤੇ ਉਹ ਦੇ ਲੇਖਾਂ ਵਿਚ ਅਸੀਂ ਉਸ ਦੀਆਂ ਉਮੀਦਾਂ ਨੂੰ ਵੇਖਦੇ ਹਾਂ, ਜਿਹੜੀਆਂ ਉਹ ਦੇ ਵੱਡੇ ਪੁੱਤਰ ਯਿਸੂ ਦੀ ਮੌਤ ਅਤੇ ਜੀ ਉੱਠਣ ਵਿਚ ਪੂਰੀਆਂ ਹੋਈਆਂ ਸਨ। ''ਦਾਊਦ ਦੀਆਂ ਸੱਚੀਆਂ ਦਿਆਲਗੀਆਂ'' (ਯਸਾਯਾਹ 55:3, 4) ਵਾਕਅੰਸ਼ ਮਸੀਹ ਦੇ ਜੀ ਉੱਠਣ ਵੱਲ ਅੱਗੇ ਨੂੰ ਵੇਖਦਾ ਹੈ (ਰਸੂਲਾਂ ਦੇ ਕੰਮ 13:32–35)। ਦਾਊਦ ਦੀ ਨਿਹਚਾ ਉਹ ਦੀ ਸਦਾਚਾਰੀ ਕਮਜ਼ੋਰੀ ਨਾਲੋਂ ਵਧ ਕੇ ਹੈ ਤਾਂ ਜੋ ਜੇ ਕੋਈ ਵੀ ਨਾਸਵਾਨ ਮਨੁੱਖ ਇੱਥੇ ਨਾਂ ਦਿੱਤੇ ਜਾਣ ਦਾ ਹੱਕਦਾਰ ਹੈ ਤਾਂ ਉਹਦਾ ਨਾਂਅ ਵੀ ਦਿੱਤਾ ਜਾਵੇ।

ਸਮੂਏਲ (1 ਸਮੂਏਲ 2:21–25:1) ਇਸਰਾਏਲ ਦਾ ਪੰਦਰ੍ਹਵਾਂ ਅਤੇ ਆਖ਼ਰੀ ਨਿਆਂਈ, ਪਰ ਉਹ ਨਬੀ ਵੀ ਸੀ। ਉਹ ਭਲਾ ਆਦਮੀ ਸੀ ਪਰ ਆਪਣੇ ਬਜ਼ੁਰਗ ਏਲੀ ਵਾਂਗ ਉਸ ਨੇ ਆਪਣੇ ਬੇਟਿਆਂ ਨੂੰ ਸਹੀ ਸਿਖਲਾਈ ਨਹੀਂ ਦਿੱਤੀ ਜਾਂ ਉਨ੍ਹਾਂ ਨੂੰ ਰੋਕਿਆਂ ਨਹੀਂ (1 ਸਮੂਏਲ 3:12, 13; 8:1–7)। ਇਸ ਕਰਕੇ ਉਹ ਦੇ ਮਰਨ ਦੇ ਬਾਅਦ ਉਹਦੀ ਔਲਾਦ ਵਿੱਚੋਂ ਕੋਈ ਉਹ ਦਾ ਵਾਰਸ ਨਹੀਂ ਬਣ ਸਕਿਆ। ਸਮੂਏਲ, ਜਿਸ ਨੇ ਲੋਕਾਂ ਨੂੰ ਯਾਦ ਦੁਆਇਆ ਸੀ ਕਿ ਖ਼ੁਦਾ ਉਨ੍ਹਾਂ ਦੇ ਨਾਲ ਹੈ, ਉਦੋਂ ਵੀ ਜਦੋਂ ਸੰਦੂਕ ਪਲਿਸ਼ਤੀਆਂ ਦੇ ਕੋਲ ਸੀ। ਸੰਦੂਕ ਦੇ ਵਾਪਸ ਆਉਣ ਤੇ ਸਮੂਏਲ ''ਗੁਮਨਾਮ ਥਾਂ ਤੇ ਰਹਿ ਗਿਆ ਸੀ, ਤਾਂ ਜੋ ਲੋਕਾਂ ਦਾ ਵਿਸ਼ਵਾਸ ਇਕ ਵਾਰ ਫੇਰ ਤੋਂ ਖ਼ੁਦਾ ਦੀ ਬਜਾਇ ਸੰਦੂਕ ਵਿਚ ਨਾ

ਹੋ ਜਾਵੇ।''[81] ਆਪਣੇ ਬੇਟਿਆਂ ਉੱਤੇ ਆਪਣੇ ਅਸਰ ਨੂੰ ਛੱਡ ਕੇ ਉਹ ਹਰ ਗੱਲ ਵਿਚ ਮਾਤਬਰ ਸੀ।

ਧਿਆਨ ਦਿਓ ਕਿ ਇਸ ਫ਼ਹਰਿਸ਼ਤ ਵਿਚ ਦਿੱਤੇ ਹਰ ਸ਼ਖ਼ਸ ਵਿਚ ਕੋਈ ਨਾ ਕੋਈ ਰੂਹਾਨੀ ਖਾਮੀ ਸੀ, ਜਿਹਦਾ ਜ਼ਿਕਰ ਵਚਨ ਵਿਚ ਦਿੱਤਾ ਗਿਆ ਹੈ। ਇਨ੍ਹਾਂ ਲੋਕਾਂ ਨੇ ਭਾਵੇਂ ਆਪਣੇ ਲੋਕਾਂ ਨੂੰ ਫ਼ਤਹਿ ਸ਼ਾਂਤੀ ਅਤੇ ਨਿਆਂ ਦੁਆਇਆ ਸੀ, ਪਰ ਨਿਹਚਾ ਦੇ ਇਹ ਨਾਇਕ ਪਾਪ ਦੇ ਦੋਸ਼ੀ ਸਨ।

> ਉਹ ਆਮ ਮਰਦ ਅਤੇ ਔਰਤਾਂ ਸਨ ਜਿਨ੍ਹਾਂ ਦੇ ਰਾਹੀਂ ਖ਼ੁਦਾ ਨੇ ਆਪਣੇ ਮਕਸਦਾਂ ਨੂੰ ਪੂਰਿਆਂ ਕੀਤਾ, ਪਰ ਇਨ੍ਹਾਂ ਸਭਨਾਂ ਵਿਚ ਕਮਜ਼ੋਰੀਆਂ ਸਨ। ਨੂਹ ਸ਼ਰਾਬੀ ਹੋ ਗਿਆ ਸੀ, ਅਬਰਾਹਾਮ ਨੇ ਆਪਣੀ ਪਤਨੀ ਬਾਰੇ ਝੂਠ ਬੋਲਿਆ ਸੀ, ਸਾਰਾਹ ਹਾਜਿਰਾ ਉੱਤੇ ਬੇਦਰਦ ਹੋ ਗਈ ਸੀ ਅਤੇ ਉਸ ਨੂੰ ਬਾਹਰ ਕੱਢ ਦਿੱਤਾ ਸੀ, ਇਸਹਾਕ ਨੇ ਆਪਣੀ ਪਤਨੀ ਬਾਰੇ ਝੂਠ ਬੋਲਿਆ ਸੀ, ਯਾਕੂਬ ਨੇ ਆਪਣੇ ਪਿਤਾ ਨਾਲ ਫ਼ਰੇਬ ਕੀਤਾ ਸੀ, ਯੂਸੁਫ਼ ਬਚਪਨ ਵਿਚ ਗੱਪੀ ਸੀ, ਮੂਸਾ ਨੇ ਇਕ ਮਿਸਰੀ ਦਾ ਕਤਲ ਕੀਤਾ ਸੀ ਅਤੇ ਮਰੀਬਾਹ ਵਿਚ ਖ਼ੁਦਾ ਦਾ ਹੁਕਮ ਤੋੜਿਆ ਸੀ, ਇਸਰਾਏਲੀਆਂ ਨੇ ਕਈ ਤਰ੍ਹਾਂ ਦੀਆਂ ਬੁਰਿਆਈਆਂ ਕੀਤੀਆਂ ਸਨ, ਰਹਾਬ ਅਤੇ ਸਮਸੂਨ ਦੋਵੇਂ ਵਿਭਚਾਰ ਦੇ ਦੋਸ਼ੀ ਸਨ। ਬਾਰਾਕ ਨੇ ਦਬੋਰਾ ਦੀ ਮਦਦ ਦੇ ਬਗੈਰ ਜੰਗ ਵਿਚ ਜਾਣ ਤੋਂ ਨਾਂਹ ਕਰ ਦਿੱਤੀ ਸੀ, ਯਿਫ਼ਤਾ ਆਪਣੀ ਜ਼ਿੰਦਗੀ ਦਾ ਛਾਪਾਮਾਰ ਭਾਗ ਸੀ ਅਤੇ ਉਸ ਨੇ ਬੇਵਕੂਫ਼ੀ ਭਰੀ ਮੰਨਤ ਮੰਨੀ ਸੀ, ਦਾਊਦ ਨੇ ਬਤਸ਼ੇਬਾ ਨਾਲ ਵਿਭਚਾਰ ਕੀਤਾ ਅਤੇ ਸਮੂਏਲ ਨੇ ਪ੍ਰਭੂ ਦੇ ਕੰਮ ਲਈ ਆਪਣੇ ਬੇਟਿਆਂ ਨੂੰ ਗੁਆ ਲਿਆ ਸੀ।[82]

ਇਨ੍ਹਾਂ ਪਾਪਾਂ ਤੋਂ ਸਿਰਫ਼ ਖ਼ੁਦਾ ਦੀ ਕਿਰਪਾ ਦਾ ਹੀ ਪਤਾ ਲਗਦਾ ਹੈ। ਉਸ ਨੇ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੀਆਂ ਨਾਕਾਮੀਆਂ ਦੇ ਬਾਵਜੂਦ ਉਨ੍ਹਾਂ ਦੀ ਨਿਹਚਾ ਕਰਕੇ, ਵੱਡੇ ਨਾਇਕ ਬਣਾਇਆ।

**ਆਇਤਾਂ 33, 34.** ਇਬਰਾਨੀ ਇਤਿਹਾਸ ਦੇ ਸਿਰਕੱਢ ਲੋਕਾਂ ਦੇ ਨਾਂਅ ਦੇਣ ਦੇ ਇਲਾਵਾ ਲੇਖਕ ਨੇ ਉਨ੍ਹਾਂ ਆਮ ਲੋਕਾਂ ਦਾ ਨਾਂਅ ਲਿਆ ਜਿਨ੍ਹਾਂ ਨੇ ਵੱਡੇ ਵੱਡੇ ਕੰਮ ਕੀਤੇ ਸਨ। ਦਿੱਤੇ ਗਏ ਨੌਂ ਕੰਮ ਇਨ੍ਹਾਂ ਤਿੰਨਾਂ ਸਮੂਹਾਂ ਵਿਚ ਆਉਂਦੇ ਹਨ। ਬਾਦਸ਼ਾਹੀਆਂ ਨੂੰ ਜਿੱਤਣ, ਨਿਆਂ ਕਾਇਮ ਕਰਨ ਅਤੇ ਵਾਅਦਿਆਂ ਨੂੰ ਪਾਉਣ ਦੀ ਪ੍ਰਾਪਤੀਆਂ ਦੇ ਸਬੰਧ ਵਿਚ ਪਹਿਲੇ ਸਮੂਹ ਦਾ ਨਾਂਅ ਦਿੱਤਾ ਗਿਆ ਹੈ। ਵਿਦੇਸ਼ੀ ਹਕੂਮਤਾਂ ਦੀ ਹਾਰ ਆਮ ਤੌਰ ਤੇ ਹੁੰਦੀ ਸੀ ਜਦੋਂ ਘੱਟ ਤਾਕਤ ਵਾਲਾ ਇਸਰਾਏਲ ਨਿਹਚਾ ਨਾਲ ਜੰਗ ਲਈ ਜਾਂਦਾ ਸੀ। ਨਿਹਚਾ ਦੇ ਇਨ੍ਹਾਂ ਲੋਕਾਂ ਨੇ ਧਾਰਮਿਕਤਾ ਨੂੰ ਚੁਣਿਆ ਕਿਉਂ ਜੋ ਉਹ ਉਨ੍ਹਾਂ ਖ਼ੁਦਾ ਦੇ ਸੁਭਾਅ ਵਿਚ ਸਨ (ਆਇਤਾਂ 33, 34)।

ਦੂਜੇ ਸਮੂਹ ਦਾ ਸਬੰਧ ਸਹਿਨਸ਼ੀਲਤਾ ਨਾਲ ਹੈ (ਆਇਤਾਂ 35, 36)। ਖ਼ੁਦਾ ਦੇ ਮਗਰ ਵਫ਼ਾਦਾਰੀ ਨਾਲ ਚੱਲਣ ਵਾਲਿਆਂ ਨੂੰ ਬੜੇ ਸਤਾਅ ਦਾ ਸਾਹਮਣਾ ਕਰਨਾ ਪਿਆ ਸੀ, ਪਰ ਫਿਰ ਵੀ ਉਨ੍ਹਾਂ ਤੇ ਫ਼ਤਹਿ ਪਾ ਲਈ। ਤੀਜੇ ਸਮੂਹ ਨੂੰ ਬਹੁਤ ਤਕਲੀਫ਼ਾਂ ਝੱਲਣ ਵਾਲੇ ਦੇ ਰੂਪ ਵਿਚ ਵਿਖਾਇਆ ਗਿਆ ਹੈ। ਪਰ ਉਨ੍ਹਾਂ ਨੂੰ ਵੀ ਅਨੋਖੇ ਜ਼ਬਰਦਸਤ ਛੁਟਕਾਰੇ ਹਾਸਿਲ ਹੋਏ (ਆਇਤਾਂ 37, 38)।[83]

ਇਨ੍ਹਾਂ ਅਤੇ ਹੋਰਨਾਂ ਦੀਆਂ ਵੱਖੋ ਵੱਖ ਗਤੀਵਿਧੀਆਂ ਦਾ ਬੜਾ ਮਹੱਤਵ ਹੈ, ਕਿਉਂ ਜੋ ਉਹ **ਨਿਹਚਾ ਦੇ ਰਾਹੀਂ** ਕੀਤੀਆਂ ਗਈਆਂ ਸਨ (ਆਇਤ 33)।[84] ਕਈਆਂ ਨੇ **ਬਾਦਸ਼ਾਹੀਆਂ ਨੂੰ ਫ਼ਤਹਿ ਕੀਤਾ।** ਅਜਿਹੀਆਂ ਜਿੱਤਾਂ ਉਨ੍ਹਾਂ ਦੇ ਰਾਹੀਂ ਹਾਸਲ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਨਾਂਅ ਲੇਖਕ ਨੇ ਪਹਿਲਾਂ ਵੀ ਲਿਆ ਹੈ, ਜਿਵੇਂ ਗਿਦਾਊਨ, ਬਾਰਾਕ ਅਤੇ ਯਿਫ਼ਤਾ ਅਤੇ ਸਮਸੂਨ। ਹੋਰਨਾਂ ਨੇ **ਧਰਮ ਤੇ ਕੰਮ ਕੀਤੇ** ਇਹ ਸਮੂਏਲ (1 ਸਮੂਏਲ 12:1–5) ਅਤੇ ਦਾਊਦ ਵਰਗੇ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੇ ਨਿਆਂ ਦੀ ਗੱਲ ਹੋ ਸਕਦੀ ਹੈ ਜਿਹੜੇ ''ਆਪਣੀ ਸਾਰੀ ਪਰਜਾ ਦੇ ਉੱਤੇ ਧਰਮ ਦਾ ਨਿਆਉਂ'' ਕਰਦੇ ਸਨ (2 ਸਮੂਏਲ 8:15)।

**ਵਾਅਦਿਆਂ ਨੂੰ ਪ੍ਰਾਪਤ ਕੀਤਾ** ਤੋਂ ਭਾਵ ਖ਼ੁਦਾ ਦੇ ਉਹ ਕੁਝ ਵਾਅਦੇ ਹੋਣਗੇ ਜਿਹੜੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਪੂਰੇ ਹੋ ਗਏ ਸਨ। ਇਬਰਾਨੀਆਂ 11:13, 39 ਸਾਨੂੰ ਦੱਸਦਾ ਹੈ ਕਿ ਪੁਰਾਣੇ ਨੇਮ ਦੇ

ਤਹਿਤ ਰਹਿਣ ਵਾਲੇ ਲੋਕਾਂ ਨੂੰ ''ਦਿੱਤੇ ਹੋਏ ਵਚਨ ਪ੍ਰਾਪਤ ਨਾ ਹੋਏ'' ਅਤੇ ਉਹ ''ਵਾਅਦੇ ਨੂੰ ਪ੍ਰਾਪਤ ਨਾ ਹੋਏ''; ਪਰ ਇਸ ਵਿਚ ਕੋਈ ਵਿਰੋਧਾਭਾਸ ਨਹੀਂ ਹੈ। ਇਹ ਦੋਵੇਂ ਆਇਤਾਂ ਵੱਖੋ ਵੱਖ ਵਾਅਦੇ ਦੀ ਗੱਲ ਕਰਦੀਆਂ ਹਨ, ਜਿਸ ਵਿਚ ਅਖ਼ੀਰ ਵਿਚ ਮਸੀਹ ਵਿਚ ਸਾਨੂੰ ਦਿੱਤੇ ਗਏ ਵਾਅਦੇ ਦੀ ਬਰਕਤ ਸ਼ਾਮਿਲ ਹੈ। ਨਿਹਚਾਵਾਨ ਪੁਰਖਾਂ ਅਤੇ ਇਸਤਰੀਆਂ ਨੇ ਯਕੀਨਨ ਹੀ ਪੁਰਾਣੇ ਨੇਮ ਦੇ ਹੋਰ ਤਰ੍ਹਾਂ ਦੇ ''ਵਾਅਦੇ'' ਪ੍ਰਾਪਤ ਕੀਤੇ। ਖ਼ੁਦਾ ਨੇ ਇਸਰਾਏਲ ਨਾਲ ਆਪਣਾ ਵਾਅਦਾ ਪੂਰਾ ਕੀਤਾ ਜਦ ਯਹੋਸ਼ੁਆ ਦੀ ਅਗਵਾਈ ਵਿਚ ਲੋਕਾਂ ਨੂੰ ਕਨਾਨ ਨੂੰ ਹਾਸਿਲ ਕੀਤਾ ''ਉਹ ਸਾਰਾ ਦੇਸ਼'' ਪਾਇਆ ਜਿਸ ਨੂੰ ਦੇਣ ਦਾ ਵਾਅਦਾ ਖ਼ੁਦਾ ਨੇ ਉਨ੍ਹਾਂ ਨਾਲ ਕੀਤਾ ਸੀ (ਯਹੋਸ਼ੁਆ 21:43)। ਯਸਾਯਾਹ ਨੇ ਯਰੂਸ਼ਲਮ ਨੂੰ ਉਸ ਹਮਲੇ ਅਤੇ ਬਰਬਾਦੀ ਤੋਂ ਛੁੱਟਦਿਆਂ ਵੇਖਿਆ ਜਿਹੜਾ ਸਨਹੇਰੀਬ ਚਾਹੁੰਦਾ ਸੀ (2 ਰਾਜਿਆਂ 19)। ਦਾਨੀਏਲ ਨੇ ਬਾਬੁਲ ਦੀ ਗੁਲਾਮੀ ਦੇ ਅੰਤ ਨੂੰ ਵੇਖਿਆ (ਦਾਨੀਏਲ 9)। ਨਿਹਚਾਵਾਨਾਂ ਨੇ ਮਸੀਹਾ ਨੂੰ ਭੇਜਣ ਦੇ ਖ਼ੁਦਾ ਦੇ ਵਾਅਦਿਆਂ ਉੱਤੇ ਵਿਸ਼ਵਾਸ ਕੀਤਾ, ਭਾਵੇਂ ਉਨ੍ਹਾਂ ਨੇ ਆਪਣੇ ਜੀਉਂਦੇ ਜੀ ਉਸ ਨੂੰ ਨਹੀਂ ਵੇਖਿਆ। ਖ਼ੁਦਾ ਦੇ ਵਾਅਦਿਆਂ ਦੇ ਲਈ ਅੰਤ ਵਿਚ ਪੂਰਾ ਹੋਣ ਨੂੰ 11:35 ਵਿਚ ਵੇਖਿਆ ਜਾਂਦਾ ਹੈ ਜਿਸ ਵਿਚ ਅਨਾਦੀਕਾਲ ਦੀ ''ਉੱਤਮ ਕਿਆਮਤ'' ਹੈ।

ਇੱਥੇ ਉਨ੍ਹਾਂ ਲੋਕਾਂ ਦੇ ਨਾਂਅ ਵੀ ਹਨ ਜਿਨ੍ਹਾਂ ਨੇ **ਬੱਬਰ ਸ਼ੇਰਾਂ ਦੇ ਮੂੰਹ ਬੰਦ ਕੀਤੇ।** ਇਨ੍ਹਾਂ ਵਿਚ ਸਮਸੂਨ (ਨਿਆਈਆਂ 14:6 ਜਿਹਦੀ ਕਹਾਣੀ ਅਧਿਆਇ 13 ਤੋਂ 16 ਵਿਚ ਦਿੱਤੀ ਗਈ ਹੈ) ਅਤੇ ਦਾਊਦ (1 ਸਮੂਏਲ 17:34, 35) ਸ਼ਾਮਿਲ ਹਨ। ਖ਼ਾਸਕਰ ਦਾਨੀਏਲ ਉੱਤੇ ਧਿਆਨ ਦਿਓ। ਜੇ ਇਹ ਗੱਲ ਹੈ ਤਾਂ ਦਾਨੀਏਲ ਦੀ ਨਿਹਚਾ ਨੇ ਹੀ ਖ਼ੁਦਾ ਨੂੰ ਉਹਦੇ ਬਚਾਅ ਲਈ ਫ਼ਰਿਸ਼ਤੇ ਨੂੰ ਭੇਜਣ ਵਾਸਤੇ ਮਜਬੂਰ ਕੀਤਾ (ਦਾਨੀਏਲ 6:22)।

ਕੁਝ ਨਿਹਚਾਵਾਨਾਂ ਵਾਸਤੇ ਖ਼ੁਦਾ ਨੇ **ਅੱਗ ਦੇ ਤਾਉ ਨੂੰ ਠੰਡਿਆਂ ਕੀਤਾ** (ਆਇਤ 34)। ਯਕੀਨਨ ਹੀ ਇਹ ਦਾਨੀਏਲ 3 ਅਧਿਆਇ ਵਾਲੇ ਸਦਰਕ ਅਤੇ ਮੇਸ਼ਕ ਅਤੇ ਅਬੇਦਨਗੋ ਦੀ ਗੱਲ ਹੈ। ਉਨ੍ਹਾਂ ਦਾ ਯਕੀਨ ਐਨਾਂ ਵੱਡਾ ਸੀ ਕਿ ਬੇਸ਼ੱਕ ਉਨ੍ਹਾਂ ਨੂੰ ਪਤਾ ਸੀ ਕਿ ਖ਼ੁਦਾ ਚਾਹੇ ਤਾਂ ਉਨ੍ਹਾਂ ਨੂੰ ਨਾ ਛੁਡਾਵੇ, ਪਰ ਉਨ੍ਹਾਂ ਨੇ ਮੂਰਤੀ ਅੱਗੇ ਨਾ ਝੁਕ ਕੇ ਉਸ ਦਾ ਇਨਕਾਰ ਨਾ ਕਰਨ ਨੂੰ ਚੁਣਿਆ। ਹੋਰ ਵੀ ਕਈ ਘਟਨਾਵਾਂ ਹੋ ਸਕਦੀਆਂ ਹਨ ਜਿਨ੍ਹਾਂ ਦਾ ਸਾਨੂੰ ਕੁਝ ਪਤਾ ਨਹੀਂ ਹੈ।

ਨਿਹਚਾ ਦੇ ਕਈ ਨਾਇਕ **ਤਲਵਾਰ ਦੀਆਂ ਧਾਰਾਂ ਤੋਂ ਬਚ ਨਿੱਕਲੇ,** ਪੁਰਾਣੇ ਨੇਮ ਵਿਚ ਮੌਤ ਤੋਂ ਬਚਨ ਵਾਲਿਆਂ ਵਿਚ ਗੋਲੀਅਤ ਉੱਤੇ ਦਾਊਦ ਦੀ ਫ਼ਤਹਿ ਅਤੇ ਸ਼ਾਊਲ ਅੱਗੋਂ ਉਸ ਦਾ ਭੱਜ ਜਾਣਾ ਸ਼ਾਮਿਲ ਸੀ (1 ਸਮੂਏਲ 18:10, 11; 19:10)। ਏਲੀਯਾਹ ਈਜ਼ਬਲ ਵੱਲੋਂ ਉਸ ਦਾ ਕਤਲ ਕੀਤੇ ਜਾਣ ਤੋਂ ਬਚ ਗਿਆ (1 ਰਾਜਿਆਂ 19:1–6), ਅਤੇ ਅਲੀਸ਼ਾ (2 ਰਾਜਿਆਂ 6:14–23, 31–33) 2 ਰਾਜਿਆਂ 6:18 ਵਿਚ ਅਰਾਮੀਆਂ ਦੀ ਟੋਲੀ ਨੂੰ ਅੰਨ੍ਹਾ ਕਰ ਦੇਣ ਵਾਲੇ ਈਜ਼ਬਲ ਦੇ ਬੇਟੇ ਯਹੋਰਾਮ ਦੇ ਹੱਥੋਂ ਬਚ ਗਿਆ। ਲੇਖਕ ਰਾਣੀ ਅਸਤਰ ਅਤੇ ਯਹੂਦੀਆਂ ਦਾ ਹੀ ਵਿਚਾਰ ਕਰ ਰਿਹਾ ਹੋ ਸਕਦਾ ਹੈ ਜਿਨ੍ਹਾਂ ਨੂੰ ਅਸਤਰ 4:13, 14 ਵਿਚ ਖ਼ੁਦਾ ਦੇ ਇੰਤਜ਼ਾਮ ਦੇ ਰਹੀਂ ਬਚਾਇਆ ਗਿਆ ਸੀ।

ਕਈ **ਨਿਰਬਲਤਾਈ ਵਿਚ ਬਲੀ ਹੋਏ, ਜੁੱਧ ਵਿਚ ਸੂਰਮੇ ਬਣ, ਓਪਰਿਆਂ ਦੀਆਂ ਫ਼ੌਜਾਂ ਨੂੰ ਭਜਾ ਦਿੱਤਾ।** ਇਹ ਵੇਰਵਾ ਅਹਾਬ ਰਾਜੇ ਦਾ ਵੀ ਹੋ ਸਕਦਾ ਹੈ ਜਿਸ ਦੀ ਫੌਜ ''ਪਠੋਰਿਆਂ ਦੇ ਦੋ ਛੋਟੇ ਛੋਟੇ ਇੱਜੜ'' ਵਰਗੀ ਸੀ, ਫਿਰ ਵੀ ਉਨ੍ਹਾਂ ਨੇ ਤਾਕਤਵਰ ਅਰਾਮੀਆਂ ਨੂੰ ਹਰਾ ਦਿੱਤਾ (1 ਰਾਜਿਆਂ 20:27)। ਦਾਊਦ ਉਨ੍ਹਾਂ ਕਮਜ਼ੋਰ ਲੋਕਾਂ ਵਿੱਚੋਂ ਹੀ ਸੀ ਜਿਨ੍ਹਾਂ ਨੂੰ ਤਾਕਤਵਰ ਬਣਾਇਆ ਗਿਆ (1 ਸਮੂਏਲ 17:49–51), ਜਿਵੇਂ ਬਾਰਾਕ ਵੀ ਸੀ (ਨਿਆਈਆਂ 4:14)। ਅਸੀਂ ਸਮਸੂਨ ਤੇ ਵੀ ਵਿਚਾਰ ਕਰ ਸਕਦੇ ਹਾਂ ਜਿਸ ਨੇ ਇਕ ਕਾਫ਼ਿਰ ਮੰਦਰ ਨੂੰ ਬਰਬਾਦ ਕਰਨ ਅਤੇ ਕਮਜ਼ੋਰੀ ਦੇ ਸਮੇਂ ਦੇ ਬਾਅਦ ਪਲਿਸ਼ਤੀਆਂ ਦੇ ਦਲ ਨੂੰ ਖ਼ਤਮ ਕਰਨ ਦੀ ਸ਼ਕਤੀ ਦਿੱਤੀ ਗਈ (ਨਿਆਈਆਂ 16:19–30)।

ਉਨ੍ਹਾਂ ਘਟਨਾਵਾਂ ਦੀ ਵੀ ਗੱਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਵੇਰਵਾ ਬਾਈਬਲ ਵਿਚ ਨਹੀਂ ਹੈ।

ਦੂਜੀ ਸਦੀ ਈ.ਪੂ ਵਿਚ ਯੂਦਾਹ ਮੱਕਾਬੀ ਨੇ ਸੀਰੀਆ ਦੀਆਂ ਤਾਕਤਵਰ ਫੌਜਾਂ ਨੂੰ ਭਜਾ ਕੇ ਯਹੂਦੀਆਂ ਉੱਤੋਂ ਉਦਾਸੀ ਦੇ ਜੂਏ ਨੂੰ ਲਾਹ ਦਿੱਤਾ। ਅੰਤਿਓਕੁਸ ਏਪੀਫੇਨਸ ਦੀ ਹਕੂਮਤ ਵਿਚ ਸੀਰੀਆ (ਅਰਾਮ) ਨੇ ਸਭ ਯਹੂਦੀਆਂ ਨੂੰ ਯੂਨਾਨੀ ਸੱਭਿਅਤਾ ਅਤੇ ਧਰਮ ਨੂੰ ਅਪਣਾਉਣ ਨੂੰ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ। ਯੂਦਾਹ ਮੱਕਾਬੀ ਨੇ ਛੋਟੀ ਜਿਹੀ ਫ਼ੌਜ ਨਾਲ ਹੀ ਸੀਰੀਆ ਉੱਤੇ ਵੱਡੀ ਜਿੱਤ ਹਾਸਿਲ ਕਰ ਲਈ। ਬੇਸ਼ੱਕ ਇਹ ਵੇਰਵਾ ਬਾਈਬਲ ਵਿਚ ਨਹੀਂ ਹੈ,[85] ਪਰ ਇਸਰਾਏਲੀ ਲੋਕ ਇਸ ਨੂੰ ਬਾਖੂਬੀ ਜਾਣਦੇ ਸਨ ਅਤੇ ਉ ਛੁਟਕਾਰੇ ਵਿਚ ਬੜਾ ਫ਼ਕਰ ਕਰਦੇ ਹੁੰਦੇ ਸਨ।

ਇਸ ਅਧਿਆਇ ਵਿਚ ਦੱਸੇ ਸਭ ਲੋਕ ਮੌਤ ਤੋੜੀ ਵਫ਼ਾਦਾਰ ਰਹੇ ਅਤੇ ਉਨ੍ਹਾਂ ''ਸਾਖੀ ਦਿੱਤੀ ਗਈ'' (ਆਇਤ 39ੳ)। ਖ਼ੁਦਾ ਵਿਚ ਆਪਣੇ ਭਰੋਸੇ ਕਰਕੇ ਉਨ੍ਹਾਂ ਨੂੰ ਰੂਹਾਨੀ ਤੌਰ ਤੇ, ਅਤੇ ਕੁਝ ਮਾਮਲਿਆਂ ਵਿਚ ਸਰੀਰਕ ਤੌਰ ਤੇ ਮਜ਼ਬੂਤ ਕੀਤਾ।

**ਆਇਤ 35.** ਇਸ ਆਇਤ ਦੀ ਸ਼ੁਰੂਆਤ ਕਹਾਣੀ ਦੇ ਦੂਜੇ ਪਹਿਲੂ ਨੂੰ ਦੱਸਣ ਨਾਲ ਹੁੰਦੀ ਹੈ ਕਿ ਨਿਹਚਾ ਦੇ ਬਾਵਜੂਦ ਕਈਆਂ ਨੇ ਬੜਾ ਦੁੱਖ ਝੱਲਿਆ। ਪਰ ਆਪਣੀ ਸਮਝ ਨਾਲ ਖ਼ੁਦਾ ਨੇ ਇੰਤਜ਼ਾਮ ਕੀਤਾ ਤਾਂ ਜੋ ਧਰਮੀ ਲੋਕ ਜੀ ਉੱਠਣ ਵੱਲ ਅੱਗੇ ਨੂੰ ਵੇਖ ਸਕਣ। ਕੁਝ ਮਾਮਲਿਆਂ ਵਿਚ **ਮੁਰਦਿਆਂ** ਨੂੰ ਜ਼ਿੰਦਾ ਕੀਤਾ ਗਿਆ। ਦੋ ਅਜਿਹੇ ਮੋਅਜਜ਼ੇ ਏਲੀਯਾਹ (1 ਰਾਜਿਆਂ 17:17−24) ਅਤੇ ਅਲੀਸ਼ਾ (2 ਰਾਜਿਆਂ 4:18−37) ਦੇ ਰਾਹੀਂ ਕੀਤੇ ਗਏ। ਜਿੰਦਾ ਕੀਤੇ ਜਾਣ ਵਾਲੇ ਬੱਚਿਆਂ ਦੀਆਂ ਸੋਗ ਵਿਚ ਡੁੱਬੀਆਂ ਮਾਵਾਂ ਦੀ ਨਿਹਚਾ ਦੇ ਬਗੈਰ ਉਨ੍ਹਾਂ ਨੂੰ **ਜੀ ਉੱਠਿਆ** ਵੇਖਣਾ ਸ਼ਾਇਦ ਮੁਮਕਿਨ ਨਾ ਹੁੰਦਾ। ਨਵੇਂ ਨੇਮ ਵਿਚ **ਤੀਵੀਆਂ** ਕਿਸੇ ਨਾ ਕਿਸੇ ਤਰ੍ਹਾਂ ਨਾਲ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੇ ਜਾਣ ਨਾਲ ਸਬੰਧਿਤ ਹਰ ਘਟਨਾ ਵਿਚ ਜੁੜੀਆਂ ਹੋਈਆਂ ਸਨ। ਲੂਕਾ 7:11−17 ਵਿਚ ਜ਼ਿੰਦਾ ਕੀਤਾ ਗਿਆ ਨਾਇਨ ਸ਼ਹਿਰ ਦੀ ਵਿਧਵਾ ਦਾ ਬੇਟਾ। ਮਰਕੁਸ 5:22−24, 35−42 ਵਿਚ ਜੈਰੂਸ ਦੀ ਧੀ ਨੂੰ ਜਿੰਦਾ ਕੀਤਾ ਗਿਆ ਸੀ (ਮੱਤੀ 9:18, 19, 24, 25; ਲੂਕਾ 8:41, 42, 49−56 ਵੀ ਵੇਖੋ)। 11:1−44 ਵਿਚ ਯਿਸੂ ਵੱਲੋਂ ਲਾਜ਼ਰ ਨੂੰ ਜਿੰਦਾ ਕੀਤੇ ਜਾਣ ਵੇਲੇ ਮਰੀਅਮ ਅਤੇ ਮਾਰਥਾ ਯਿਸੂ ਦੇ ਨਾਲ ਸਨ। ਮੌਤ ਦੇ ਬਾਅਦ ਦੀ ਜ਼ਿੰਦਗੀ ਦੇ ਸਬੰਧ ਵਿਚ ਭਾਵੇਂ ਪੁਰਾਣੇ ਨੇਮ ਵਿਚ ਬਹੁਤ ਘੱਟ ਦੱਸਿਆ ਗਿਆ ਸੀ, ਪਰ ਬਹੁਤ ਯਹੂਦੀ ਇਸ ਵਿਚ ਯਕੀਨ ਰੱਖਦੇ ਸਨ। ਆਮ ਲੋਕਾਂ ਨੂੰ ਉਹ ਨਜ਼ਰ ਆਉਂਦਾ ਸੀ ਜਿਹੜਾ ਵਿਦਵਾਨਾਂ ਨੂੰ ਨਜ਼ਰ ਨਹੀਂ ਆਉਂਦਾ।

ਲਿਖਤ ਵਿਚ ਜਿਨ੍ਹਾਂ ਹੋਰ ਲੋਕਾਂ ਦਾ ਨਾਂਅ ਦੱਸਿਆ ਗਿਆ ਹੈ ਉਹ **ਡਾਂਗਾਂ ਨਾਲ ਜਾਨੋਂ ਮਾਰੇ ਗਏ ਅਤੇ ਛੁਟਕਾਰਾ ਨਾ ਮੰਨਿਆ।** ਇੱਥੇ ਵਰਤਿਆ ਗਿਆ ਸ਼ਬਦ (*tumpanizō,* ''ਢੋਲ'') ਆਮ ਤੌਰ ਤੇ ਜਾਨਵਰ ਦੀ ਖੱਲ ਨਾਲ ਬਣਾਏ ਗਏ ਢੋਲ ਲਈ ਵਰਤਿਆ ਜਾਂਦਾ ਹੈ, ਪਰ ਮਾਰ ਖਾਣ ਦੇ ਸਦੰਰਭ ਵਿਚ ਇਸ ਤੋਂ ਭਾਵ ਉਹ ਪਹੀਆ ਹੈ ਜਿਹਦੇ ਉੱਤੇ ਪਾ ਕੇ ਬੰਦੇ ਨੂੰ ਧੂਇਆ ਜਾਂਦਾ ਸੀ। ਅਤੇ ਕੁੱਟਿਆ ਜਾਂਦਾ ਸੀ, ਜਿਸ ਨਾਲ ਆਮ ਤੌਰ ਤੇ ਉਹਦੀ ਮੌਤ ਹੋ ਜਾਂਦੀ ਸੀ। ਯਹੂਦੀਆਂ ਦੇ ਇਕ ਗ੍ਰੰਥੀ ਏਲੀਯਾਜਰ ਨਾਲ ਇਹੀ ਹੋਇਆ ਸੀ, ਜਿਸ ਨੇ ਮੱਕਾਬੀਆਂ ਦੇ ਸਮੇਂ ਨਜਾਇਜ਼ ਖਾਣਾ ਚੱਖਣ ਦੀ ਥਾਂ ਕੋਰੜੇ ਖਾਣ ਲਈ ਚੜ੍ਹਾਏ ਜਾ ਕੇ ਮਰ ਜਾਣ ਨੂੰ ਤਰਜੀਹ ਦਿੱਤੀ। ਇੱਥੇ ਦੱਸੀ ਘਟਨਾ ਵਿਚ ਆਮ ਤੌਰ ਤੇ ਇਹੀ ਹੋਇਆ ਮੰਨਿਆ ਜਾਂਦਾ ਹੈ।[86] ਦੋਹਾਂ ਨੇਮਾਂ ਦੇ ਪਿਛਲੇ ਵਕਫ਼ੇ ਦੌਰਾਨ ਜੀ ਉੱਠਣ ਵਿਚ ਆਪਣੀ ਪੱਕੀ ਆਸ ਕਰਕੇ ਸੱਤ ਭਰਾਵਾਂ ਨੇ ਅੰਗ ਕਟਵਾ ਕੇ ਮਰਨਾ ਕਬੂਲ ਕਰ ਲਿਆ ਸੀ।[87]

ਇਨ੍ਹਾਂ ਲੋਕਾਂ ਨੂੰ ਖ਼ੁਦਾ ਵਿਚ ਆਪਣੇ ਵਿਸ਼ਵਾਸ ਤੋਂ ਮੁੱਕਰਣ ਦੀ ਹੀ ਲੋੜ ਸੀ ਅਤੇ ਇਨ੍ਹਾਂ ਉੱਤੇ ਹੋਣ ਵਾਲਾ ਸਤਾਅ ਬੰਦ ਹੋ ਜਾਣਾ ਸੀ; ਪਰ ਖ਼ੁਦਾ ਦਾ ਖੌਫ਼ ਮੰਨਣ ਵਾਲਿਆਂ ਲਈ ਇਹ ਕੀਮਤ ਬਹੁਤ ਵੱਡੀ ਸੀ। ਉਨ੍ਹਾਂ ਨੇ ਸਭ ਕੁਝ ਸਹਿ ਲਿਆ ਕਿਉਂ ਜੋ ਉਹ **ਹੋਰ ਵੀ ਉੱਤਮ ਕਿਆਮਤ ਨੂੰ ਪਰਾਪਤ ਕਰਨ** ਦੇ ਚਾਹਵਾਨ ਸਨ। ਇਹ ''ਉੱਤਮ ਕਿਆਮਤ'' ਕੀ ਸੀ? ਭਲਾ ਉਹ ਸਭ ਮੁਰਦਿਆਂ ਦੇ ਜੀ ਉੱਠਣ ਵਿਚ ਯਕੀਨ ਰੱਖਦੇ ਸਨ ਅਤੇ ਆਪਣੀਆਂ ਦੁਨੀਆਂ ਵਿਚ ਜ਼ਿੰਦਗੀਆਂ ਛੱਡੇ ਜਾਣ ਨਾਲੋਂ ਖ਼ੁਦਾ ਨਾਲ

ਅਨਾਦੀਕਾਲ ਵਿਚ ਜਾਣ ਨੂੰ ਤਰਜੀਹ ਦਿੰਦੇ ਸਨ? ਹੋ ਸਕਦਾ ਹੈ। ਸਾਨੂੰ ਇਕ ਸੰਕੇਤ ਮਿਲ ਸਕਦਾ ਹੈ ਕਿ ਇਸ ਕਿਤਾਬ ਵਿਚ ਇਬਰਾਨੀ ਮਸੀਹੀ ਜਿਨ੍ਹਾਂ ਨੂੰ ਇਹ ਲਿਖੀ ਗਈ, ਇਹਦੇ ਉਲਟ ਆਪਣੇ ਇਮਾਨ ਦੀ ਖ਼ਾਤਰ ਦੁੱਖ ਝੱਲਣ ਨੂੰ ਤਿਆਰ ਨਹੀਂ ਸਨ।

**ਆਇਤ 36.** ਆਮ ਤੌਰ ਤੇ ਖ਼ੁਦਾ ਦੇ ਲੋਕਾਂ ਨੂੰ **ਠੱਠਿਆਂ** ਨਾਲ ਉਡਾਇਆ ਜਾਂਦਾ ਸੀ ਜਿਵੇਂ ਸਲੀਬ ਉੱਤੇ ਯਿਸੂ ਨਾਲ ਹੋਇਆ (ਮੱਤੀ 27:41–44; ਮਰਕੁਸ 15:31, 32; ਲੂਕਾ 23:35–39)। ਯਿਰਮਿਯਾਹ ਨੇ ਸ਼ਿਕਾਇਤ ਕੀਤੀ ਕਿ ਲੋਕਾਂ ਵਿੱਚੋਂ ਅਤੇ ਉਸ ਦੇ ਆਪਣੇ ਪਰਿਵਾਰ ਦੇ ਲੋਕ ਉਹਦਾ ਮਜ਼ਾਕ ਉਡਾਉਣ ਆਏ ਸਨ, ਅਤੇ ਬੇਸ਼ੱਕ ਖ਼ੁਦਾ ਦੇ ਨਾਂਅ ਵਿਚ ਬੋਲਣਾ ਛੱਡਣ ਦੀ ਉਸ ਦੀ ਇੱਛਾ ਦਾ ਕਾਰਣ ਤਾਅਨਾ ਹੀ ਸੀ (ਯਿਰਮਿਯਾਹ 20:7–10)। ਬਾਅਦ ਵਿਚ ਉਸ ਨੂੰ ਕੁੱਟਿਆ ਗਿਆ ਅਤੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ (ਯਿਰਮਿਯਾਹ 37:15)। ਫਿਰ ਉਸ ਨੂੰ ਦਲਦਲ ਭਰੇ ਟੋਏ ਵਿਚ ਸੁੱਟ ਦਿੱਤਾ ਗਿਆ, ਜਿੱਥੋਂ ਉਸ ਨੂੰ ਅਬਦ-ਮਲਕ ਕੂਸ਼ੀ ਦੇ ਰਾਹੀਂ ਬਚਾਇਆ ਗਿਆ (ਯਿਰਮਿਯਾਹ 38:6–13)। ਰਵਾਇਤ ਮੁਤਾਬਿਕ ਯਿਰਮਿਯਾਹ ਉੱਤੇ ਨਜ਼ਦੀਕੀ ਯਹੂਦੀਆਂ ਵੱਲੋਂ ਪਥਰਾਉ ਕੀਤਾ ਗਿਆ (ਆਇਤ 37)। ਯਹੋਯਾਦਾ ਦੇ ਪੁੱਤਰ ਜ਼ਕਰਯਾਹ ਨੂੰ ਯਹੂਦਾ ਦੇ ਬਾਦਸ਼ਾਹ ਯੋਆਸ਼ ਵੱਲੋਂ ਮਰਵਾ ਦਿੱਤਾ ਗਿਆ ਸੀ (2 ਇਤਿਹਾਸ 24:20–22)। ਮੱਤੀ 23:37 ਪ੍ਰਭੂ ਨੇ ਆਪ ਅਜਿਹੇ ਸਲੂਕ ਦਾ ਸੰਕੇਤ ਦਿੱਤਾ। ਜ਼ਾਹਿਰ ਤੌਰ ਤੇ ਕੁਝ ਇਬਰਾਨੀ ਮਸੀਹੀ ਲੋਕਾਂ ਨਾਲ ਅਜਿਹਾ ਹੀ ਹੋਇਆ ਸੀ (ਇਬਰਾਨੀਆਂ 10:33; 13:13)।

**ਕੋਰੜੇ** ਮਾਰਨ ਲਈ ਕਈ ਕਈ ਚਾਬੁਕਾਂ ਵਾਲੀ ਲੱਕੜੀ ਦੀ ਮੁੱਠੀ ਵਰਤੀ ਜਾਂਦੀ ਸੀ; ਮਾਰ ਖਾਣ ਵਾਲੇ ਦੀ ਪਿੱਠ ਤੇ ਜ਼ਖ਼ਮ ਕਰਨ ਲਈ ਧਾਤ ਦੇ ਛੋਟੇ ਛੋਟੇ ਟੁਕੜੇ ਜਾਂ ਗੋਲੀਆਂ ਪਾਈਆਂ ਜਾਂਦੀਆਂ ਸਨ। ਕਈ ਵਾਰ ਅੰਦਰੂਨੀ ਅੰਗ ਨਜ਼ਰ ਆਉਣ ਲੱਗ ਪੈਂਦੇ ਸਨ ਅਤੇ ਇਸ ਨਾਲ ਕੋਰੜੇ ਵਾਲੇ ਕਈ ਲੋਕ ਮਰ ਜਾਂਦੇ ਸਨ। ਕੋਰੜੇ ਮਾਰਨ ਵਿਚ ਸਿਖਲਾਈ ਪ੍ਰਾਪਤ ਲੋਕ ਆਖ਼ਰੀ ਵਾਰ ਇਸ ਤਰ੍ਹਾਂ ਨਾਲ ਕਰਨ ਵਿਚ ਮਾਹਿਰ ਹੁੰਦੇ ਸਨ ਜਿਸ ਨਾਲ ਕੋਰੜੇ ਖਾਣ ਵਾਲਾ ਬੰਦਾ ਥੋੜ੍ਹੀ ਦੂਰ ਅੱਗੇ ਤਕ ਸਲੀਬ ਨੂੰ ਚੁੱਕ ਕੇ ਲਿਜਾ ਸਕੇ।[88]

**ਜਕੜੇ ਜਾਣ ਅਤੇ ਕੈਦ ਹੋਣ** ਦੀ ਵਰਤੋਂ ਆਮ ਤੌਰ ਤੇ ਧਾਰਮਿਕ ਮੁਤਅੱਸਬ ਦੇ ਮਾਰਿਆਂ ਨਾਲ ਕੀਤੀ ਜਾਂਦੀ ਸੀ (ਯਿਰਮਿਯਾਹ 37:4–21; ਹਨਾਮੀ, 2 ਇਤਿਹਾਸ 16:7–10)। ਮੀਕਾਯਾਹ ਨਬੀ ਉਨ੍ਹਾਂ ਬਹੁਤਿਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਯਹੋਵਾਹ ਦਾ ਸੰਦੇਸ਼ ਦੱਸਣ ਕਰਕੇ ਜੇਲ੍ਹ ਵਿਚ ਸੁੱਟਿਆ ਗਿਆ ਸੀ (1 ਰਾਜਿਆਂ 22:26, 27)।

**ਆਇਤ 37. ਉਹ ਪਥਰਾਉ ਕੀਤੇ ਗਏ** ਪੁਰਾਣੇ ਨੇਮ ਦੇ ਵਕਤ ਦੀ ਮੌਤ ਦੀ ਸਜ਼ਾ ਦਾ ਅਧਿਕਾਰਿਕ ਰੂਪ ਲਗਦਾ ਹੈ (ਲੇਵੀਆਂ ਦੀ ਪੋਥੀ 20:27; ਵਿਵਸਥਾਸਾਰ 21:21; ਯੂਹੰਨਾ 8:3–5)। ਯਿਸੂ ਨੇ ਯਰੂਸ਼ਲਮ ਉੱਤੇ ਵਿਰਲਾਪ ਅਤੇ ਖ਼ੁਦਾ ਦੇ ਉਨ੍ਹਾਂ ਨਬੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਉੱਤੇ ਪਥਰਾਉ ਕੀਤਾ ਗਿਆ ਸੀ (ਮੱਤੀ 23:37; ਲੂਕਾ 13:34)। ਯਿਸੂ ਦੇ ਮਗਰ ਚੱਲਣ ਵਾਲੇ ਪਹਿਲੇ ਸ਼ਹੀਦ ਇਸਤੀਫ਼ਾਨ ਦੀ ਮੌਤ ਨਵੇਂ ਨੇਮ ਦੇ ਸਮੇਂ ਵਿਚ ਇਸੇ ਤਰੀਕੇ ਨਾਲ ਹੋਈ ਸੀ (ਰਸੂਲਾਂ ਦੇ ਕੰਮ 7:58, 59)।

ਕਈ **ਆਰਿਆਂ ਨਾਲ ਚੀਰੇ ਗਏ** ਪੁਰਾਣੇ ਨੇਮ ਜਾਂ ਅਪੋਕ੍ਰਿਫ਼ਾ ਵਿਚ ਇਸ ਦਾ ਕੋਈ ਹਵਾਲਾ ਨਹੀਂ ਹੈ। ਪਰ ਇਕ ਮਸ਼ਹੂਰ ਰਵਾਇਤ ਮੁਤਾਬਿਕ ਮਨਸ਼ੱਹ ਦੀ ਹਕੂਮਤ ਦੌਰਾਨ ਯਸਾਯਾਹ ਨਾਲ ਇਹੀ ਹੋਇਆ ਸੀ। ਅਸੀਂ ਵੇਖ ਸਕਦੇ ਹਾਂ ਕਿ ਬਾਅਦ ਵਿਚ ਆਪਣੀ ਪਸਚਾਤਾਪੀ ਦੁਆ ਦੇ ਕਾਰਣ ਖ਼ੁਦਾ ਵੱਲੋਂ ਮਨੱਸ਼ਹ ਨੂੰ ਮਾਫ਼ ਕਰਕੇ ਉਹ ਦੀ ਗੱਦੀ ਬਹਾਲ ਕਰ ਦਿੱਤੀ ਗਈ ਸੀ (2 ਇਤਿਹਾਸ 33:9–13)। ਕਹਿਣ ਤੋਂ ਭਾਵ ਇਹ ਹੈ ਕਿ ਉਹ ਅਜਿਹੇ ਖ਼ਤਰਨਾਕ ਅਪਰਾਧ ਦਾ ਦੋਸ਼ੀ ਸੀ, ਪਰ ਬਾਅਦ ਵਿਚ ਉਸ ਨੂੰ ਮਾਫ਼ ਕਰ ਦਿੱਤਾ ਜਾਣਾ ਖ਼ੁਦਾ ਦੀ ਬੇਹੱਦ ਕਿਰਪਾ ਨੂੰ ਵਿਖਾਉਂਦਾ ਹੈ।

**ਪਰਤਾਏ ਗਏ** ਤੋਂ ਭਾਵ ਇਹ ਹੋ ਸਕਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਅਜਿਹੇ ਸਤਾਅ ਤੋਂ ਬਚਣ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਖ਼ੁਦਾ ਵਿਚ ਯਕੀਨ ਇਸ ਜ਼ਿੰਦਗੀ ਵਿਚ ਬਰਕਤਾਂ ਹੋਣ ਦੀ ਗਾਰੰਟੀ ਨਹੀਂ ਦਿੰਦਾ, ਪਰ ਇਨਾਮ ਦੀ ''ਭਰਪਾਈ'' ਦੀ ਗਾਰੰਟੀ ਹੈ (ਇਬਰਾਨੀਆਂ 11:26; KJV)। RSV ਵਿਚ ਇਸ ਅਧਾਰ ਤੇ ਕਿ ਕੁਝ ਹੱਥਲਿਖਤਾਂ ਵਿਚ ਇਹ ਸ਼ਬਦ ਨਹੀਂ ਹੈ, ''ਪਰਤਾਏ ਗਏ'' ਸ਼ਬਦ ਨਹੀਂ ਦਿੱਤਾ ਗਿਆ। ਜਿਨ੍ਹਾਂ ਹੱਥਲਿਖਤਾ ਵਿਚ ਇਹ ਹੈ ਉਨ੍ਹਾਂ ਵਿਚ ਨਕਲ ਕਰਨ ਵਾਲੇ ਦੀ ਗਲਤੀ ਕਰਕੇ ਹੋ ਸਕਦਾ ਹੈ। ''ਪਰਤਾਏ ਗਏ'' ਲਈ *peirazō* ਸ਼ਬਦ ਹੈ, ਜਦ ਕਿ ''ਆਰਿਆਂ ਨਾਲ ਚੀਰੇ ਗਏ'' ਦਾ ਅਨੁਵਾਦ ਬਹੁਤ ਮਿਲਦੇ ਜੁਲਦੇ ਸ਼ਬਦ *prizō* ਤੋਂ ਕੀਤਾ ਗਿਆ ਹੈ।[89]

ਹੋਰ ਲੋਕ **ਤਲਵਾਰਾਂ ਨਾਲ ਵੱਢੇ ਗਏ।** ਯੁੱਗਾਂ ਤੋਂ ਇਸ ਤਰੀਕੇ ਨਾਲ ਮਾਰੇ ਜਾਣ ਵਾਲੇ ਵਿਸ਼ਵਾਸੀਆਂ ਦੀ ਗਿਣਤੀ ਦਾ ਪਤਾ ਸਿਰਫ਼ ਖ਼ੁਦਾ ਨੂੰ ਹੈ। ਵਰ੍ਹਿਆਂ ਤੋਂ ਆਪਣੇ ਇਮਾਨ ਦੀ ਖ਼ਾਤਰ ਬਹੁਤ ਸਾਰੇ ਲੋਕ ਮਾਰੇ ਜਾਂਦੇ ਰਹੇ ਹਨ। ਅੱਜ ਵੀ ਦੁਨੀਆਂ ਦੇ ਕੁਝ ਹਿੱਸਿਆਂ ਵਿਚ ਮਸੀਹ ਪ੍ਰਤੀ ਆਪਣੀ ਵਫ਼ਦਾਰੀ ਕਰਕੇ ਮਸੀਹੀ ਲੋਕਾਂ ਨੂੰ ਮੌਤ ਦਾ ਖ਼ਤਰਾ ਅਤੇ ਧਮਕੀ ਬਰਕਰਾਰ ਹੈ। ਉਨ੍ਹਾਂ ਨੂੰ ਇਬਰਾਨੀਆਂ 11 ਵਿਚ ਵਫ਼ਾਦਾਰ ਬਣੇ ਰਹਿਣ ਦੀ ਤਸੱਲੀ, ਸ਼ਕਤੀ ਅਤੇ ਦਿਲੇਰੀ ਮਿਲਦੀ ਹੈ।

ਅਹਾਬ ਦੀ ਹਕੂਮਤ ਦੌਰਾਨ ਬਹੁਤ ਸਾਰੇ ਲੋਕ ਮਾਰੇ ਗਏ ਸਨ (1 ਰਾਜਿਆਂ 19:10)। ਇਕ ਭਲੇ ਜਵਾਨ ਰਾਜੇ ਯੋਸਿਯਾਹ ਨੂੰ ਫ਼ਿਰਊਨ ਨਕੋਹ ਵੱਲੋਂ ਕਤਲ ਕਰ ਦਿੱਤਾ ਗਿਆ ਸੀ (2 ਰਾਜਿਆਂ 23:29)। ਲੇਖਕ ਦੇ ਵਿਚਾਰ ਵਿਚ ਦੋਏਖ ਵੱਲੋਂ ਮਾਰੇ ਗਏ ਖ਼ੁਦਾ ਦੇ ਪੱਚਾਸੀ ਯਾਜਕ ਵੀ ਸਨ (1 ਸਮੂਏਲ 22:18)। ਸ਼ਹੀਦ ਦੇ ਤੌਰ ਤੇ ਮਰਨ ਵਾਲਿਆਂ ਵਿਚ ਯਿਰਮਿਯਾਹ ਵੀ ਹੋ ਸਕਦਾ ਹੈ (ਯਿਰਮਿਯਾਹ 26:14–16 ਵਿਚ ਸੰਕੇਤ ਹੈ ਕਿ ਉਸ ਨੂੰ ਕਤਲ ਕੀਤੇ ਜਾਣ ਦੀ ਉਮੀਦ ਸੀ।) ਇਸ ਤੋਂ ਇਲਾਵਾ ਅਸੀਂ ਉਨ੍ਹਾਂ ਯਹੂਦੀਆਂ ਉੱਤੇ ਵੀ ਵਿਚਾਰ ਕਰ ਸਕਦੇ ਹਾਂ ਜਿਨ੍ਹਾਂ ਨੇ ਮੱਕਾਬੀ ਬਗ਼ਾਵਤ ਦੇ ਸ਼ੁਰੂ ਵਿਚ ਸੱਬਤ ਵਾਲੇ ਦਿਨ ਕਤਲ ਕੀਤੇ ਜਾਣ ਵਾਸਤੇ ਆਪਣੇ ਆਪ ਨੂੰ ਦੇ ਦਿੱਤਾ।[90] ਲੋਕਾਂ ਉੱਤੇ ਪਥਰਾਉ ਕੀਤੇ ਜਾਣ ਅਤੇ ਹੋਰ ਕਲੇਸ਼ਾਂ ਦੇ ਆਉਣ ਦੀਆਂ ਗੱਲਾਂ ਪੁਰਾਣੇ ਨੇਮ ਦੀਆਂ ਪ੍ਰਮਾਣਿਕ ਕਿਤਾਬਾਂ ਵਿਚ ਦਿੱਤੀਆਂ ਗਈਆਂ ਹਨ, ਪਰ ਅਜਿਹੀਆਂ ਹੀ ਕਹਾਣੀਆਂ ਅਪ੍ਰਮਾਕਿਣਕ ਕਿਤਾਬਾਂ ਵਿਚ ਹੀ ਦਿੱਤੀਆਂ ਗਈਆਂ ਹਨ। ਉਹ ''ਰਹੱਸਭਰੀਆਂ'' ਕਿਤਾਬਾਂ ਭਾਵੇਂ ਬਾਈਬਲ ਦਾ ਹਿੱਸਾ ਨਹੀਂ ਸਨ, ਪਰ ਯਹੂਦੀ ਲੋਕ ਉਨ੍ਹਾਂ ਕਹਾਣੀਆਂ ਤੋਂ ਜਾਣੂ ਸਨ।

**ਭੇਡਾਂ ਅਤੇ ਬੱਕਰਿਆਂ ਦੀਆਂ ਖਲੜੀਆਂ** ਪਹਿਨਣਾ ਗਰੀਬੀ ਦੀ ਨਿਸ਼ਾਨੀ ਸੀ ਅਤੇ ਸਮਾਜ ਵਿਚ ਇਸ ਨੂੰ ਤੁੱਛ ਮੰਨਿਆ ਜਾਂਦਾ ਸੀ। ਆਜੜੀ ਹੋਣ ਕਰਕੇ ਦਾਊਦ ਨੂੰ ਤੁੱਛ ਮੰਨਿਆ ਗਿਆ ਜਿਹੜਾ ਸਿਰਫ਼ ਭੇਡਾਂ ਬੱਕਰੀਆਂ ਦੀ ਦੇਖਭਾਲ ਕਰਨ ਦੇ ਯੋਗ ਸੀ (1 ਸਮੂਏਲ 17:15, 28, 34–36)। ਇਸ ਖ਼ਤ ਨੂੰ ਪਾਉਣ ਵਾਲਿਆਂ ਵਿੱਚੋਂ ਕਈ ਗਰੀਬ ਵਰਗ ਦੇ ਲੋਕ ਹੋਣਗੇ। ਆਮ ਤੌਰ ਤੇ ਉਨ੍ਹਾਂ ਨੂੰ ਮਦਦ ਦੀ ਲੋੜ ਰਹਿੰਦੀ ਸੀ, ਜਿਹਨੂੰ ਪੌਲੁਸ ਇੱਕਠਾ ਕਰਨਾ ਚਾਹੁੰਦਾ ਸੀ (ਰੋਮੀਆਂ 15:26; ਗਲਾਤੀਆਂ 2:10)।

''ਭੇਡਾਂ ਅਤੇ ਬੱਕਰੀਆਂ ਦੀਆਂ ਖਲੜੀਆਂ'' ਏਲੀਯਾਹ ਲਈ ਹੀ ਕਿਹਾ ਗਿਆ ਹੋ ਸਕਦਾ ਹੈ, ਜਿਸ ਨੂੰ ਆਪਣੇ ਘਰੋਂ ਕੱਢ ਦਿੱਤਾ ਗਿਆ ਸੀ (1 ਰਾਜਿਆਂ 17:3–9; 19:3–14; 2 ਰਾਜਿਆਂ 1:8)। ਉਸ ਦਾ ਚੋਗਾਂ ਭੇਡ ਦੀ ਖੱਲ ਦਾ ਜਾਂ ਕਿਸੇ ਤਰ੍ਹਾਂ ਬਣੇ ਖੁਰਦਰੇ, ਵਾਲਦਾਰ ਚਮੜੇ ਨਾਲ ਬਣਿਆ ਸੀ। ਨਬੀ ਆਮ ਤੌਰ ਤੇ ਰੋਏਂਦਾਰ, ਊਨ ਦੇ ਚੋਲੇ ਪਾਉਂਦੇ ਸਨ (ਜ਼ਕਰਯਾਹ 13:4)। ਉਹ **ਕੰਗਾਲ** (*hustereō*) ਹੋ ਜਾਂਦੇ ਸਨ ਜਿਸ ਤੋਂ ਭਾਵ ਹੈ ''ਘਾਟ ਹੋਣਾ'' ਜਾਂ ''ਘਟਿਆ ਹੋਣਾ।'' ਇਹ ਇਸ ਗੱਲ ਦਾ ਸੰਕੇਤ ਹੈ ਕਿ ਉਹ ਸਮਾਜ ਵਿੱਚੋਂ ਕੱਢੇ ਹੋਏ ਹੁੰਦੇ ਸਨ ਅਤੇ ਉਨ੍ਹਾਂ ਦਾ ਰਹਿਣ ਸਹਿਣ ਬੜਾ ਹੀ ਸਧਾਰਣ ਹੁੰਦਾ ਸੀ।

**ਆਇਤ 38. ਸੰਸਾਰ ਉਨ੍ਹਾਂ ਦੇ ਜੋਗ ਨਹੀਂ ਸੀ** ਤੋਂ ਭਾਵ ਹੈ ਕਿ ਖ਼ੁਦਾ ਦੇ ਕੰਮ ਲਈ ਦੁੱਖ ਝੱਲਣ ਵਾਲਿਆਂ ਨੂੰ ਸਮਾਜ ਵਾਸਤੇ ਅਯੋਗ ਮੰਨਿਆ ਜਾਂਦਾ ਸੀ, ਭਾਵੇਂ ਅਸਲ ਵਿਚ ਸਮਾਜ ਉਨ੍ਹਾਂ ਦੇ ''ਯੋਗ'' ਨਹੀਂ ਸੀ ਜਾਂ ਉਨ੍ਹਾਂ ਲਈ ਕਿਸੇ ਕੰਮ ਦਾ ਨਹੀਂ ਸੀ। ਅਜਿਹੇ ਨਿਹਚਾਵਾਨ ਸੰਸਾਰ ਦੇ ਲੋਕਾਂ ਨਾਲੋਂ ਬੇਹੱਦ ਉੱਪਰ ਸਨ, ਸੰਸਾਰ ਦੇ ਲੋਕਾਂ ਦੀ ਜਾਇਦਾਦ ਅਤੇ ਅਹੁਦਿਆਂ ਦੇ ਬਾਵਜੂਦ ਸੰਸਾਰਿਕ ਲੋਕ ਭਗਤਾਂ ਨਾਲ ਮਿਲਾਏ ਜਾਣ ਦੇ ਯੋਗ ਨਹੀਂ ਸਨ। ਨਬੀ ਇਸਰਾਏਲ ਨੂੰ ਬਚਾਉਣ ਲਈ ਆਉਂਦੇ ਸਨ, ਪਰ ਇਸਰਾਏਲੀਆਂ ਨੇ ਅਯੋਗ ਹੋਣਾ ਸਾਬਿਤ ਕਰ ਦਿੱਤਾ ਅਤੇ ਆਮ ਤੌਰ ਤੇ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਸੰਦੇਸ਼ ਨੂੰ ਕਬੂਲ ਨਹੀਂ ਕਰਦੇ ਸਨ। ਸੰਸਾਰ ਨੇ ਉਨ੍ਹਾਂ ਨੂੰ ਜਿਹੜੇ ਭਲੇ ਲੋਕ ਸਨ, ਠੁਕਰਾਇਆ ਹੀ ਹੈ। ਇਬਰਾਨੀਆਂ 11 ਵਾਲੇ ਲੋਕਾਂ ਦਾ ਚਰਿੱਤਰ ਉਨ੍ਹਾਂ ਦੇ ਸੁਣਨ ਵਾਲਿਆਂ ਦੇ ਮਨਾਂ ਵਿਚ ਹਨੇਰੇ ਦੇ ਮੁਕਾਬਲੇ ਬੜੀ ਤੇਜ਼ੀ ਨਾਲ ਚਮਕਦਾ ਹੈ।

ਸਮਾਜ ਦੀ ਦੁਨੀਆਂ ਨੂੰ ਛੱਡ ਕੇ ਉਹ **ਧਰਤੀ ਦੀਆਂ ਖੁੰਦਰਾਂ** (*opē*) ਭਾਵ ਗੁਫ਼ਾਵਾਂ ਜਾਂ ਖੋਹਾਂ ਵਿਚ ਰਹਿੰਦੇ ਸਨ। ਏਲੀਯਾਹ ਈਜ਼ਬਲ ਤੋਂ ਭਜ ਕੇ ਥੋੜ੍ਹੀ ਦੇਰ ਲਈ ਗੁਫ਼ਾ ਵਿਚ ਹੀ ਰਿਹਾ ਸੀ (1 ਰਾਜਿਆਂ 19:9)। ਅਹਾਬ ਦੇ ਦੀਵਾਨ ਓਬਦਯਾਹ ਨੇ ਇਕ ਸੌ ਨਬੀਆਂ ਨੂੰ ਈਜ਼ਬਲ ਦੇ ਕਹਿਰ ਤੋਂ ਬਚਾਉਣ ਲਈ ਉਨ੍ਹਾਂ ਦੀ ਮਦਦ ਲਈ ਇਕ ਗੁਫ਼ਾ ਵਿਚ ਲੁਕਾ ਦਿੱਤਾ ਸੀ (1 ਰਾਜਿਆਂ 18:4, 13)। ਅਲਗ ਥਲਗ ਪੈ ਜਾਣਾ, ਪਰਿਵਾਰ ਅਤੇ ਇੱਕੋ ਜਿਹੀ ਧਾਰਮਿਕ ਨਿਹਚਾ ਵਾਲੇ ਲੋਕਾਂ ਦੀ ਸੰਗਤੀ ਛੁੱਟ ਜਾਣਾ ਆਪਣੇ ਆਪ ਵਿਚ ਮੁਸ਼ਕਿਲ ਭਰਿਆ ਹੋ ਸਕਦਾ ਹੈ।

## ਸਭ ਨਿਹਚਾਵਾਨਾਂ ਦਾ ਸਾਰ (11:39, 40)

**39ਅਤੇ ਏਹ ਸੱਭੇ ਭਾਵੇਂ ਉਨ੍ਹਾਂ ਲਈ ਉਨ੍ਹਾਂ ਦੀ ਨਿਹਚਾ ਦੇ ਕਾਰਣ ਸਾਖੀ ਦਿੱਤੀ ਗਈ ਤਾਂ ਵੀ ਵਾਇਦੇ ਨੂੰ ਪਰਾਪਤ ਨਾ ਹੋਏ। 40ਕਿਉਂ ਜੋ ਸਾਡੇ ਲਈ ਪਰਮੇਸ਼ੁਰ ਨੇ ਹੋਰ ਵੀ ਇਕ ਚੰਗੀ ਗੱਲ ਪਹਿਲਾਂ ਸੋਚ ਰੱਖੀ ਸੀ ਭਈ ਓਹ ਸਾਥੋਂ ਬਿਨਾ ਕਾਮਿਲ ਨਾ ਹੋਣ।**

**ਆਇਤ 39. ਏ ਸੱਭੇ** ਦੁਨਿਆਵੀ ਚੀਜ਼ਾਂ ਅਤੇ ਇੱਛਾਵਾਂ ਦੀ ਥਾਂ ਬੇਹਤਰ ਚੀਜਾਂ ਆਉਣ ਵਾਲੀਆਂ ਸਨ। **ਵਾਇਦੇ ਨੂੰ ਪਰਾਪਤ ਨਾ ਹੋਏ** ਤੋਂ ਭਾਵ ਹੈ ਕਿ ਉਨ੍ਹਾਂ ਨੂੰ ਆਉਣ ਵਾਲੇ ਮਸੀਹਾ ਦਾ ਪੂਰਾ ਵਾਅਦਾ ਨਹੀਂ ਮਿਲਿਆ। ਜੋ ਕੁਝ ਨਵੇਂ ਨੇਮ ਦੇ ਤਹਿਤ ਹੋਣ ਵਾਲਾ ਸੀ ਉਹ ਨਿਹਚਾ ਦੇ ਪੁਰਾਣੇ ਨੇਮ ਦੇ ਕਿਸੇ ਵੀ ਨਾਇਕ ਨੂੰ ਨਹੀਂ ਮਿਲਿਆ। ਕ੍ਰੇਗ ਆਰ. ਕੋਸਟਰ ਨੇ ਲਿਖਿਆ ਹੈ:

> ਯਿਸੂ ਦੁਆਰਾ ਕਾਇਮ ਕੀਤਾ ਸਰੇਸ਼ਠ ਨੇਮ ਸਹੀ ਢੰਗ ਨਾਲ ਖ਼ੁਦਾ ਦੇ ਨੇੜੇ ਆਉਣ ਲਈ ਲੋਕਾਂ ਲਈ ਜ਼ਰੂਰੀ ਸ਼ੁੱਧ ਕੀਤਾ ਜਾਣਾ ਅਤੇ ਪਵਿੱਤਰ ਕੀਤਾ ਜਾਣਾ ਮੁਹੱਈਆ ਕਰਵਾਉਂਦਾ ਹੈ (7:22; 8:6)। ਇਸ ਅਧਾਰ ਤੇ ਲੋਕ ਸੁਰਗੀ ਯਰੂਸ਼ਲਮ (12:22–24), ਭਾਵ ਉਸ ਨਗਰ ਵਿਚ ਜਿਹੜਾ ਅਬਰਾਹਾਮ ਅਤੇ ਉਸ ਦੀ ਸੰਤਾਨ ਲਈ ਨਿਹਚਾ ਦੇ ਸਫ਼ਰ ਦਾ ਮੁੱਕਣਾ ਹੈ (11:10, 16), ਖ਼ੁਦਾ ਦੇ ਸਭ ਵਾਅਦਿਆਂ ਦੇ ਪੂਰੀ ਤਰ੍ਹਾਂ ਨਾਲ ਮੁਕੰਮਲ ਹੋਣ ਨੂੰ ਵੇਖਦੇ ਹਾਂ।[91]

ਉਸ ਨੂੰ ਪਾਉਣ ਲਈ ਜੋ ਸਾਨੂੰ ਮਸੀਹ ਵਿਚ ਮਿਲਿਆ ਹੈ, ਸ਼ਰ੍ਹਾ ਦੇ ਮਾਤਬਰਾਂ ਨੂੰ ਉਸ ਦੇ ਆਉਣ ਅਤੇ ਪ੍ਰਾਸਚਿਤ ਦੇ ਉਸ ਦੇ ਕੰਮ ਤਕ ਉਡੀਕ ਕਰਨੀ ਲਾਜ਼ਮੀ ਸੀ। ਨਿਹਚਾ ਦੇ ਪੁਰਾਣੇ ਨੇਮ ਦੇ ਨਾਇਕਾਂ ਨੂੰ ਆਪਣੇ ਜੀਉਂਦਿਆਂ ਜੀ ਉਹ ਆਖ਼ਰੀ ਵਾਅਦਾ ਪ੍ਰਾਪਤ ਨਹੀਂ ਹੋਇਆ। ਹੁਣ ਅਸੀਂ ਇਲਾਹੀ ਤੌਰ ਤੇ ਪੂਰੇ ਹੋਏ ਵਾਅਦਿਆਂ ਦੇ ਯੁੱਗ ਵਿਚ ਰਹਿੰਦੇ ਹਾਂ। ਇਸ ਤੋਂ ਅੱਗੇ ਸੰਸਾਰ ਦੇ ਅੰਤ

ਵਿਚ ਸਿਰਫ਼ ਕਿਆਮਤ ਹੀ ਹੋਵੇਗੀ ਜਿਹਦੇ ਬਾਅਦ ਅਨਾਦੀਕਾਲ ਹੋਵੇਗਾ। ਹਾਬਲ ਦੇ ਬਾਅਦ ਤੋਂ ਅਧਿਆਇ 11 ਵਿਚ ਜਿਨ੍ਹਾਂ ਦਾ ਨਾਂਅ ਦਿੱਤਾ ਗਿਆ ਹੈ ਅਤੇ ਜਿਨ੍ਹਾਂ ਦਾ ਨਾਂਅ ਨਹੀਂ ਦਿੱਤਾ ਗਿਆ ਉਨ੍ਹਾਂ ਨੂੰ ਵਫ਼ਾਦਾਰੀ ਲਈ ਚੰਗਾ ਨਾਂਅ ਮਿਲਿਆ, ਭਾਵ ਆਪਣੇ ਆਪ ਵਿਚ ਇਹ ਇਕ ਚੰਗਾ ਇਨਾਮ ਸੀ। ਇਹਦਾ ਮਤਲਬ ਇਹ ਨਹੀਂ ਹੈ ਕਿ ਸ਼ਰ੍ਹਾ ਦੇ ਤਹਿਤ ਲੋਕਾਂ ਨੂੰ ਆਖ਼ਰੀ ਨਜਾਤ ਦੀ ਗਾਰੰਟੀ ਦਿੱਤੀ ਗਈ। ਪੁਰਾਣੇ ਨੇਮ ਦੇ ਤਹਿਤ ਰਹਿਣ ਵਾਲੇ ਕੁਝ ਲੋਕਾਂ ਉੱਤੇ ਬਾਅਦ ਵਿਚ ਦੋਸ਼ ਲਾਇਆ ਗਿਆ (1 ਕੁਰਿੰਥੀਆਂ 10:5)।

**ਆਇਤ 40. ਚੰਗੀ ਗੱਲ** ਸੰਭਵ ਤੌਰ ਤੇ ਆਪਣੀਆਂ ਸਭ ਸਹਾਇਕ ਬਰਕਤਾਂ ਦੇ ਨਾਲ ਨਵਾਂ ਅਤੇ ਉੱਤਮ ਨੇਮ ਹੋਵੇਗਾ। ਸ਼ਰ੍ਹਾ ਦੇ ਤਹਿਤ ਲੋਕਾਂ ਨੂੰ ਮਸੀਹ ਦੀ ਐਨੀਂ ਜਾਣਕਾਰੀ ਨਹੀਂ ਸੀ ਜਿੰਨੀਂ ਸਾਨੂੰ ਹੈ। ਯਕੀਨਨ ਹੀ ਸਾਨੂੰ ਉੱਤਮ ਭਰੋਸੇ, ਆਸਾ ਅਤੇ ਵਾਅਦੇ ਦਿੱਤੇ ਗਏ ਸਨ। ਉਨ੍ਹਾਂ ਨੂੰ ਉਸ ਸਾਰੀ ਆਸ ਦੇ ਨਾਲ ਜਿਹੜੀ ਮਸੀਹ ਵਿਚ ਸਾਨੂੰ ਮਿਲੀ ਹੈ ''ਉੱਤਮ ਰਾਜ ਨਹੀਂ ਮਿਲਿਆ'' ਇਹ ਵਚਨ ਲੇਖਕ ਦੇ ''ਉੱਤਮ'' ਨਵੇਂ ਨੇਮ ਦੇ ਵਿਸ਼ੇ ਵਸਤੂ ਵੱਲ ਵਾਪਸ ਲੈ ਜਾਂਦਾ ਹੈ।

**ਉਹ ਸਾਥੋਂ ਬਿਨਾਂ ਕਾਮਿਲ ਨਾ ਹੋਣ** ਇਹ ਸੁਝਾਅ ਦਿੰਦਾ ਹੈ ਕਿ ਦੋਹਾਂ ਨੇਮਾਂ ਦੇ ਤਹਿਤ ਸਭ ਮਾਤਬਰ ਆਖ਼ਰੀ ਇਨਾਮ ਲਈ ਜਲਾਲ ਵਿਚ ਇਕੱਠੇ ਹੋਣਗੇ। ਖ਼ੁਦਾ ਦੇ ਛੁਡਾਏ ਹੋਇਆਂ ਦੀ ਪੂਰੀ ਗਿਣਤੀ ਸ਼ਰ੍ਹਾ ਦੇ ਤਹਿਤ ਵਫ਼ਾਦਾਰਾਂ ਦੇ ਬਗੈਰ ਅਧੂਰੀ ਹੈ। ਅਸੀਂ ਨਿਹਚਾ ਵਿਚ ਸਚਮੁਚ ਵਿਚ ਉਨ੍ਹਾਂ ਨਾਲ ਇਕ ਲੋਕ ਹਾਂ। ਇਬਰਾਨੀਆਂ 12:23 ਇਹ ਸੰਕੇਤ ਦਿੰਦਾ ਹੈ ਕਿ ਅਸੀਂ ''ਸਿੱਧ ਕੀਤਿਆਂ ਹੋਇਆਂ ਧਰਮੀਆਂ ਦੀ ਆਤਮਾਵਾਂ'' ਨਾਲ ਮਿਲਦੇ ਹਾਂ ਜਿਹੜੇ ਵਫ਼ਾਦਾਰਾਂ ਦੀ ਇਕ ਵੱਡੀ ਜਮਾਤ ਦਾ ਹਿੱਸਾ ਹੀ ਹੈ, ਜੋ ਅੱਜ ਵੀ ਕਲੀਸੀਆ ਵਿਚ ਹੀ ਹਨ। ਪੁਰਾਣੇ ਨੇਮ ਦੇ ਸੰਤ ਨਿਹਚਾ ਵਿਚ ਸਨ, ਭਾਵੇਂ ਉਨ੍ਹਾਂ ਨੂੰ ਹੋਰਨਾਂ ਜ਼ਬਰਦਸਤ ਬਰਕਤਾਂ ਦਾ ਕੋਈ ਗਿਆਨ ਨਹੀਂ ਸੀ।

ਚਾਰਲਸ ਵੈਸਲੀ ਦੀ ਧਾਰਣਾ ਸਹੀ ਸੀ ਜਿਸ ਵਿਚ ਉਸ ਨੇ ਭਜਨ ਇਸ ਭਜਨ ਦੇ ਸ਼ਬਦ ਲਿਖੇ:

> ਨਿਹਚਾ ਨਾਲ ਹੁਣ ਵੀ ਅਸੀਂ
> ਉਨ੍ਹਾਂ ਅੱਗੇ ਚਲੇ ਜਾਣ ਵਾਲਿਆਂ ਨਾਲ ਹੱਥ ਮਿਲਾਉਂਦੇ ਹਾਂ,
> ਅਤੇ ਅਬਦੀ ਕੰਢੇ ਤੇ
> ਲਹੂ ਛਿੜਕੇ ਹੋਏ ਦਲਾਂ ਨੂੰ ਸਲਾਮ ਆਖਦੇ ਹਾਂ।[92]

ਨਿਹਚਾ ਵਿਚ ਅਸੀਂ ਉਨ੍ਹਾਂ ਲੋਕਾਂ ਦੇ ਨਾਲ ਹਾਂ ਜਿਹੜੇ ਸਾਥੋਂ ਪਹਿਲਾਂ ਚਲੇ ਗਏ ਹਨ। ਅਸੀਂ ਉਨ੍ਹਾਂ ਨਾਲ ''ਅਬਦੀ ਕੰਢੇ ਤੇ'' ਆਹਮੋ ਸਾਹਮਣੇ ਮਿਲਾਂਗੇ।

ਮਸੀਹ ਦੇ ਬਗੈਰ ਅਸਲ ਵਿਚ ਕੋਈ ਵੀ ਬਚਾਇਆ ਨਹੀਂ ਗਿਆ, ਭਾਵੇਂ ਉਨ੍ਹਾਂ ਦੇ ਕੁਰਬਾਨੀ ਦੇਣ ਸਮੇਂ ਖ਼ੁਦਾ ਉਨ੍ਹਾਂ ਦੇ ਪਾਪਾਂ ਦੇ ਉੱਤੋਂ ਦੀ ਲੰਘ ਗਿਆ (ਆਇਤ 40; ਰੋਮੀਆਂ 3:25, 26)। ਪੁਰਾਣੇ ਲੋਕਾਂ ਨੂੰ ਰੂਹਾਨੀ ਅਰਥ ਵਿਚ ਸਾਡੇ ਹੀ ਵਾਂਗ ਮਸੀਹ ਦੇ ਨਾਲ ਮਿਲਾਇਆ ਗਿਆ ਸੀ; ਪਰ ਉਸ ਦੇ ਲਹੂ ਦੇ ਸ਼ੁੱਧ ਕਰਨ ਵਾਲੇ ਪ੍ਰਭਾਵ ਦੇ ਬਗੈਰ ਉਹ ਕਾਬਿਲ ਨਹੀਂ ਹੋਏ ਅਤੇ ਨਾ ਹੋ ਸਕਦੇ ਸਨ। ਇਹ ਕਹਿਣਾ ਸਹੀ ਹੋ ਸਕਦਾ ਹੈ ਕਿ ਪੁਰਖੇ ''ਸਾਥੋਂ ਬਿਨਾਂ'' ਅਤੇ ''ਚੰਗੀ ਗੱਲ'' ਨਾਲ ਕਾਮਿਲ ਨਹੀਂ ਹੋਏ ਸਨ, ਜੋ ਖ਼ੁਦਾ ਦੀ ਕਿਰਪਾ ਨਾਲ ਸਾਨੂੰ ਮਿਲੀ ਹੈ।

ਸ਼ਰ੍ਹਾ ਦੇ ਤਹਿਤ ਲੋਕ ਜਿਹੜੇ ਯਿਸੂ ਦੇ ਰਾਜ ਦੇ ਨੇੜੇ ਕਦੇ ਨਹੀਂ ਆਏ, ਜੇ ਉਹ ਦੇ ਵਫ਼ਾਦਾਰ ਰਹੇ ਜਿਸ ਨੂੰ ਉਹ ਜਾਣਦੇ ਸਨ, ਤਾਂ ਸਾਨੂੰ ਨਿਹਚਾ ਨੂੰ ਹੋਰ ਵੀ ਕਿੰਨਾਂ ਕਸ ਕੇ ਫੜਨਾ ਚਾਹੀਦਾ ਹੈ। ਲੇਖਕ ਨੇ ਆਪਣੇ ਪਾਠਕਾਂ ਨੂੰ ਅਤੇ ਅੱਜ ਸਾਨੂੰ ਪ੍ਰਭੂ ਅਤੇ ਮੁਕਤੀਦਾਤੇ ਦੇ ਵਫ਼ਾਦਾਰ ਬਣੇ ਰਹਿਣ ਦੀ ਬੇਨਤੀ ਕੀਤੀ।

## ਹੋਰ ਅਧਿਐਨ ਲਈ:

**ਇਬਰਾਨੀਆਂ ਵਿਚ ''ਸਾਖੀ''**

ਨਵੇਂ ਨੇਮ ਵਿਚ ''ਸਾਖੀ'' ਜਾਂ ਸ਼ਹੀਦ ਸ਼ਬਦ ਦਾ ਅਨੁਵਾਦ *martureō* ਸ਼ਬਦ ਦੇ ਰੂਪਾਂ ਤੋਂ ਕੀਤਾ ਗਿਆ ਹੈ। ਕਿਰਿਆ ਦੇ ਰੂਪ ਵਿਚ ਇਸ ਸ਼ਬਦ ਵਿਚ ''ਕਿਸੇ ਗੱਲ ਦੇ ਹੋਣ ਨੂੰ ਵੇਖਣਾ'' ਦਾ ਆਧੁਨਿਕ ਵਿਚਾਰ ਨਹੀਂ ਸੀ। ਨਾਉਂ ਸ਼ਬਦ ਦਾ ਅਰਥ ਲਾਜ਼ਮੀ ਹੀ ''ਗਵਾਹੀ ਦੇਣ ਵਾਲਾ'' ਜਾਂ ''ਜਿਹੜਾ ਗਵਾਹੀ ਦਿੰਦਾ ਹੈ'' ਹੈ। 11:2, 39 ਵਿਚ ''ਸਾਖੀ ਦਿੱਤੀ ਗਈ'' ਇਜ਼ਹਾਰ *martureō* ਤੋਂ ਲਿਆ ਗਿਆ ਹੈ। 11:4 ਵਿਚ ਇਸੇ ਸ਼ਬਦ ਦਾ ਅਨੁਵਾਦ ''ਸਾਖੀ ਦਿੱਤੀ'' ਅਤੇ ਆਇਤ 5 ਵਿਚ ''ਸਾਖੀ ਦਿੱਤੀ ਗਈ'' ਹੈ। ਰਸੂਲਾਂ ਦੇ ਕੰਮ 22:20 ਵਿਚ ਪੰਜਾਬੀ ਦੇ ਨਾਲ KJV ਅਤੇ NIV ਵਿਚ ਇਸ ਸ਼ਬਦ ਦਾ ਅਨੁਵਾਦ ''ਸ਼ਹੀਦ'' ਕੀਤਾ ਗਿਆ ਹੈ ਅਤੇ ਪ੍ਰਕਾਸ਼ ਦੀ ਪੋਥੀ 2:13; 17:6 ਵਿਚ KJV ਵਿਚ ਇਹੀ ਅਰਥ ਦਿੱਤਾ ਗਿਆ ਹੈ। ਇਹ ਅਰਥ ਮੁੱਢਲੇ ਮਸੀਹੀ ਜਗਤ ਤੋਂ ਲਿਆ ਗਿਆ ਸੀ।

ਬਾਈਬਲ ਦੀ ਗਵਾਹੀ ਯਿਸੂ ਦੇ ਕੰਮਾਂ ਦੀ ਅਤੇ ਖ਼ਾਸਕਰ ਉਸ ਦੇ ਜੀ ਉੱਠਣ ਦੀ ਗਵਾਹੀ ਹੈ। ਇਹ ਗਵਾਹੀ ਸਾਡੇ ਲਈ ਹਰ ਉਸ ਚੀਜ਼ ਨੂੰ ਮੁਹੱਈਆ ਕਰਵਾਉਂਦੀ ਹੈ ਜਿਹੜੀ ਸਾਨੂੰ ਉਸ ਨਿਹਚਾ ਵਿਚ ਵੱਧਣ ਲਈ ਲੋੜੀਂਦੀ ਹੈ ਜਿਹੜੀ ਹਮੇਸ਼ਾ ਦੀ ਜ਼ਿੰਦਗੀ ਵੱਲ ਲਿਜਾਂਦੀ ਹੈ।

ਇਬਰਾਨੀਆਂ 11 ਵਿਚਲੇ ਨਿਹਚਾ ਦੇ ਜ਼ਬਰਦਸਤ ਗੁਣ ਪੁਰਾਣੇ ਨੇਮ ਦੇ ਨਿਹਚਾਵਾਨ ਨਾਇਕਾਂ ਵੱਲੋਂ ਪਾਈ ਗਈ ''ਸਾਖੀ'' ਨਾਲ ਜੁੜੇ ਹੋ ਸਕਦੇ ਹਨ। ਹਾਬਲ, ਹਨੋਕ ਅਤੇ ਨੂਹ ਕੋਲ ਖ਼ੁਦਾ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਅਜਿਹੀ ਹੀ ਸਾਖੀ (''ਗਵਾਹੀ'') ਸੀ। ਤਾਂ ਜੋ ਉਹਦੀ ਨਜ਼ਰ ਵਿਚ ਉਨ੍ਹਾਂ ਨੂੰ ਧਰਮੀ ਹੋਣ ਦਾ ਯਕੀਨ ਦੁਆਇਆ ਜਾ ਸਕੇ। ਅਬਰਾਹਾਮ ਨੇ ਜਿਹੜਾ ਨਿੱਜੀ ਜ਼ਿੰਦਗੀ ਵਿਚ ਕਾਮਿਲ ਹੋਣ ਦੇ ਸੰਪੂਰਣ ਅਰਥ ਵਿਚ ਧਰਮੀ ਨਹੀਂ ਸੀ, ''ਉਨ੍ਹਾਂ ਵਸਤਾਂ ਦੀ ਖ਼ਬਰ ਪਾ ਕੇ ਜਿਹੜੀਆਂ ਅਜੇ ਅਣਡਿੱਠ ਸਨ'' ਖ਼ੁਦਾ ਦੇ ਵਚਨ ਨੂੰ ਮੰਨ ਲਿਆ (ਨੂਹ ਵਾਂਗ; 11:7)। ਉਹ ਨੇ ਉਸ ਵਿਚ ਪੂਰਾ ਵਿਸ਼ਵਾਸ ਕੀਤਾ ਅਤੇ ਇਸ ਤਰ੍ਹਾਂ ਨਾਲ ਉਹਦਾ ਵਿਸ਼ਵਾਸ ਉਹਦੇ ''ਲੇਖੇ ਵਿਚ ਧਰਮ ਗਿਣਿਆ ਗਿਆ'' ਜਾਂ ਉਹਦੇ ਲਈ ''ਧਾਰਮਿਕਤਾ ਮੰਨਿਆ ਗਿਆ'' (KJV; ਉਤਪਤ 15:6)।

ਹਨੋਕ ਦੇ ਸਬੰਧ ਵਿਚ ਇਹ ਆਖਦਿਆਂ ਕਿ ''ਉਹ ਪਰਮੇਸ਼ੁਰ ਦੇ ਮਨਭਾਉਂਦਾ ਹੈ'' ਇਬਰਾਨੀਆਂ 11:5 ਵਿਚ ਸਿੱਧੀ ਗਵਾਹੀ ਜਾਂ ਸਾਖੀ ਦਿੱਤੀ ਗਈ। ''ਸਾਖੀ'' ਬਿਨਾਂ ਸ਼ਬਦਾਂ ਦੇ ਇਲਾਹੀ ਕਾਰਵਾਹੀ ਦੇ ਰਾਹੀਂ ਦਿੱਤੀ ਜਾ ਸਕਦੀ ਸੀ, ਪਰ ਨਿਹਚਾ ਨਾਲ ਧਰਮੀ ਹੋਣ ਦੀ ਸਪੱਸ਼ਟ ਗੱਲ ਲਈ ਉਹਦੇ ਲਈ ਉਨ੍ਹਾਂ ਹੀ ਸ਼ਬਦਾਂ ਦਾ ਹੋਣਾ ਲਾਜ਼ਮੀ ਸੀ। ਅੱਜ ਬਹੁਤ ਲੋਕ ਇਹ ਚਾਹੁੰਦੇ ਹਨ, ਐਨਾਂ ਸ਼ਿੱਧਤ ਨਾਲ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਖ਼ੁਦਾ ਵੱਲੋਂ ਗਵਾਹੀ ਮਿਲੀ ਹੈ। ''ਸਾਖੀ'' ਜਾਂ ਕਿਸੇ ਦੀ ਗਵਾਹੀ ਤੋਂ ਆਮ ਤੌਰ ਤੇ ਭਾਵ ਖ਼ਾਸ ਸੰਦੇਸ਼ ਹੁੰਦਾ ਹੈ ਨਾ ਕਿ ਸਿਰਫ਼ ਭਾਵਨਾ।

## ਪ੍ਰਾਸੰਗਿਕਤਾ

**ਨਿਹਚਾ ਦਾ ਸੁਭਾਅ** (11:1)

ਇਬਰਾਨੀਆਂ 11:1 ਵਿੱਚੋਂ ''ਨਿਹਚਾ'' ਪੱਕੇ ਯਕੀਨ ਤੇ ਬਣਿਆ ਭਰੋਸਾ ਹੈ। ਇਹ ਅਜਿਹਾ ਨਹੀਂ ਹੈ ਕਿ ''ਤੇਰੇ ਕੋਲ ਨਿਹਚਾ ਹੈ, ਪਰ ਮੇਰੇ ਕੋਲ ਤੱਥ ਹਨ।'' ਮਸੀਹੀਅਤ ਅਸਲ ਇਤਹਾਸਿਕ ਘਟਨਾਵਾਂ ਤੇ ਅਧਾਰਿਤ ਧਰਮ ਹੈ ਜਿਨ੍ਹਾਂ ਵਿੱਚੋਂ ਕੁਝ ਘਟਨਾਵਾਂ ਚਮਤਕਾਰੀ ਸਨ। ਇਤਹਾਸਿਕ ਤੱਥ ਸਾਡੀ ਨਿਹਚਾ ਨੂੰ ਅਰਥ ਦਿੰਦੇ ਹਨ। ਨਿਹਚਾ ਦੁਆਉਣ ਦੇ ਅਰਥ ਦੀ ਤਸਦੀਕ ਰੋਮੀਆਂ 10:17 ਵਿਚ ਪੌਲੁਸ ਵੱਲੋਂ ਕੀਤੀ ਗਈ ਹੈ: ''ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ

ਤੋਂ ਆਉਂਦਾ ਹੈ।'' ਨਿਹਚਾ ਜਾਂ ਪ੍ਰਤੀਤ ਅਤੀਤ ਦੀਆਂ ਉਨ੍ਹਾਂ ਘਟਨਾਵਾਂ ਤੇ ਅਧਾਰਿਤ ਹੈ ਜਿਨ੍ਹਾਂ ਦਾ ਸਾਨੂੰ ਬਹੁਤ ਘੱਟ ਪਤਾ ਲਗਦਾ ਹੈ ਜਾਂ ਲਗਦਾ ਹੀ ਨਹੀਂ, ਜੇ ਉਨ੍ਹਾਂ ਦਾ ਜ਼ਿਕਰ ਖ਼ੁਦਾ ਦੇ ਵਚਨ ਵਿਚ ਸੰਭਾਲ ਕੇ ਨਾ ਰੱਖਿਆ ਜਾਂਦਾ। ਲਿਖਤ ਸਾਨੂੰ ਵਿਸ਼ਵਾਸ ਦੁਆਉਣ ਲਈ ਅਜਿਹਾ ਸਬੂਤ ਦਿੰਦੀ ਹੈ ਜਿਸ ਨਾਲ ਮਸੀਹੀ ਆਦਮੀ ਪੱਕੇ ਭਰੋਸੇ ਨਾਲ ਗੜਬੜ ਭਰੀ ਦੁਨੀਆਂ ਦੇ ਸਾਹਮਣੇ ਨਿਹਚਾ ਨਾਲ ਦੁਨੀਆਂ ਦਾ ਸਾਹਮਣਾ ਕਰ ਸਕਦਾ ਹੈ। NIV ਵਿਚ 11:1 ਨੂੰ ਇਸ ਤਰ੍ਹਾਂ ਲਿਖਿਆ ਗਿਆ ਹੈ, ''ਹੁਣ ਵਿਸ਼ਵਾਸ ਉਨ੍ਹਾਂ ਗੱਲਾਂ ਦਾ ਯਕੀਨ ਹੈ ਜਿਨ੍ਹਾਂ ਦੀ ਅਸੀਂ ਉਮੀਦ ਰੱਖਦੇ ਹਾਂ ਅਤੇ ਜਿਨ੍ਹਾਂ ਨੂੰ ਹੁਣ ਵੇਖਦੇ ਨਹੀਂ ਹਾਂ।'' ਨਿਹਚਾ ਇਹ ਭਰੋਸਾ ਹੈ ''ਅਸੀਂ ਫ਼ਤਹਿਮੰਦ ਹੋਵਾਂਗੇ।'' ਨਿਹਚਾ ਇਹ ਯਕੀਨ ਹੈ ਕਿ ''*[ਖ਼ੁਦਾ]* ਉਨ੍ਹਾਂ ਦੀਆਂ ਅੱਖੀਆਂ ਤੋਂ ਹਰੇਕ ਹੰਝੂ ਪੂੰਝੇਗਾ'' (ਪ੍ਰਕਾਸ਼ ਦੀ ਪੋਥੀ 21:4)। ਬਾਈਬਲੀ ਨਿਹਚਾ ਜਾਂ ਵਿਸ਼ਵਾਸ ਇਹ ਪੱਕਾ ਯਕੀਨ ਹੈ ਕਿ ਜੇ ਅਸੀਂ ਖ਼ੁਦਾ ਤੇ ਯਕੀਨ ਕਰਦੇ ਹਾਂ ਤਾਂ ਖ਼ੁਦਾ ਸਭ ਗੱਲਾਂ ਨੂੰ ਸਾਡੀ ਬੇਹਤਰੀ ਵਾਸਤੇ ਵਰਤਦਾ ਹੈ (ਰੋਮੀਆਂ 8:28)।

ਨਿਹਚਾ ਸਾਡੇ ਲਈ ਵੱਡੇ ਵੱਡੇ ਕੰਮ ਕਰਦੀ ਹੈ। ਜੇ ਸਾਨੂੰ ਨਿਹਚਾ ਹੈ, ਤਾਂ ਸਾਨੂੰ ਭਰੋਸਾ ਹੈ। ਜੇ ਸਾਨੂੰ ਨਿਹਚਾ ਹੈ ਤਾਂ ਸਾਨੂੰ ਸੁਰਗ ਦੀ ਸਮਝ ਹੈ। ਜੇ ਸਾਨੂੰ ਨਿਹਚਾ ਹੈ ਤਾਂ ਅਸੀਂ ਪੌਲੁਸ ਦੇ ਨਾਲ ਆਖ ਸਕਦੇ ਹਾਂ, ''ਮੈਂ ਉਹ ਨੂੰ ਜਾਣਦਾ ਹਾਂ ਜਿਸਦੀ ਮੈਂ ਪਰਤੀਤ ਕੀਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਭਈ ਉਹ ਮੇਰੀ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ ਸੱਕਦਾ ਹੈ'' (2 ਤਿਮੋਥਿਉਸ 1:12)। ਨਿਹਚਾ ਵਿਚ ਸਮਰਪਣ ਸ਼ਾਮਿਲ ਹੈ। ਨਿਹਚਾ ਵਿਚ ਸਮਰਪਣ ਹੋਣ ਕਰਕੇ ਇਬਰਾਨੀਆਂ 11 ਅਧਿਆਇ ਵਿਚਲੇ ਹਰ ਨਿਹਚਾਵਾਨ ਨੇ ਆਪਣੀ ਨਿਹਚਾ ਲਈ ਕੁਝ ਨਾ ਕੁਝ ਕੀਤਾ। ਉਸੇ ਸਮਰਪਣ ਕਰਕੇ ''ਪਰਮੇਸ਼ੁਰ ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ'' (ਆਇਤ 16)। ਉਸੇ ਸਮਰਪਣ ਕਰਕੇ ਉਸ ਨੂੰ ਜਿਹ ਨੂੰ ਨਿਹਚਾ ਹੈ, ''ਮਸੀਹੀ ਲੋਕ'' ਆਖਿਆ ਜਾ ਸਕਦਾ ਹੈ, ਜਿਹਦਾ ਮਤਲਬ ਹੈ ਕਿ ਇਹ ਉਹ ਵਿਅਕਤੀ ਹੈ ਜਿਹੜਾ ''ਮਸੀਹ ਦਾ ਸਾਥੀ'' ਜਾਂ ''ਛੋਟਾ ਮਸੀਹ'' ਹੈ।[93]

ਕਿਸੇ ਨੂੰ ਉਸ ਦਾ ਜਿਸ ਨੂੰ ਉਹ ਵੇਖ ਨਾ ਸਕਦਾ ਹੋਵੇ, ਯਕੀਨ ਕਿਵੇਂ ਹੋ ਸਕਦਾ ਹੈ? ''ਵੇਖਣ ਨਾਲ ਵਿਸ਼ਵਾਸ ਆਉਂਦਾ ਹੈ।'' ਦੀ ਗੱਲ ਇਬਰਾਨੀਆਂ ਦੀ ਕਿਤਾਬ ਦਾ ਵਿਚਾਰ ਨਹੀਂ ਹੈ। ਇਸ ਦੇ ਉਲਟ ਇਹ ''ਨਿਹਚਾ ਕਰਨ ਦਾ ਮਤਲਬ ਵੇਖਣਾ ਹੈ।'' ਅਸੀਂ ਉਸ ਵਿਚ ਵਿਸ਼ਵਾਸ ਕਰਦੇ ਹਾਂ ਜਿਸ ਨੂੰ ਅਸਾਂ ਵੇਖਿਆ ਨਹੀਂ ਹੈ ਅਤੇ ਵਿਸ਼ਵਾਸ ਦੇ ਕਾਰਣ ਉਸ ਨੂੰ ਤਾਂਘ ਨਾਲ ਵੇਖਣ ਦੀ ਉਮੀਦ ਰੱਖਦੇ ਹਾਂ। ਪਰ ਬਾਈਬਲੀ ਵਿਸ਼ਵਾਸ ਦਿੱਤੀਆਂ ਹੋਈਆਂ ਹਕੀਕਤਾਂ ਤੇ ਐਨਾਂ ਪੱਕਾ ਹੈ ਕਿ ਆਦਮੀ ਉਨ੍ਹਾਂ ਨੂੰ ਪਹਿਲਾਂ ਤੋਂ ਹੀ ''ਵੇਖ'' ਲੈਂਦਾ ਹੈ। ਮੂਸਾ ''ਅਣਡਿੱਠ'' ਨੂੰ ਵੇਖ ਸਕਿਆ ਸੀ (ਆਇਤ 27)। ਅਬਰਾਹਾਮ ''ਉਸ ਨਗਰ ਦੀ ਉਡੀਕ ਕਰਦਾ ਸੀ'' (ਆਇਤ 10), ਕਿਉਂ ਜੋ ਉਹ ਨੂੰ ਵਿਸ਼ਵਾਸ ਸੀ ਕਿ ਉਹ ਹੈ ਸੀ। ਉਹ ਇਸ ਨੂੰ ''ਵਿਸ਼ਵਾਸ ਦੀ ਨਜ਼ਰ'' ਨਾਲ ''ਵੇਖ'' ਸਕਦਾ ਸੀ। ਖ਼ੁਦਾ ਨੇ ਉਹਦੇ ਨਾਲ ਗੱਲ ਕੀਤੀ ਸੀ, ਇਸ ਕਰਕੇ ਉਹ ਨੂੰ ਪਤਾ ਹੋਣਾ ਜ਼ਰੂਰੀ ਸੀ ਕਿ ਖ਼ੁਦਾ ਕਿਤੇ ਹੈ; ਉਹ ਖ਼ੁਦਾ ਦੇ ਉਸ ਨਗਰ ਵਿਚ ਰਹਿਣ ਦੀ ਗੱਲ ਤੇ ਗੌਰ ਕਰ ਸਕਿਆ ਜਿਸ ਨੂੰ ਅਸੀਂ ''ਸੁਰਗ'' ਆਖਦੇ ਹਾਂ। ਬੇਸ਼ੱਕ ਉਸ ਨੂੰ ਨਿਹਚਾ ਉਸ ਸਬੂਤ ਤੋਂ ਹੋਈ ਜਿਹੜਾ ਉਸ ਨੂੰ ਦਿੱਤਾ ਗਿਆ ਸੀ। ਮੈਂ ਕਦੇ ਟੋਕੀਓ ਨਹੀਂ ਗਿਆ, ਪਰ ਮੇਰਾ ਵਿਸ਼ਵਾਸ ਹੈ ਕਿ ਇਹ ਸ਼ਹਿਰ ਹੈ। ਖ਼ਬਰਾਂ ਵਿਚ ਆਉਂਦਾ ਹੈ ਅਤੇ ਮੈਂ ਉਨ੍ਹਾਂ ਲੋਕਾਂ ਨਾਲ ਗੱਲ ਕੀਤੀ ਹੈ ਜਿਨ੍ਹਾਂ ਨੇ ਇਸ ਨੂੰ ਵੇਖਿਆ ਹੈ। ਰਿਸ਼ਤੇਦਾਰੀ ਵਿੱਚੋਂ ਮੇਰਾ ਭਰਾ ਕਈ ਸਾਲਾਂ ਤੋਂ ਜਪਾਨ ਵਿਚ ਪ੍ਰਚਾਰਕ ਰਿਹਾ ਹੈ। ਜਪਾਨ ਬਾਰੇ ਕਹੀਆਂ ਗਈਆਂ ਉਹਦੀਆਂ ਗੱਲਾਂ ਤੇ ਮੈਂ ਯਕੀਨ ਕਰਦਾ ਹਾਂ, ਕਿਉਂ ਜੋ ਮੈਨੂੰ ਉਹ ਦੀ ਇਮਾਨਦਾਰੀ ਤੇ ਭਰੋਸਾ ਹੈ। ਜਿਹੜਾ ਬੰਦਾ ਗਵਾਹਾਂ ਦੀ ਭਰੋਸੇਯੋਗਤਾ ਨੂੰ ਮੰਨ ਲੈਂਦਾ ਹੈ ਉਹ ਉਹਦਾ ਜੋ ਉਹ ਦੱਸਿਆ ਗਿਆ ਹੈ ਵਿਸ਼ਵਾਸੀ ਹੈ ਅਤੇ ਉਨ੍ਹਾਂ ਵਿਚ ਉਵੇਂ ਹੀ ਭਰੋਸਾ ਕਰ ਸਕਦਾ ਹੈ। ਸਾਨੂੰ ਉਨ੍ਹਾਂ ਵਿੱਚੋਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਹਨ ਭਰੋਸੇਯੋਗ ਗਵਾਹ ਮਿਲੇ, ਜਿਨ੍ਹਾਂ ਦਾ ਉਸ ਗਵਾਹੀ ਕਰਕੇ ਜਿਹੜੀ ਉਸ ਸਚਿਆਈ ਦੇ ਲਈ

ਜਿਹੜੀ ਉਨ੍ਹਾਂ ਵੇਖੀ ਸੀ ਗਵਾਹੀ ਦੇਣ ਦਾ ਕੋਈ ਦੁਨਿਆਵੀ ਮਕਸਦ ਨਹੀਂ ਹੈ (1 ਯੂਹੰਨਾ 1:1–3)।

ਨਿਹਚਾ ਉਹ ਨਹੀਂ ਹੈ ਜੋ ''ਆਪਣੇ ਬਚਾਏ ਜਾਣ ਲਈ ਮੇਰੀ ਭਾਵਨਾ ਹੈ,'' ਬਲਕਿ ਬਾਈਬਲ ਵਿਚਲੀ ਨਿਹਚਾ ਉਹ ਹੈ ਜੋ ਉਹ ਦਾ ਜਿਹਦਾ ਸਾਨੂੰ ਵਾਅਦਾ ਦਿੱਤਾ ਗਿਆ ਹੈ ਅਸਲ ਸਾਰ ਹੈ। ਇਬਰਾਨੀਆਂ ਦੀ ਕਿਤਾਬ ਵਿਚ ਨਿਹਚਾ ਦੀ ਧਾਰਣਾ ਵਿਚ ਉਹ ਕਾਰਵਾਈ ਹੈ ਜਿਹੜੇ ਖ਼ੁਦਾ ਲੋਕਾਂ ਤੋਂ ਕਰਵਾਉਣਾ ਚਾਹੁੰਦਾ ਹੈ, ਸਬੰਧੀ ਪੁੱਛੇ ਜਾਣ ਤੇ ਯਿਸੂ ਨੇ ਇਹ ਜਵਾਬ ਦਿੱਤਾ: ''ਪਰਮੇਸ਼ੁਰ ਦਾ ਕੰਮ ਇਹ ਹੈ ਕਿ ਜਿਸ ਨੂੰ ਓਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ'' (ਯੂਹੰਨਾ 6:29)। ਨਿਹਚਾ ਉਹ ਕੰਮ ਨਹੀਂ ਹੈ ਜਿਹੜਾ ਚਮਤਕਾਰੀ ਢੰਗ ਨਾਲ ਸਾਡੇ ਮਨਾਂ ਵਿਚ ਖ਼ੁਦਾਈ ਦਾਨ ਦੇ ਰੂਪ ਵਿਚ ਕੁਝ ਪਾਉਂਦਾ ਹੋਵੇ। ਇਸ ਦੇ ਉਲਟ ਇਹ ਉਸ ਅਧਾਰ ਦੇ ਰੂਪ ਵਿਚ ਦਿੱਤੇ ਜਾਣ ਵਾਲੇ ਸਬੂਤ ਨਾਲ ਖੁੱਲੇ ਦਿਲ ਵਿਚ ਹੁੰਦਾ ਹੈ। ਅੱਜ ਜਦ ਬਹੁਤ ਸਾਰੇ ਸੇਵਕਾਂ ਤੋਂ ਪੁੱਛਿਆ ਜਾਂਦਾ ਹੈ ਕਿ ''ਮੈਂ ਵਿਸ਼ਵਾਸ ਕਿਵੇਂ ਕਰਾਂ?'' ਤਾਂ ਜਵਾਬ ਮਿਲਦਾ ਹੈ, ''ਇਸ ਨੂੰ ਮੰਗੋ। ਯਿਸੂ ਨੇ ਇਹ ਨਹੀਂ ਸਿਖਾਇਆ। ਇਕ ਅਰਥ ਵਿਚ ਉਸ ਨੇ ਆਖਿਆ ਕਿ ਨਿਹਚਾ ਉਹ ਕੰਮ ਹੈ ਜਿਹੜਾ ਬਚਾਉਣ ਵਾਲੇ ਵਿਸ਼ਵਾਸ ਨੂੰ ਪਾਉਣ ਲਈ ਖ਼ੁਦਾ ਤੁਹਾਥੋਂ ਕੁਝ ਕਰਾਉਣਾ ਚਾਹੁੰਦਾ ਹੈ। ਇਹ ਵਿਸ਼ਵਾਸ ਪਾਉਣ ਲਈ ਲੋੜੀਂਦਾ ਕੰਮ ਕਰਨਾ ਜ਼ਰੂਰੀ ਹੈ'' (ਪੜ੍ਹੋ ਯੂਹੰਨਾ 6:28, 29)।

ਅਜ਼ਮਾਇਸ਼ਾਂ ਦਾ ਸਾਹਮਣਾ ਕਰਨ ਅਤੇ ਬਾਅਦ ਵਿਚ ਇਹ ਵੇਖ ਕੇ ਕਿ ਖ਼ੁਦਾ ਨੇ ਉਨ੍ਹਾਂ ਨੂੰ ਸਾਡੀ ਭਲਿਆਈ ਲਈ ਕਿਵੇਂ ਵਰਤਿਆ ਹੈ, ਸਾਡਾ ਵਿਸ਼ਵਾਸ ਮਜ਼ਬੂਤ ਹੋ ਜਾਂਦਾ ਹੈ। ਪਰ ਸਾਡੇ ਵਿਸ਼ਵਾਸ ਦਾ ਅਧਾਰ ਖ਼ੁਦਾ ਦੇ ਵਚਨ ਵਿਚ ਭਰੋਸਾ ਹੈ। ਉਨ੍ਹਾਂ ਨੂੰ ਯਕੀਨ ਦੁਆਉਣ ਲਈ ਅਲੌਕਿਕ ਘਟਨਾਵਾਂ ਦੀ ਉਡੀਕ ਕਰਨ ਵਾਲੇ ਲੋਕ ਉਡੀਕ ਹੀ ਕਰਦੇ ਰਹਿ ਜਾਣਗੇ।

**ਨਿਹਚਾ ਨਾਲ ਅਸੀਂ ਜਾਣਦੇ ਹਾਂ** (11:3)

ਇਬਰਾਨੀਆਂ 2:8 ਵਿਚ ''ਪਰ ਅਜੇ ਅਸੀਂ ਨਹੀਂ ਵੇਖਦੇ'' ਵਾਕਅੰਸ਼ ਹੈ; ਪਰ 11:3 ਵਿਚ ਅਸੀਂ ਉਸ ਨੂੰ ''ਵੇਖਦੇ'' ਜਾਂ ਸਮਝਦੇ ਹਾਂ। ਜੋ ਖ਼ੁਦਾ ਨੇ ਇਸ ਸੰਸਾਰ ਵਿਚ ਕੀਤਾ ਹੈ। ਜੋ ਕੁਝ ਅਸੀਂ ਸਰੀਰਕ ਅੱਖ ਨਾਲ ਵੇਖਦੇ ਹਾਂ ਉਹ ਦੁੱਖਾਂ ਅਤੇ ਪਰੇਸ਼ਾਨੀਆਂ ਨਾਲ ਭਰਿਆ ਸੰਸਾਰ ਹੈ। ਪਰ ''ਵਿਸ਼ਵਾਸ ਦੀ ਨਜ਼ਰ'' ਨਾਲ ਅਸੀਂ ਉਸ ਤੋਂ ਅੱਗੇ ਵੇਖਦੇ ਹਾਂ ਜਿੱਥੇ ਖ਼ੁਦਾ ਉਨ੍ਹਾਂ ਦਾ ਧਿਆਨ ਰੱਖਦਾ ਹੈ ਜਿਹੜੇ ਉਸ ਦੇ ਹਨ।

> ਬੁਰਿਆਈ ਦਾ ਕੰਮ ਭਾਵੇਂ ਵੱਧ ਜਾਂਦਾ ਹੈ,
> ਪਰ ਮਜ਼ਬੂਤ ਸਿਰਫ਼ ਸਚਿਆਈ ਹੀ ਰਹਿੰਦੀ ਹੈ,
> ਅਤੇ ਅੱਜ ਭਾਵੇਂ ਉਹ ਇਕੱਲੀ ਮਾਰੀ ਮਾਰੀ ਘੁੰਮਦੀ ਹੈ,
> ਮੈਂ ਉਹ ਦੇ ਦੁਆਲੇ ਉਸ ਨੂੰ ਹਰ ਬੁਰਿਆਈ ਤੋਂ ਬਚਾਉਣ ਲਈ
> ਖੂਬਸੂਰਤ, ਲੰਮੇ ਫ਼ਰਿਸ਼ਤਿਆਂ ਦੀਆਂ ਟੁਕੜੀਆਂ
> ਦੇ ਪਹਿਰੇ ਨੂੰ ਲੱਗਾ ਵੇਖਦਾ ਹਾਂ।
>
> ..........................................................
>
> ਸਚਿਆਈ ਸਦਾ ਫ਼ਾਂਸੀ ਦੇ ਤਖ਼ਤੇ ਉੱਤੇ ਰਹਿੰਦੀ ਹੈ,
> ਬੁਰਿਆਈ ਹਮੇਸ਼ਾ ਹਕੂਮਤ ਕਰਦੀ ਹੈ,
> ਪਰ ਫ਼ਾਂਸੀ ਦਾ ਉਹ ਤਖ਼ਤਾ ਭਵਿੱਖ ਵੱਲ ਝੁਕ ਜਾਂਦਾ ਹੈ,
> ਅਤੇ ਧੁੰਦਲੀ ਜਿਹੀ ਗਹਿਰਾਈ ਦੇ ਮਗਰ
> ਉਹਦੇ ਆਪਣਿਆਂ ਦੇ ਨਜ਼ਰ ਰੱਖਦਿਆਂ,
> ਪਰਛਾਵੇਂ ਦੇ ਮਗਰ ਖ਼ੁਦਾ ਖੜਾ ਹੈ।[94]

ਮਸੀਹੀ ਲੋਕ ਜਾਣਦੇ ਹਨ ਕਿ ਅਜਿਹਾ ਹੀ ਹੈ!

**ਬਾਈਬਲ ਕਿਵੇਂ ਸਾਬਿਤ ਕਰਦੀ ਹੈ ਕਿ ਖ਼ੁਦਾ ਹੈ?** (11:6)

ਬਾਈਬਲ ਇਹ ਸਾਬਿਤ ਕਰਨ ਦੀ ਕੋਈ ਯੋਜਨਾਬੱਧ ਕੋਸ਼ਿਸ਼ ਨਹੀਂ ਕਰਦੀ ਕਿ ਖ਼ੁਦਾ ਹੈ। ਇਨ੍ਹਾਂ ਆਇਤਾਂ ਵਿਚ ਮਿਲਣ ਵਾਲੇ ਗਤੀਵਿਧੀ ਦੇ ਸਭ ਦਾਅਵਿਆਂ ਵਿਚ ਉਹਦੇ ਵਜੂਦ ਉੱਤੇ ਸ਼ੱਕ ਕਰਨ ਵਾਲਿਆਂ ਨੂੰ ਯਕੀਨ ਦੁਆਉਣ ਲਈ ਕੋਈ ਤਰਕ ਨਹੀਂ ਦਿੱਤਾ ਗਿਆ। ਵਚਨ ਸਿਰਫ਼ ਐਨਾ ਕਹਿੰਦਾ ਹੈ ਕਿ ਕੋਈ ''ਮੂਰਖ'' ਹੀ ਹੈ ਜਿਹੜਾ ਇਨਕਾਰ ਕਰੇ ਕਿ ਖ਼ੁਦਾ ਹੈ (ਜ਼ਬੂਰ 14:1)। ਖ਼ੁਦਾ ਅਖ਼ੀਰ ਵਿਚ ਉਨ੍ਹਾਂ ਉੱਤੇ ਹੀ ਛੱਡ ਦਿੰਦਾ ਹੈ ਜਿਹੜੇ ਢੀਠਪੁਣੇ ਨਾਲ ਜ਼ਿੱਦ ਕਰਦੇ ਹੋਏ ਉਹਦਾ ਇਨਕਾਰ ਕਰਦੇ ਹਨ (ਰੋਮੀਆਂ 1:18–24)। ਬਾਈਬਲ ਖ਼ੁਦਾ ਦੇ ਸਬੰਧ ਵਿਚ ਕਿਸੇ ਅਨਿਸ਼ਚਿਤਤਾ ਨਾਲ ਸ਼ੁਰੂ ਨਹੀਂ ਹੁੰਦੀ ਬਲਕਿ ਇਸ ਨਿਸ਼ਚਿਤਤਾ ਨਾਲ ਸ਼ੁਰੂ ਹੁੰਦੀ ਹੈ ਕਿ ਉਹ ਹੈ ਅਤੇ ਸਭ ਕੁਝ ਉਸੇ ਦਾ ਬਣਾਇਆ ਹੋਇਆ ਹੈ (ਉਤਪਤ 1:1–3; ਯੂਹੰਨਾ 1:1–3)।

ਖ਼ੁਦਾ ਦੀ ਧਾਰਣਾ ਮਨ ਦੇ ਫ਼ਲਸਫ਼ੇ ਵਾਲੇ ਚੱਕਰਾਂ ਵਾਸਤੇ ਨਹੀਂ ਬਣਾਈ ਗਈ। ਉਹ ਸੰਸਾਰ ਦੀ ਵੱਡੀ ਹਕੀਕਤ ਹੈ। ਅਸੀਂ ਉਸ ਦੇ ਨੇੜੇ ਆਉਣਾ ਤਦ ਤਕ ਸ਼ੁਰੂ ਨਹੀਂ ਕਰ ਸਕਦੇ ਜਦ ਤਕ ਅਸੀਂ ਇਹ ਨਹੀਂ ਮੰਨਦੇ ਕਿ ਉਹ ਹੈ। ਜਦ ਕਿਸੇ ਨੂੰ ਵਿਸ਼ਵਾਸ, ਤੌਬਾ, ਇਕਰਾਰ ਅਤੇ ਬਪਤਿਸਮੇ ਦੇ ਰਾਹੀਂ ਮਸੀਹ ਨੂੰ ਕਬੂਲ ਕਰਨ ਲਈ ਸਮਝਿਆ ਜਾਂਦਾ ਹੈ (ਯੂਹੰਨਾ 1:11, 12) ਅਤੇ ਉਹ ਆ ਜਾਂਦਾ ਹੈ, ਤਾਂ ਉਹ ਹਨੇਰੇ ਵਿਚ ਨਹੀਂ ਸਗੋਂ ਰੌਸ਼ਨੀ ਵਿਚ ਪੈਰ ਰੱਖ ਰਿਹਾ ਹੁੰਦਾ ਹੈ। ਵਿਸ਼ਵਾਸ ਅੰਨ੍ਹਾ ਨਹੀਂ ਹੈ, ਨਾ ਹੀ ਕਿ ਅਗਿਆਨੀ ਮਨਾਂ ਵੱਲੋਂ ਕਬੂਲੀ ਗਈ ਮਨੋਵਿਗਿਆਨਕ ਭੁੱਲ ਹੈ। ਖ਼ੁਦਾ ਦੇ ਵਜੂਦ ਦਾ ਇਨਕਾਰ ਕਰਨਾ ''ਓਨਾਂ ਹੀ ਅਨੈਤਿਕ ਹੈ ਜਿੰਨਾਂ ਤਰਕਹੀਣ।''[95]

**ਹਾਬਲ ਦੀ ਨਿਹਚਾ ਬਨਾਮ ਕੈਨ ਦੀ ਨਿਹਚਾ ਦੀ ਘਾਟ** (11:4)

1966 ਵਿਚ ਨਿਊ ਯਾਰਕ ਵਿਸ਼ਵ ਮੇਲੇ ਵਿਚ ਮੈਂ ਮਸੀਹ ਦੀਆਂ ਕਲੀਸੀਆਵਾਂ ਦੀ ਪ੍ਰਦਰਸ਼ਨੀ ਵਿਚ ਕੰਮ ਕੀਤਾ। ਇਕ ਕਨੇਡੀਅਨ ਬੰਦਾ ਆਣ ਕੇ ਪੁਰਾਣੇ ਨੇਮ ਅਤੇ ਉਹਦੇ ਮੋਅਜਜ਼ਿਆਂ ਦੀ ਚਰਚਾ ਵਿਚ ਭਾਗ ਲੈਣ ਲੱਗਾ। ਉਸ ਨੇ ਯੂਨਾਹ ਅਤੇ ਵੱਡੀ ਮੱਛੀ ਵਾਲੀ ਕਹਾਣੀ ਨੂੰ ਨਕਾਰ ਦਿੱਤਾ। ਮੈਂ ਪੁੱਛਿਆ ਕਿ ਉਹ ਯਿਸੂ ਅਤੇ ਉਸ ਦੀ ਸਿੱਖਿਆ ਨੂੰ ਮੰਨਦਾ ਹੈ। ਉਸ ਨੇ ਜਵਾਬ ਦਿੱਤਾ ਕਿ ਹਾਂ। ਮੈਂ ਉਹ ਨੂੰ ਧਿਆਨ ਦੁਆਇਆ ਕਿ ਯਿਸੂ ਯੂਨਾਹ ਦੀ ਕਹਾਣੀ ਨੂੰ ਮੰਨਦਾ ਸੀ ਅਤੇ ਉਸ ਨੇ ਆਪਣੇ ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਆਪਣੇ ਨਮੂਨੇ ਦੇ ਰੂਪ ਵਿਚ ਉਸੇ ਕਹਾਣੀ ਨੂੰ ਵਰਤਿਆ (ਮੱਤੀ 12:38–40)। ਨਵਾਂ ਨੇਮ ਪੁਰਾਣੇ ਨੇਮ ਨੂੰ ਇਸ ਦੇ ਇਤਹਾਸਿਕ ਅਤੇ ਨਬੀਆਂ ਦੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਨਾਲ ਮੰਨਦੇ ਹੋਏ ਵਿਖਾਉਂਦਾ ਰਹਿੰਦਾ ਹੈ। ਪੁਰਾਣੇ ਨੇਮ ਦੇ ਬਗੈਰ ਨਵੇਂ ਨੇਮ ਵਿਚ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਨਵੇਂ ਨੇਮ ਦੇ ਬਗੈਰ ਪੁਰਾਣੇ ਨੇਮ ਵਿਚ ਵਿਸ਼ਵਾਸ ਕੀਤਾ ਜਾ ਸਕਦਾ ਹੈ। ਹਾਬਲ ਨੂੰ ਦੋਹਾਂ ਨੇਮਾਂ ਵਿਚ ਇਤਹਾਸਿਕ ਵਿਅਕਤੀ ਦੇ ਰੂਪ ਵਿਚ ਵਿਖਾਇਆ ਗਿਆ ਹੈ (ਮੱਤੀ 23:35; ਲੂਕਾ 11:51; ਇਬਰਾਨੀਆਂ 12:24)। ਬਾਈਬਲ ਦੀਆਂ ਇਨ੍ਹਾਂ ਗੱਲਾਂ ਨੂੰ ਅਸੀਂ ਇਹ ਅਰਥ ਕੱਢਣ ਲਈ ਮੰਨਦੇ ਹਾਂ ਕਿ ਉਹ ਅਜਿਹਾ ਵਿਅਕਤੀ ਸੀ ਜਿਹੜਾ ਅਸਲ ਵਿਚ ਅਤੇ ਭਰਾ ਵੱਲੋਂ ਮਾਰਿਆ ਗਿਆ ਦੁਨੀਆਂ ਦਾ ਪਹਿਲਾਂ ਆਦਮੀ ਸੀ। ਇਕ ਅਰਥ ਵਿਚ ਹਰ ਕਤਲ ਉਹੀ ਪਾਪ ਹੈ ਜਿਸ ਦੀ ਭਰਾ ਜਾਂ ਭੈਣ ਨੂੰ ਮਾਰ ਦਿੱਤਾ ਜਾਂਦਾ ਹੈ।

ਸਾਨੂੰ ਨਹੀਂ ਪਤਾ ਕਿ ਹਾਬਲ ਦੀ ਨਿਹਚਾ ਨਾਲ ਦਿੱਤੀ ਗਈ ਭੇਂਟ ਦੀ ਖ਼ੁਦਾ ਨੇ ਕੀ ਗਵਾਹੀ ਦਿੱਤੀ, ਪਰ ਉਸ ਨੇ ਕਾਇਨ ਨੂੰ ਕੁਝ ਅਲੱਗ ਹੀ ਆਖਿਆ: ''ਜੇ ਤੂੰ ਭਲਾ ਕਰੇਂ, ਕੀ ਉਹ ਉਤਾਹਾਂ ਨਾ ਕੀਤਾ ਜਾਵੇ? ਜੇ ਤੂੰ ਭਲਾ ਨਾ ਕਰੇਂ, ਤਾਂ ਪਾਪ ਬੂਹੇ ਉੱਤੇ ਸ਼ਹਿ ਵਿਚ ਹੈ ਅਤੇ ਉਹ ਤੈਨੂੰ ਲੋਚਦਾ

ਹੈ ਪਰ ਤੂੰ ਉਹ ਦੇ ਉੱਤੇ ਪਰਬਲ ਹੋ'' (ਉਤਪਤ 4:7)। ਕਾਇਨ ਖ਼ੁਦਾ ਵੱਲੋਂ ਆਪਣੇ ਭਰਾ ਨੂੰ ਕਬੂਲੇ ਜਾਣ ਤੋਂ ਸੜਨ ਲੱਗਾ ਅਤੇ ਖ਼ੁਦਾ ਨੂੰ ਇਹ ਪਤਾ ਸੀ ਕਿ ਉਹ ਇਕ ਖ਼ਤਰਨਾਕ ਪਾਪ ਕਰਨ ਦੇ ਕੰਢੇ ਤੇ ਹੈ। ਉਸ ਨੇ ਪਾਪ ਨੂੰ ਸ਼ੇਰ ਦੇ ਰੂਪ ਵਿਚ ਵਿਖਾਉਂਦਿਆਂ ਜਿਹੜਾ ਆਪਣੇ ਸ਼ਿਕਾਰ ਨੂੰ ਝਪਟ ਲੈਣ ਲਈ ਤਿਆਰ ਹੋਵੇ, ਚਿਤਾਵਨੀ ਦਿੱਤੀ ਕਿ ''ਪਾਪ ਬੂਹੇ ਉੱਤੇ ਸ਼ਹਿ ਵਿਚ ਬੈਠਾ ਹੈ'' (ਉਤਪਤ 4:7)। ਅਜੇ ਵੀ ਖ਼ੁਦਾ ਨੇ ਇਸ਼ਾਰਾ ਕੀਤਾ ਕਿ ਕਾਇਨ ਆਪਣੀਆਂ ਪਾਪ ਭਰੀਆਂ ਇੱਛਾਵਾਂ ਉੱਤੇ ਕਾਬੂ ਪਾ ਸਕਦਾ ਹੈ। ਜੇ ਖ਼ੁਦਾ ਵਿਚ ਸਾਡਾ ਵਿਸ਼ਵਾਸ ਸਹੀ ਹੋਵੇ ਤਾਂ ਸਾਡੇ ਅੰਦਰ ਪਾਪ ਉੱਤੇ ਪਰਬਲ ਹੋਣ ਦੀ ਸ਼ਕਤੀ ਹੈ। ਇਹ ਸ਼ਬਦ ਮਨੁੱਖ ਦੇ ਪਾਪ ਵਿਚ ਡਿੱਗਣ ਦੇ ਬਾਅਦ ਕਹੇ ਗਏ ਸਨ, ਇਹਦਾ ਮਤਲਬ ਇਹ ਹੈ ਕਿ ਆਦਮ ਦੀ ਸੰਤਾਨ ਵਿਚ ''ਮੈਰੂਸੀ ਗੁਨਾਹ'' ਨਹੀਂ ਸੀ ਜਿਸ ਨੇ ਮਨੁੱਖ ਜਾਤੀ ਨੂੰ ਧਰਮ ਦੇ ਰਾਹ ਤੇ ਚੱਲਣ ਦੇ ਅਯੋਗ ਕਰ ਦਿੱਤਾ ਹੋਵੇ। ਸੰਸਾਰ ਅਤੇ ਇਸ ਦੇ ਪਾਪ ਉੱਤੇ ਫ਼ਤਹਿ ਪਾ ਲੈਣ ਵਾਲੀ ਸਾਡੀ ਨਿਹਚਾ ਹੈ (1 ਯੂਹੰਨਾ 5:4)। ਖ਼ੁਦਾ ਨੇ ਹਾਬਿਲ ਨੂੰ ਕੁਝ ਇਸ ਤਰ੍ਹਾਂ ਕਿਹਾ ਹੋਵੇਗਾ, ''ਜਿਸ ਨਿਹਚਾ ਨਾਲ ਤੂੰ ਕੁਰਬਾਨੀ ਦਿੱਤੀ ਹੈ ਉਸ ਤੋਂ ਤੇਰੇ ਮਨ ਦੀ ਗੁਣਵੱਤਾ ਅਤੇ ਸੰਜੀਦਗੀ ਪਤਾ ਲੱਗ ਗਈ ਹੈ। ਤੂੰ ਚੰਗਾ ਕੀਤਾ ਹੈ। ਨਿਹਚਾ ਵਿਚ ਬਣਿਆ ਰਹਿ!''

ਕੈਨ ਨੂੰ ਮਿਲੀ ਖ਼ੁਦਾ ਦੀ ਸਜ਼ਾ ਰਹਿਮ ਨਾਲ ਭਰੀ ਸੀ, ਬੇਸ਼ੱਕ ਉਹ ਨੂੰ ਇਹ ਬੜੀ ਸਖ਼ਤ ਲੱਗੀ। ਕੈਨ ਅਤੇ ਹਾਬਲ ਦੇ ਸਬਕ ਤੋਂ ਸਾਨੂੰ ਇਹ ਸਮਝ ਵਿਚ ਆਉਣਾ ਚਾਹੀਦਾ ਹੈ ਕਿ ਆਪਣੇ ਤਰੀਕੇ ਨਾਲ ਕੀਤੀ ਗਈ ਬੰਦਗੀ ਬੇਹੱਦ ਖ਼ਤਰਨਾਕ ਹੈ। ਪੁਰਾਣੇ ਨੇਮ ਦੀਆਂ ਇਹ ਉਦਾਹਰਣਾਂ ਇਸ ਗੱਲ ਨੂੰ ਵਿਖਾਉਂਦਿਆਂ ਸਨ ਕਿ ਬੰਦਗੀ ਵਿਚ ਅਤੇ ਜ਼ਿੰਦਗੀ ਵਿਚ ਅਸੀਂ ਜੋ ਕੁਝ ਵੀ ਕਰਦੇ ਹਾਂ ਉਸ ਸਭ ਵਿਚ ਸਰਗਰਮ ਨਿਹਚਾ ਲਈ ਹੁਕਮ ਮੰਨਣਾ ਲਾਜ਼ਮੀ ਹੈ (ਕੁਲੁੱਸੀਆਂ 3:17)।

### ਖ਼ੁਦਾ ਨੇ ਸਾਖੀ ਦਿੱਤੀ (11:4)

11:4 ਵਾਲੀ ਹਾਬਲ ਦੀ ਗਵਾਹੀ ਕਿਸ ਨੇ ਦਿੱਤੀ? ਖ਼ੁਦਾ ਨੇ! ਕਿਸ ਅਦਾਲਤ ਵਿਚ ਜਾਂ ਕਿਸ ਸਹੁੰ ਨਾਲ ਇਹ ਗਵਾਹੀ ਜਾਂ ਸਹੁੰ ਦਿੱਤੀ ਗਈ? ਖ਼ੁਦਾ ਦੀ ਕਚਹਿਰੀ ਵਿਚ ਅਸੀਂ ਬਾਈਬਲ ਨੂੰ ਬੁਲਾਉਂਦੇ ਹਾਂ। ''ਖ਼ੁਦਾ ਨੇ ਬਾਈਬਲ *ਉੱਤੇ* ਸਹੁੰ ਨਹੀਂ ਖਾਧੀ। ਉਸ ਨੇ ਗਵਾਹੀ ਦਿੰਦਿਆਂ ਬਾਈਬਲ *ਵਿਚ* ਸਾਖੀ ਦਿੱਤੀ: 'ਮੈਂ ਵੇਖਿਆ ਕਿ ਇਨ੍ਹਾਂ ਨੇ ਕੀ ਕੀਤਾ ਅਤੇ ਮੈਂ ਗਵਾਹੀ ਦਿੰਦਾ ਹਾਂ ਕਿ ਉਹ ਸੱਚੇ ਅਤੇ ਸਹੀ ਰਾਹ ਤੇ ਹਨ।' ''[96]

### ਹਾਬਲ ਮਰ ਕੇ ਪ੍ਰਚਾਰ ਕਰਦਾ ਹੈ (11:4)

ਮੌਤ ਨਾਲ ਹਾਬਲ ਦੀ ਕਹਾਣੀ ਮੁੱਕ ਨਹੀਂ ਗਈ। ਨਾ ਹੀ ਇਹ ਸਾਡੀਆਂ ਜ਼ਿੰਦਗੀਆਂ ਉਤੇ ਪ੍ਰਭਾਵ ਦਾ ਅੰਤ ਹੈ। ਇਸ ਆਇਤ ਵਿਚ ਜ਼ੋਰ ਉਸ ਗੱਲ ਉੱਤੇ ਹੈ ਜਿਹੜੀ ਹਾਬਲ ਅੱਜ ਵੀ ਕਰਦਾ ਹੈ, ਬਹੁਤ ਸਾਰੇ ਲੋਕਾਂ ਨੂੰ ਮੌਤ ਦੇ ਬਾਅਦ ਹੋਰ ਵੀ ਇੱਜ਼ਤ ਕਰਨੀ ਸੀ। ਮੈਂ ਬਹੁਤ ਸਾਰੇ ਲੋਕਾਂ ਨੂੰ ਇਨ੍ਹਾਂ ਦੀ ਮੌਤ ਦੇ ਬਾਅਦ ਇੱਜ਼ਤ ਦੇਣੀ ਸਿੱਖੀ।

ਸਾਡੇ ਅਮਲ ਸਾਡੇ ਮਗਰ ਜਾਂਦੇ ਹਨ (ਪ੍ਰਕਾਸ਼ ਦੀ ਪੋਥੀ 14:13), ਅਤੇ ਆਪਣੇ ਜੀਉਂਦਿਆਂ ਜੀ ਅਸੀਂ ਜੋ ਕੁਝ ਬੋਲਿਆ ਸੀ ਉਹ ਸਾਇਦ ਉਨ੍ਹਾਂ ਨਾਲੋਂ ਵੀ ਉੱਚੀ ਅਵਾਜ਼ ਵਿਚ ਪ੍ਰਚਾਰ ਕਰਦਾ ਹੈ। ਹਾਬਲ ਦਾ ਲਹੂ ਜ਼ਮੀਨ ਵਿੱਚੋਂ ਪੁਕਾਰਦਾ ਹੈ (ਉਤਪਤ 4:10)। ਇਹ ਭਾਸ਼ਾ ਭਾਵੇਂ ਬੇਹੱਦ ਸ਼ਾਇਰਾਨਾ ਲਗ ਸਕਦੀ ਹੈ ਪਰ ਇਹ ਇਸ ਹਕੀਕਤ ਨੂੰ ਵਿਖਾਉਂਦੀ ਹੈ ਕਿ ਅਖ਼ੀਰ ਵਿਚ ਖ਼ੁਦਾ ਧਰਮੀਆਂ ਦਾ ਨਿਆਂ ਕਰੇਗਾ। ਹਾਬਲ ਦੇ ਲਹੂ ਦਾ ਮਤਲਬ ਬਹੁਤ ਵੱਡਾ ਹੈ, ਪਰ ਯਿਸੂ ਦਾ ਲਹੂ ਹਾਬਲ ਦੇ ਲਹੂ ਨਾਲੋਂ ਉੱਤਮ ਗੱਲਾਂ ਕਰਦਾ ਹੈ (ਇਬਰਾਨੀਆਂ 12:24)। ਹਾਬਲ ਨੂੰ ਯਿਸੂ ਦੇ *ਪਰਛਾਵੇਂ* ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਸ ਦਾ ਲਹੂ ਨਿਆਂ ਦੀ ਮੰਗ ਕਰਦਾ ਹੈ ਪਰ ਯਿਸੂ ਦਾ ਲਹੂ ਰਹਿਮ,

ਮਾਫ਼ੀ ਅਤੇ ਮਨੁੱਖੀ ਬਦਲਾ ਲੈਣ ਦੇ ਅੰਤ ਦੀ ਪੁਕਾਰ ਕਰਦਾ ਹੈ (ਰੋਮੀਆਂ 12:17–21)।

**ਆਦਮੀ ਜਿਹਦੀ ਮੌਤ ਨਹੀਂ ਹੋਈ** (11:5)

ਅਸੀਂ ਇਹ ਮੰਨ ਸਕਦੇ ਹਾਂ ਕਿ ਹਨੋਕ ਧਰਮੀ ਸੀ ਕਿਉਂ ਜੋ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਸੀ (ਆਇਤ 5)। ਪੁਰਾਣੇ ਨੇਮ ਵਿਚ ਮੌਤ ਦਾ ਸੁਆਦ ਨਾ ਚੱਖਣ ਵਾਲੇ ਸਿਰਫ਼ ਦੋ ਹੀ ਸਨ: ਹਨੋਕ ਅਤੇ ਏਲੀਯਾਹ। ਮੌਤ ਦੇ ਦਰਵਾਜ਼ੇ ਵਿੱਚੋਂ ਦੀ ਲੰਘੇ ਬਗੈਰ ਆਪਣੇ ਪਿਤਾ ਨਾਲ ਮਿਲਣਾ ਕਿੰਨਾਂ ਸਨਮਾਨ ਭਰਿਆ ਹੋਵੇਗਾ! ਸਾਡੇ ਵਿੱਚੋਂ ਬਹੁਤ ਲੋਕ ਮੌਤ ਤੋਂ ਡਰਦੇ ਹਨ, ਪਰ ਮੌਤ ਦੀ ਘਾਟੀ ਵਿੱਚੋਂ ਦੀ ਲੰਘਣ ਦੇ ਬਾਵਜੂਦ ਅਸੀਂ ਖ਼ੁਦਾ ਦੇ ਨਾਲ ਹੋਣਾ ਚਾਹੁੰਦੇ ਹਾਂ। ਇਨ੍ਹਾਂ ਦੋ ਜਣਿਆਂ ਨੂੰ ਐਨਾਂ ਸਨਮਾਨ ਦੇ ਕੇ ਸੁਰਗ ਵਿਚਲੇ ਸਾਡੇ ਪਿਤਾ ਨੇ ਕਿੰਨਾਂ ਅਨੋਖਾ ਪਿਆਰ ਵਿਖਾਇਆ!

**ਜੇ ਨੂਹ ਉਵੇਂ ਨਾ ਕਰਦਾ ਜਿਵੇਂ ਉਸ ਨੂੰ ਕਿਹਾ ਗਿਆ ਸੀ ਤਾਂ** (11:7)

ਮੰਨ ਲਓ ਕਿ ਨੂਹ ਆਖ ਦਿੰਦਾ, ''ਤੇਰੇ ਨਾਲ ਆਪਣੇ ਨਿੱਜੀ ਸਬੰਧ ਕਰਕੇ ਮੈਨੂੰ ਭਰੋਸਾ ਹੈ ਕਿ ਤੂੰ ਮੈਨੂੰ ਬਚਾ ਲਏਂਗਾ, ਬੇੜਾ ਬਣਾਉਣ ਲਈ ਮੈਂ ਐਨੀ ਦੇਰ ਤਕ ਕੰਮ ਨਹੀਂ ਕਰ ਸਕਦਾ।'' ਭਲਾ ਉਹ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਪਰਲੋ ਤੋਂ ਬਚਾ ਲਵੇਗਾ? ਬੇਸ਼ੱਕ ਨਹੀਂ। ਨਿਹਚਾ ਲਈ ਕਬੂਲੇ ਜਾਣ ਲਈ ਪਿਆਰ ਵਿਚ ਕੰਮ ਕਰਨਾ ਲਾਜ਼ਮੀ ਹੈ (ਗਲਾਤੀਆਂ 5:6)। ਸ਼ੁਰੂ ਵਿਚ ਹੋ ਸਕਦਾ ਹੈ ਕਿ ਕੋਈ ਡਰ ਕੇ ਹੁਕਮ ਮੰਨਦਾ ਹੋਵੇ, ਪਰ ਉਹ ਵਧੇਰੇ ਪਰਿਪੱਕ ਵਿਸ਼ਵਾਸ ਵਿਚ ਵੱਧ ਸਕਦਾ ਹੈ। ਆਉਣ ਵਾਲੇ ਨਿਆਂ ਦੇ ਗਿਆਨ ਦੇ ਰਾਹੀਂ ਪੌਲੁਸ ਨੂੰ ''ਪ੍ਰਭੂ ਦੇ ਭੈ'' ਦਾ ਪਤਾ ਲੱਗਾ, ਜਿਸ ਕਰਕੇ ਉਹ ਮਨੁੱਖਾਂ ਨੂੰ ਮਨਾਉਂਦਾ ਸੀ (2 ਕੁਰਿੰਥੀਆਂ 5:10, 11)। ਉਸ ਦੇ ਕਹਿਣ ਦਾ ਮਤਲਬ ਇਹੀ ਹੋਵੇਗਾ ਕਿ ਫ਼ੇਲਿਕਸ ਵਾਂਗ ਉਹ ਆਪਣੇ ਸੁਣਨ ਵਾਲਿਆਂ ਦੇ ਮਨਾਂ ਵਿਚ ਪ੍ਰਭੂ ਦਾ ਭੈਅ ਪਾਉਣਾ ਚਾਹੁੰਦਾ ਸੀ (ਰਸੂਲਾਂ ਦੇ ਕੰਮ 24:25)।

ਨੂਹ ਦੀ ਨਿਹਚਾ ਬਪਤਿਸਮੇ ਵਿਚ ਸਾਡੇ ਹੁਕਮ ਮੰਨਣ ਦਾ ਨਮੂਨਾ ਸੀ (1 ਪਤਰਸ 3:20, 21)। ਨਿਹਚਾ ਨਾਲ ਹੀ ਉਸ ਨੇ ਉਹੀ ਧਾਰਮਿਕਤਾ ਪਾਈ ਜਿਹੜੀ ਅਬਰਾਹਾਮ ਨੂੰ ਮਿਲੀ (ਉਤਪਤ 15:6)। ਨੂਹ ਸਚਮੁਚ ਵਿਚ ''ਨਿਹਚਾ ਨਾਲ ਚੱਲਦਾ ਰਿਹਾ''; ਇਸ ਤੋਂ ਵੀ ਵੱਧ ਕੇ ਉਸ ਨੂੰ ''ਧਰਮੀ'' ਆਖਿਆ ਗਿਆ। ਅਸਲ ਵਿਚ ਉਸ ਨੂੰ ਤਿਹਰੀ ਵਡਿਆਈ ਮਿਲੀ। ਉਤਪਤ 6:9 ਦੱਸਦਾ ਹੈ ਕਿ ''ਨੂਹ ਇਕ ਧਰਮੀ ਮਨੁੱਖ ਸੀ ਅਤੇ ਆਪਣੀ ਪੀੜ੍ਹੀ ਵਿਚ ਸੰਪੂਰਣ ਸੀ ਅਤੇ ਨੂਹ ਪਰਮੇਸ਼ੁਰ ਦੇ ਨਾਲ ਨਾਲ ਚੱਲਦਾ ਸੀ।''

**ਭਲਾ ਨੂਹ ਨਿਹਚਾ ਨਾਲ ਆਪਣਾ ਬਚਾਇਆ ਜਾਣਾ ਕਮਾ ਰਿਹਾ ਸੀ?** (11:7)

ਸਮੁੰਦਰੋਂ ਦੂਰ ਬੇੜਾ ਬਣਾਉਣਾ ਕਿੰਨੀ ਮੂਰਖਤਾ ਵਾਲੀ ਗੱਲ ਹੈ? ਨੂਹ ਸਮਾਜ ਦੇ ਮਜ਼ਾਕ ਦਾ ਪਾਤਰ ਬਣਿਆ ਹੋਵੇਗਾ। ਵਿਸ਼ਵਾਸ ਕਰਨ ਵਾਲੇ ਨਾਲ ਸਮਾਜ ਵੱਲੋਂ ਆਮ ਤੌਰ ਤੇ ਅਜਿਹਾ ਹੀ ਸਲੂਕ ਕੀਤਾ ਜਾਂਦਾ ਸੀ।

ਨੂਹ ਉਨ੍ਹਾਂ ਲੋਕਾਂ ਦੀ ਮਿਸਾਲ ਹੈ ਜਿਹੜੀ ਇਸ ਗੱਲ ਦੀ ਸਮਝ ਰੱਖਦੇ ਸਨ ਕਿ ਖ਼ੁਦਾ ਵੱਲੋਂ ਮਿਲਿਆ ਕੋਈ ਵਚਨ ਸਰਵਉਤਮ ਇਖ਼ਤਿਆਰ ਨਾਲ ਆਉਂਦਾ ਹੈ। ਉਸ ਨੇ ਨਾ ਤਾਂ ਇਸ ਵਿਚ ਕੋਈ ਜੋੜਨ ਅਤੇ ਨਾ ਇਸ ਵਿੱਚੋਂ ਘਟਾਉਣ ਦੀ ਹਿਮੰਤ ਕੀਤੀ। ਪਵਿੱਤਰ ਲਿਖਤ ਨੂਹ ਦੇ ਹੁਕਮ ਮੰਨਣ ਤੇ ਖ਼ਾਸ ਜ਼ੋਰ ਦਿੰਦੀ ਹੈ: ''ਉਪਰੰਤ ਨੂਹ ਨੇ ਇਹ ਕੀਤਾ। ਜਿਵੇਂ ਪਰਮੇਸ਼ੁਰ ਨੇ ਉਹ ਨੂੰ ਆਗਿਆ ਦਿੱਤੀ ਤਿਵੇਂ ਉਸ ਨੇ ਕੀਤਾ'' (ਉਤਪਤ 6:22)।

ਨੂਹ ਨੇ ਜਹਾਜ਼ ਨੂੰ ਤਿੰਨ ਸੌ ਪੰਜ ਹੱਥ ਲੰਮਾ ਬਣਾਉਣ ਦੀ ਹਿੰਮਤ ਨਹੀਂ ਕੀਤੀ (ਵੇਖੋ ਉਤਪਤ

6:15)। ਮੌਂਦਰਗੋਮਰੀ, ਅਲਾਬਾਮਾ ਦੇ ਨੇੜੇ ਇਕ ਜੇਲ੍ਹ ਵਿਚ ਮੈਂ ਬੇੜੇ ਅਤੇ ਪਰਲੋ ਦੇ ਕਲਾਤਮਕ ਵੇਰਵਿਆਂ ਨਾਲ ਬਾਈਬਲ ਦੀਆਂ ਕੁਝ ਤਸਵੀਰਾਂ ਵਿਖਾਈਆਂ। ਇਕ ਥਾਂ ਮੈਂ ਲੋਕਾਂ ਤੋਂ ਇਹ ਸਵਾਲ ਪੁੱਛਿਆ: ''ਜੇ ਨੂਹ ਸਿਰਫ਼ ਤਿਨ ਸੌ ਹੱਥ ਦੀ ਥਾਂ ਤਿੰਨ ਸੌ ਪੰਜ ਹਥ ਲੰਮਾ ਬੇੜਾ ਬਣਾ ਦਿੰਦਾ ਤਾਂ ਕੀ ਹੁੰਦਾ?'' ਇਕ ਜਣਾ ਬੋਲ ਉੱਠਿਆ, ''ਇਹ ਚੱਟਾਨ ਵਾਂਗ ਡਿੱਗ ਪੈਂਦਾ!''

ਨੂਹ ਨੇ ਬੇੜਾ ਬਣਾਉਣ ਵਿਚ ਹੁਕਮ ਦਾ ਪੂਰਾ ਪੂਰਾ ਪਾਲਨ ਕੀਤਾ। ਉਸ ਨੇ ਫੱਟੇ ਨਾਲ ਬਲੂਤ ਦਾ ਫੱਟਾ ਨਹੀਂ ਜੋੜਿਆ। ਉਸ ਨੇ ਬਾਹਰੋਂ ਸਿਰਫ਼ ਰਾਲ ਲਾਉਣ ਦੀ ਹਿਮੰਤ ਨਹੀਂ ਕੀਤੀ। ਖ਼ੁਦਾ ਦੇ ਹਰ ਹੁਕਮ ਨੂੰ ਹੂ-ਬ-ਹੂ ਮੰਨਣ ਵਿਚ ਉਸ ਦਾ ਵਿਸ਼ਵਾਸ ਨੂੰ ਵਿਖਾਇਆ ਗਿਆ। ਜੇ ਅਸੀਂ ਉਸ ਤੋਂ ਘੱਟ ਕਰਦੇ ਹਾਂ ਜੋ ਖ਼ੁਦਾ ਨੇ ਆਪਣੇ ਹੁਕਮ ਵਿਚ ਦੱਸਿਆ ਹੈ ਤਾਂ ਉਹ ਕਬੂਲੇ ਜਾਣ ਯੋਗ ਹੁਕਮ ਮੰਨਣਾ ਨਹੀਂ ਹੈ। ਅਸਲ ਵਿਸ਼ਵਾਸ ਉਵੇਂ ਹੀ ਹੁਕਮ ਮੰਨਦਾ ਹੈ ਜਿਵੇਂ ਹੁਕਮ ਦਿੱਤਾ ਗਿਆ ਹੋਵੇ।

ਭਲਾ ਇਸ ਤਰ੍ਹਾਂ ਹੁਕਮ ਮੰਨਣ ਨਾਲ ਨੂਹ ਕਰਮਕਾਂਡੀ ਹੋ ਗਿਆ? ਭਲਾ ਤੁਹਾਨੂੰ ਲਗਦਾ ਹੈ ਕਿ ਹਰ ਫ਼ਟਾ ਜਹਾਜ ਦੇ ਢਾਂਚੇ ਤੇ ਲਾਉਂਦਿਆਂ ਉਹ ਸੋਚਦਾ ਹੋਵੇਗਾ ਕਿ ਪਰਲੋ ਤੋਂ ਆਪਣੇ ਬਚਾਏ ਜਾਣ ਨੂੰ *ਕਮਾ ਰਿਹਾ* ਹੈ? ਜਿਹੜੇ ਲੋਕ ਇਹ ਸੋਚਕੇ ਕਿ ਉਹ ਬਪਤਿਸਮੇ ਦੇ ਰਾਹੀਂ ਬਚਾਏ ਜਾਣ ਨੂੰ ਕਮਾ ਰਹੇ ਹਨ ਦਾਅਵਾ ਕਰਦੇ ਹਨ ਕਿ ਉਹ ਲੋਕਾਂ ਨੂੰ ਬਪਤਿਸਮੇ ਦੇ ਕਰਮਕਾਂਡ ਲਈ ਮਨਾਉਂਦੇ ਹਨ, ਆਪਣੇ ਉੱਤੇ ਦੋਸ਼ ਲਾ ਰਹੇ ਹਨ। ਗੌਰ ਨਾਲ ਖ਼ੁਦਾ ਦੀ ਗੱਲ ਨੂੰ ਮੰਨਣ ਦਾ ਮਤਲਬ ਜ਼ਰੂਰੀ ਨਹੀਂ ਕਿ ਕਰਮਕਾਂਡੀ ਹੋਣਾ ਹੋਵੇ, ਜਿਸ ਦੀ ਪਰਿਭਾਸ਼ਾ ''ਸਿਰਫ਼ ਮਰਿਆਦਾ ਦੀ ਖ਼ਾਤਰ ਕਿਸੇ ਨਿਯਮ ਨੂੰ ਮੰਨਣਾ'' ਦੇ ਰੂਪ ਵਿਚ ਹੋ ਸਕਦੀ ਹੈ।

ਨੂਹ ਕੋਲ ਖ਼ੁਦਾ ਦੇ ਵਚਨ ਦਾ ਹੀ ਸਬੂਤ ਸੀ ਕਿ ਪਰਲੋ ਆ ਰਹੀ ਹੈ, ਪਰ ਉਹਦੇ ਲਈ ਇਸ ਉੱਤੇ ਵਿਸ਼ਵਾਸ ਕਰਨ ਅਤੇ ਉਵੇਂ ਹੀ ਕਰਨ ਲਈ ਜਿਵੇਂ ਖ਼ੁਦਾ ਨੇ ਆਖਿਆ ਸੀ, ਐਨਾਂ ਕਾਫ਼ੀ ਨਹੀਂ ਸੀ। ਤੁਹਾਡੇ ਲਈ ਕਿਨਾਂ ਕਾਫ਼ੀ ਹੈ? ਲਗਦਾ ਹੈ ਕਿ ਨੂਹ ਆਪਣੇ ਸਮਾਜ ਵਿਚ ਪਹੁੰਚ ਨਹੀਂ ਸਕਿਆ ਕਿਉਂ ਜੋ ਉਸ ਨੇ ਆਪਣੇ ਪਰਿਵਾਰ ਦੇ ਬਾਹਰ ਕਿਸੇ ਹੋਰ ਨੂੰ ਨਹੀਂ ਬਦਲਿਆ, ਪਰ ਉਹ ਬਿਲਕੁਲ ਨਾਕਾਮ ਨਹੀਂ ਸੀ। ਉਸ ਨੇ ਉਨ੍ਹਾਂ ਨੂੰ ਵਚਨ ਸੁਣਾਉਣ ਦੀ ਕੋਸ਼ਿਸ਼ ਕੀਤੀ (2 ਪਤਰਸ 2:5)। ਜੇ ਅਸੀਂ ਖ਼ੁਦਾ ਦੇ ਵਚਨ ਨਾਲ ਇਮਾਨਦਾਰ ਹਾਂ ਤਾਂ ਅਸੀਂ ਨਾਕਾਮ ਨਹੀਂ ਹੋਵਾਂਗੇ, ਭਾਵੇਂ ਸਾਡੇ ਆਲੇ ਦੁਆਲੇ ਦੇ ਲੋਕ ਗੁਆਚੇ ਰਹਿਣ ਨੂੰ ਚੁਣਨਾ ਪਸੰਦ ਕਰਨ। ''ਮਰਦ ਅਤੇ ਔਰਤਾਂ ਨਾ ਸਿਰਫ਼ ਉਸ ਤੋਂ ਜੋ ਅਸੀਂ ਆਖਦੇ ਹਾਂ ਪ੍ਰਭਾਵਿਤ ਹੁੰਦੇ ਹਨ ਬਲਕਿ ਜੋ ਕੁਝ ਖ਼ੁਦਾ ਸਾਨੂੰ ਆਖਦਾ ਹੈ ਉਸ ਨੂੰ ਮੰਨਣ ਦੇ ਸਾਡੇ ਢੰਗ ਤੋਂ ਵੀ ਪ੍ਰਭਾਵਿਤ ਹੁੰਦੇ ਹਨ।''[97] ਜੇ ਜਹਾਜ਼ ਦੀਆਂ ਖਿੜਕੀਆਂ ਬੰਦ ਹੋਣ ਦੇ ਬਾਅਦ ਅਤੇ ਬਾਰਸ਼ ਤੇਜ਼ ਹੋਣ ਦੇ ਬਾਅਦ ਉਨ੍ਹਾਂ ਨੂੰ ਤੌਬਾ ਦਾ ਜ਼ਰਾ ਜਿਨਾਂ ਵੀ ਮੌਕਾ ਮਿਲ ਜਾਂਦਾ ਤਾਂ ਅਸੀਂ ਸ਼ੇਖ਼ੀ ਮਾਰ ਰਹੇ ਹੋਣਾ ਸੀ, ''ਵੇਖਿਆ ਨੂਹ ਕਿਨਾਂ ਵੱਡਾ ਪ੍ਰਚਾਰਕ ਸੀ!'' ਪਰ ਤੌਬਾ ਲਈ ਖ਼ੁਦਾ ਦੇ ਸਮੇਂ ਦਾ ਅੰਤ ਹੁੰਦਾ ਹੈ ਜਿਸ ਵਿਚ ਉਹ ਕਹਿੰਦਾ ਹੈ, ''ਬਸ, ਹੁਣ ਹੋਰ ਨਹੀਂ!'' ਹੁਣ ''ਮਨਭਾਉਂਦਾ ਸਮਾਂ ਹੈ!'' ਹੁਣੇ ''ਮੁਕਤੀ ਦਾ ਦਿਨ ਹੈ'' (2 ਕੁਰਿੰਥੀਆਂ 6:2)।

**ਦੁੱਖਾਂ ਦੇ ਇਸ ਸੰਸਾਰ ਵਿੱਚੋਂ ਦੀ ਲੰਘਣਾ** (11:8)

ਨਿਹਚਾ ਦਾ ਹਰ ਸਫ਼ਰ ਇਕ ਤੀਰਥ ਯਾਤਰਾ ਹੈ। ਕਈਆਂ ਨੂੰ ਲਗਦਾ ਹੈ ਕਿ ''ਦਰਿਆ ਪਾਰ ਕਰਨ'' ਵਾਂਗ ''ਇਬਰਾਨੀ'' ਸ਼ਬਦ ਦਾ ਅਰਥ ''ਪਾਰ ਕਰਨਾ'' ਹੈ। ਅਬਰਾਹਾਮ ਨੇ ਅਗਿਆਤ ਥਾਂਵਾਂ ਵਿਚ ਜਾਂਦੇ ਹੋਏ ਖ਼ੁਦਾ ਤੇ ਭਰੋਸਾ ਰੱਖਿਆ।[98] ਉਹ ਹੁਕਮ ਮੰਨਦੇ ਹੋਏ ਨਿਹਚਾ ਵਿਚ ਅੱਗੇ ਵੱਧਦਾ ਰਿਹਾ (ਆਇਤ 8)। ਜ਼ਿਆਦਾਤਰ ਵਿਦੇਸ਼ੀ ਲੋਕ ਅਖ਼ੀਰ ਵਿਚ ਘਰ ਜਾਣ ਦੇ ਚਾਹਵਾਨ ਹੁੰਦੇ ਹਨ ਪਰ ਪੁਰਖੇ ਨਹੀਂ ਸਨ। ਉਜਾੜ ਵਿਚ ਇਸਰਾਏਲ ਦਾ ਇਹੀ ਪਾਪ ਸੀ। ਇਸਰਾਏਲੀ ਲੋਕ ਗੁਲਾਮੀ ਵਾਲੇ ਆਪਣੇ ਦੇਸ਼ ਨੂੰ ਘਰ ਵਾਂਗ ਮੰਨਣ ਲੱਗੇ ਅਤੇ ਵਾਪਸ ਜਾਣਾ ਚਾਹੁੰਦੇ ਸਨ, ਭਾਵੇਂ

ਉਨ੍ਹਾਂ ਨੂੰ ਉੱਥੇ ਬਾਹਰੀ ਲੋਕ ਹੀ ਮੰਨਿਆ ਜਾਂਦਾ ਸੀ। ਅਬਰਾਹਾਮ, ਇਸਹਾਕ ਅਤੇ ਯਾਕੂਬ ਨੇ ਕਦੇ ਇਹ ਵਿਚਾਰ ਨਹੀਂ ਕੀਤਾ ਹੋਵੇਗਾ (11:8, 15)।

ਆਪਣੀ ਬਾਕੀ ਜ਼ਿੰਦਗੀ ਤੰਬੂਆਂ ਵਿਚ ਕੱਟਣ ਦੀ ਸੰਭਾਵਨਾਂ ਨੂੰ ਧਿਆਨ ਵਿਚ ਰੱਖਦਿਆਂ ਅਬਰਾਹਾਮ ਅਤੇ ਸਾਰਾਹ ਲਈ ਘਰ ਛੱਡਣਾ ਔਖਾ ਰਿਹਾ ਹੋਵੇਗਾ। ਸਾਰਾਹ ਲਈ ਇਕ ਨਵੇਂ ਦੇਸ਼ ਅਤੇ ਸੱਭਿਅਤਾ ਵਿਚ ਜਾਣ ਲਈ ਘਰ ਨੂੰ ਛੱਡਣਾ ਖ਼ਾਸਕਰ ਦਿਲ ਦੁਖਾਉਣ ਵਾਲਾ ਹੋਵੇਗਾ। ਇਕ ਖੁਸ਼ਹਾਲ ਘਰ ਦੁਆਉਣ ਲਈ ਪਤਨੀ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੇ ਪਤੀ ਦੇ ਮਗਰ ਮਗਰ ਜਿੱਥੇ ਵੀ ਉਹ ਜਾਵੇ ਚੱਲਣ ਲਈ ਤਿਆਰ ਹੋਵੇ। ਇੱਥੇ ਖ਼ੁਦਾ ਵੱਲੋਂ ਸਿੱਧੀ ਬੁਲਾਹਟ ਸੀ ਅਤੇ ਅਬਰਾਹਾਮ ਕੋਲ ਉਸ ਬੁਲਾਹਟ ਨੂੰ ਮੰਨਣ ਤੋਂ ਛੁਟ ਹੋਰ ਕੋਈ ਤਰੀਕਾ ਨਹੀਂ ਸੀ। ਕਨਾਨ ਵਿਚ ਅਬਰਾਹਾਮ ਉੱਤੇ ਪਰੇਸ਼ਾਨੀਆਂ ਆਈਆਂ, ਅਤੇ ਕਬਰ ਦੀ ਜ਼ਮੀਨ ਤੋਂ ਛੁੱਟ ਉਹਦੇ ਕੋਲ ਆਪਣੀ ਕੋਈ ਜ਼ਮੀਨ ਨਹੀਂ ਸੀ। ਉਹਦੀ ਸੰਤਾਨ ਮੁਸਾਫ਼ਿਰ ਹੀ ਸਨ ਜਿਹੜੇ ਮਿਸਰ ਵਿੱਚੋਂ ਨਿੱਕਲਣ ਦੇ ਬਾਅਦ ਚਾਲੀ ਸਾਲ ਤਕ ਘੁਮੰਦੇ ਰਹੇ।

ਮਨੁੱਖੀ ਸੋਚ ਅਨੁਸਾਰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਲਈ ਖ਼ੁਦਾ ਕਈ ਵਾਰ ਬਹੁਤਾ ਵਕਤ ਲੈ ਲੈਂਦਾ ਹੈ। ਪਰ ਉਹ ਉਨ੍ਹਾਂ ਨੂੰ ਪੂਰਾ ਜ਼ਰੂਰ ਕਰੇਗਾ। ਇਹ ਦੁਨੀਆਂ ਸਾਡਾ ਘਰ ਨਹੀਂ ਹੈ, ਤੇ ਫਿਰ ਅਸੀ ਇਸ ਵਿਚ ਕਿੱਥੇ ਰਹਿੰਦੇ ਹਾਂ ਇਸ ਵਿਚ ਕੋਈ ਫ਼ਰਕ ਪੈਂਦਾ ਹੈ? ਅਸੀ ਇੱਥੇ ਪਰਦੇਸੀ ਹੁੰਦੇ ਹਾਂ (ਫ਼ਿਲਿੱਪੀਆਂ 3:20)। ਆਇਤ 8 ਤੋਂ ਸਿੱਖਣ ਵਾਲੀ ਜਰੂਰੀ ਗੱਲ ਇਹ ਹੈ ਕਿ ਇਸ ਸਭ ਦੇ ਦੌਰਾਨ ਅਬਰਾਹਾਮ ਨੇ ਖ਼ੁਦਾ ਉੱਤੇ ਭਰੋਸਾ ਰੱਖਿਆ। ਸਾਨੂੰ ਵੀ ਭਰੋਸਾ ਰੱਖਣਾ ਜ਼ਰੂਰੀ ਹੈ। ਉਹ ਨੂੰ ਪਤਾ ਸੀ ਕਿ ਕਨਾਨ ਨਾਲੋਂ ਕਿਤੇ ਬੇਹਤਰ ਦੂਰ ਦੇਸ਼ ਵਿਚ ਇਕ ਨਗਰ ਦੀ ਉਡੀਕ ਕਰ ਰਿਹਾ ਹੈ (ਆਇਤਾਂ 10, 16)।

ਉਮੀਦ ਰੱਖੋ ਕਿ ਜਿੱਥੇ ਵੀ ਅਸੀਂ ਹਾਂ ਉੱਥੇ ਬਿਨਾਂ ਸ਼ੱਕ ਦੇ ਇਹ ਕਹਿਣ ਜੋਗੇ ਹੋਈਏ ਕਿ ''ਮੈਂ ਖ਼ੁਦਾ ਵਿਚ ਵਿਸ਼ਵਾਸ ਰੱਖਦਾ ਹਾਂ। ਮੈਂ ਉਹਦੇ ਵਾਅਦਿਆਂ ਤੇ ਭਰੋਸਾ ਰੱਖਦਾ ਹਾਂ। ਮੈਂ ਉਸ ਨੂੰ ਕਦੇ ਨਹੀਂ ਛੱਡਾਂਗਾ ਬਲਕਿ ਅਖ਼ੀਰ ਤਕ ਉਹ ਦੀ ਮਰਜ਼ੀ ਦੇ ਮੁਤਾਬਿਕ ਕਰਾਂਗਾ।''

### ਨਿਹਚਾ ਕਰਨ ਨਾਲੋਂ ਸ਼ੱਕ ਕਰਨਾ ਅਸਾਨ ਹੈ (11:11)

ਸਾਰਾਹ ਲਈ ਪਹਿਲੀ ਵਾਰ ਯਹਵੋਹ ਦੇ ਦੂਤ ਤੋਂ ਇਹ ਸੁਣ ਕੇ ਹੱਸ ਪੈਣਾ ਸੁਭਾਵਕ ਸੀ ਕਿ ਉਹਦੇ ਇਕ ਬੇਟਾ ਹੋਵੇਗਾ। ਪਰ ਸਮਾਂ ਬੀਤਣ ਨਾਲ ਉਹਦਾ ਸ਼ੱਕ ਯਕੀਨ ਵਿਚ ਬਦਲ ਗਿਆ। ਇਸਹਾਕ ਦਾ ਜਨਮ ਕਰੀਬ ਕਰੀਬ ਜੀ ਉੱਠਣ ਵਰਗਾ ਹੀ ਸੀ ਕਿਉਂ ਜੋ ਉਹ ਦਾ ਜਨਮ ਉਹ ਦੀ ਕੁੱਖ ਦੇ ਮੁਰਦਾ ਹੋਣ ਵਿੱਚੋਂ ਹੋਇਆ ਸੀ। ਹਰ ਮਾਮਲੇ ਵਿਚ ਖਾਸਕਰ ਰੂਹਾਨੀ ਮਾਮਲਿਆਂ ਵਿਚ ਯਕੀਨ ਕਰਨ ਨਾਲੋਂ ਸ਼ੱਕ ਕਰਨਾ ਅਸਾਨ ਹੁੰਦਾ ਹੈ। ਜਿਵੇਂ ਜਿਵੇਂ ਸਾਰਾਹ ਦੀ ਕੁਖ ਵਿਚ ਬੱਚਾ ਵੱਡਾ ਹੋ ਰਿਹਾ ਸੀ, ਉਹਦਾ ਸ਼ੱਕ ਮੁੱਕਦਾ ਜਾ ਰਿਹਾ ਸੀ।

ਸ਼ੱਕ ਕਰਨ ਵਾਲਾ ਬੰਦਾ ਨਿਹਚਾ ਲਈ ਦਿੱਤੇ ਗਏ ਸਾਰੇ ਸਬੂਤਾਂ ਵੱਲ ਧਿਆਨ ਨਹੀਂ ਦਿੰਦਾ। ਪਰ ਜ਼ਿਆਦਾਤਰ ਲੋਕ ਸ਼ੱਕ ਕਰਨ ਵਾਲਿਆਂ ਦੇ ਬਹੁਤੇ ਹੋਣ ਕਰਕੇ ਕਾਇਮ ਨਹੀਂ ਰਹਿ ਪਾਉਂਦੇ ਜਿਸ ਕਰਕੇ ਘੱਟੋ ਘੱਟ ਬਾਹਰੀ ਤੌਰ ਤੇ ਉਹ ਭੀੜ ਦੇ ਨਾਲ ਚੱਲਣ ਦਾ ਫੈਸਲਾ ਲੈ ਲੈਂਦੇ ਹਨ।

''ਘੱਟ ਵਿਰੋਧ ਵਾਲੇ ਰਾਹ ਤੇ ਚੱਲਣਾ ਵੱਡੇ ਵੱਡੇ ਦਰਿਆ ਅਤੇ ਗਰੀਬ ਲੋਕ ਬਣਾ ਦਿੰਦਾ ਹੈ।'' ਇਸੇ ਕਰਕੇ ਨੂਹ, ਅਬਰਾਹਾਮ, ਯੂਸੁਫ਼ ਅਤੇ ਮੂਸਾ ਦੀ ਨਿਹਚਾ ਲਿਖਤ ਵਿਚ ਅਤੇ ਖ਼ੁਦਾ ਦੇ ਮਨ ਵਿਚ ਅੱਡ ਹੀ ਨਜ਼ਰ ਆਉਂਦੀ ਹੈ। ਸਾਨੂੰ ਹਿੰਮਤੀ ਪਸੰਦ ਚੁਣਨ ਵਾਲੇ, ਆਪਣੇ ਮਨਾਂ ਵਿਚ ਸਹੀ ਅਤੇ ਤੰਗ ਰਾਹ ਉੱਤੇ ਚੱਲਣ ਦਾ ਫੈਸਲਾ ਲੈਣ ਲਈ ਤਿਆਰ ਹੋਣਾ ਜ਼ਰੂਰੀ ਹੈ। ਭੀੜ ਦੇ ਲੋਕ ਬਰਬਾਦੀ ਦੇ ਚੌੜੇ ਰਾਹ ਤੇ ਚੱਲਦੇ ਹਨ ਜਦ ਕਿ ਥੋੜ੍ਹੇ ਲੋਕ ਹਨ ਜਿਹੜੇ ਉਸ ਤੇ ਚੱਲਦੇ ਹਨ ਜਿਹੜਾ ਜ਼ਿੰਦਗੀ

ਵੱਲ ਲਿਜਾਂਦਾ ਹੈ (ਮੱਤੀ 7: 13, 14)।

**ਓਪਰੇ ਅਤੇ ਪਰਦੇਸੀ** (11: 13)

ਓਪਰੇ ਹੋਣ ਤੋਂ ਭਾਵ ਆਮ ਤੌਰ ਤੇ ਸਮਾਜ ਵਿੱਚੋਂ ਛੇਕੇ ਜਾਣਾ ਹੁੰਦਾ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਸਾਡੇ ਨਾਲ ਇਹੀ ਹੋਵੇਗਾ (ਵੇਖੋ 1 ਪਤਰਸ 1: 1; 2: 11) ਅਤੇ ਸਾਨੂੰ ਦੁਨੀਆਂ ਦੀ ਦੁਸ਼ਮਣੀ ਝੱਲਣੀ ਪਵੇਗੀ। ਇਹਦੀ ਉਮੀਦ ਰੱਖੋ! ਇਸ ਵਿਚਾਰ ਨਾਲ ਘੁਲ ਮਿਲ ਜਾਓ! ਕਿਉਂ? ਕਿਉਂ ਜੋ ਦੁਨੀਆਂ ਨਾਲ, ਇਹਦੇ ਘਟੀਆ ਪਣ ਨਾਲ, ਖ਼ੁਦਾ ਦੇ ਸਰਾਪ, ਅਸ਼ੁੱਧਤਾ ਅਤੇ ਉਹਦੇ ਨਾਲ ਅਤੇ ਉਹਦੀ ਇੱਛਿਆ ਦੀ ਨਿੰਦਿਆਂ ਨਾਲ ਸਾਡਾ ਕੋਈ ਰਿਸ਼ਤਾ ਨਹੀਂ ਹੈ। ਸਾਨੂੰ ਸੰਸਾਰ ਵਿੱਚੋਂ ਬੁਲਾਇਆ ਗਿਆ ਹੈ ਅਤੇ ਇਸੇ ਤੱਥ ਨੂੰ ਧਿਆਨ ਵਿਚ ਰੱਖ ਕੇ ਸਾਨੂੰ ਜ਼ਿੰਦਗੀ ਜੀਣਾ ਜ਼ਰੂਰੀ ਹੈ (ਯੂਹੰਨਾ 15: 19; 17: 14, 16)। ਪੁਰਾਣੇ ਜ਼ਮਾਨੇ ਦੇ ਪੁਰਖੇ ਚੱਲਦੇ ਰਹੇ। ਦੁਸ਼ਮਣਾਂ ਨੇ ਉਨ੍ਹਾਂ ਦੇ ਖੂਹ ਭਰ ਦਿੱਤੇ ਅਤੇ ਉਨ੍ਹਾਂ ਦਾ ਅਸਲ ਵਿਚ ਆਪਣਾ ਕੋਈ ਘਰ ਮਕਾਨ ਨਹੀਂ ਹੁੰਦਾ ਸੀ। ਆਪਣੇ ਜਨਮ ਸਥਾਨ ਵਾਲੇ ਦੇਸ਼ ਵਿਚ ਪਰਾਇਆ ਹੋਣ ਦਾ ਅਹਿਸਾਸ ਸਭ ਲੋਕਾਂ ਲਈ ਪਰੇਸ਼ਾਨੀ ਭਰਿਆ ਹੋਵੇਗਾ। ਵਾਅਦੇ ਦੀ ਧਰਤੀ ਵਿਚ ਵੀ ਪੁਰਖਿਆਂ ਨੇ ਆਪਣੇ ਆਪ ਨੂੰ ''ਪਰਦੇਸੀ'' ਜਾਂ ''ਮੁਸਾਫ਼ਿਰ'' ਮੰਨਿਆ (ਉਤਪਤ 23: 4; 28: 4; 47: 9)। ਸਾਨੂੰ ਆਪਣੇ ਆਪ ਨੂੰ ਇਸ ਤਰ੍ਹਾਂ ਨਾਲ ਕਿੰਨਾਂ ਮੰਨਣਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ! ਇਹ ਸਾਨੂੰ ''ਸੁਰਗ ਦੇ ਰਾਹ ਤੇ'' ਜਾਣ ਵਾਲੇ ਬਣਾਉਣ ਤੇ ਬਹੁਤਾ ਜ਼ੋਰ ਦੇਣ ਵਿਚ ਮਦਦ ਕਰੇਗਾ।

ਬਿਨਾਂ ਦੇਸ਼ ਵਾਲਾ ਹੋਣਾ ਜ਼ਿਆਦਾਤਰ ਲੋਕਾਂ ਲਈ ਇਕ ਦੁਖਾਂਤ ਲਗਦਾ ਹੈ। ਕਿਸੇ ਦੇਸ਼ ਦੇ ਸ਼ਹਿਰੀ ਹੋਏ ਬਗੈਰ ਪਾਸਪਰੋਟ, ਵਿਜ਼ਾ ਅਤੇ ਸਫ਼ਰ ਦੇ ਹੋਰ ਦਸਤਾਵੇਜ਼, ਪਰਵਾਸ ਅਤੇ ਅਪਰਵਾਸ ਨਾਮੁਮਕਿਨ ਹਨ।

ਮਸੀਹੀ ਆਦਮੀ ਨਾਲ ਕੁਝ ਅਜਿਹਾ ਹੀ ਹੁੰਦਾ ਹੈ। ਮੁੱਢਲੇ ਸੰਤਾਂ ਦੇ ਵਿਹਾਰ ਦਾ ਬਿਆਨ ਦੂਜੀ ਜਾਂ ਤੀਜੀ ਸਦੀ ਦੇ ਦਸਤਾਵੇਜ਼ਾਂ ਵਿਚ ਬਾਖੂਬੀ ਕੀਤਾ ਗਿਆ ਹੈ: ''ਉਹ ਆਪਣੇ ਦੇਸ਼ਾਂ ਵਿਚ ਰਹਿੰਦੇ ਸਨ, ਪਰ ਪਰਦੇਸੀ ਸਨ; ਸ਼ਹਿਰੀਆਂ ਦੇ ਰੂਪ ਵਿਚ ਉਨ੍ਹਾਂ ਨੂੰ ਹੱਕ ਮਿਲੇ ਸਨ ਅਤੇ ਪਰਦੇਸੀਆਂ ਵਾਂਗ ਉਹ ਹਰ ਮੁਸ਼ਕਿਲ ਦਾ ਸਾਹਮਣਾ ਕਰਦੇ ਸਨ। ਉਨ੍ਹਾਂ ਲਈ ਹਰ ਪਰਾਇਆ ਦੇਸ਼ ਆਪਣਾ ਵਤਨ ਹੈ ਅਤੇ ਹਰ ਵਤਨ ਪਰਾਇਆ ਦੇਸ਼ ਹੈ।''[99]

ਇਹ ਵਿਰੋਧਾਭਾਸੀ ਗੱਲ ਹਰ ਸੰਤ ਦੀ ਰੂਹ ਹੋਣੀ ਚਾਹੀਦੀ ਹੈ। ਪੌਲੁਸ ਇਕ ਰੋਮੀ ਸ਼ਹਿਰੀ ਦੇ ਰੂਪ ਵਿਚ ਆਪਣੇ ਹੱਕਾਂ ਦੇ ਬਚਾਅ ਲਈ ਕੈਸਰ ਅੱਗੇ ਅਪੀਲ ਕਰ ਸਕਦਾ ਸੀ (ਰਸੂਲਾਂ ਦੇ ਕੰਮ 25: 10), ਪਰ ਜ਼ਾਹਿਰ ਤੌਰ ਤੇ ਉਹ ਨੇ ਸੀਨੇਟ ਦੇ ਕਿਸੇ ਹੋਰ ਨੂੰ ਪ੍ਰਭਾਵਿਤ ਕਰਨ ਲਈ ਕੁਝ ਨਹੀਂ ਕੀਤਾ।

ਆਪਣੀ ਮਨਬਦਲੀ ਤੋਂ ਪਹਿਲਾਂ ਇਸ ਨਵੇਂ ''ਫ਼ਿਰਕੇ'' ਨੂੰ ਮਿਟਾਉਣ ਲਈ ਉਹ ਹਰ ਤਰ੍ਹਾਂ ਦੀ ਸਿਆਸੀ ਕੋਸ਼ਿਸ਼ ਵਿਚ ਲੱਗਾ ਸੀ। ਉਸ ਦੇ ਵਿਚਾਰ ਨਾਲ ਮਸੀਹੀ ਲੋਕਾਂ ਦਾ ''ਪੰਥ'' ਕਾਨੂੰਨ ਵਿਵਸਥਾ ਲਈ ਐਨਾਂ ਖ਼ਤਰਨਾਕ ਸੀ ਕਿ ਉਹ ਨੇ ਜਿੱਥੇ ਵੀ ਯਹੂਦੀ ਸੰਤ ਮਿਲਣ ਉੱਥੇ ਮਸੀਹੀ ਲੋਕਾਂ ਨੂੰ ਫੜਨ ਦਾ ਕਾਨੂੰਨੀ ਇਖ਼ਤਿਆਰ ਹਾਸਿਲ ਕੀਤਾ ਸੀ। ਉਸ ਨੇ ਉਨ੍ਹਾਂ ਨੂੰ ਸਖ਼ਤੀ ਨਾਲ ਸਜ਼ਾ ਦਿੱਤੀ ਜਿਸ ਵਿਚ ਕਈਆਂ ਦੀ ਤਾਂ ਮੌਤ ਵੀ ਹੋ ਗਈ (ਰਸੂਲਾਂ ਦੇ ਕੰਮ 22: 4; 26: 10)।

**ਇਹ ਸੱਭੇ ਨਿਹਚਾ ਵਿਚ ਮਰ ਗਏ** (11: 13)

ਪ੍ਰਭੂ ਵਿਚ ਮਰਨ ਵਾਲੇ ਲੋਕ ਸਭ ਤੋਂ ਮੁਬਾਰਕ ਹਨ (ਪ੍ਰਕਾਸ਼ ਦੀ ਪੋਥੀ 14: 13)। ਮੌਤ ਦੀ ਇਕ ਆਖ਼ਰੀ ਹਾਲਤ ਵਿਚ ਜਿਹੜੀ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਲਈ ਖ਼ਤਰਨਾਕ ਹੈ; ਅਸੀਂ ਆਪਣੇ ਅਜ਼ੀਜ਼ਾਂ ਨੂੰ ਸ਼ਾਇਦ ਹਮੇਸ਼ਾ ਤੋਂ ਛੱਡ ਦੇਣ ਲਈ ਡਰਦੇ ਹਾਂ ਅਤੇ ਸਾਨੂੰ ਡਰ ਰਹਿੰਦਾ ਹੈ ਕਿ

ਮੌਤ ਦੇ ਬਾਅਦ ਕੀ ਹੋਵੇਗਾ। ਅਸੀਂ ਜਾਣਦੇ ਹਾਂ ਕਿ ਸਾਡੀਆਂ ਸਰੀਰਕ ਦੇਹਾਂ ਜਿਨ੍ਹਾਂ ਨਾਲ ਅਸੀਂ ਜੁੜੇ ਹੋਏ ਹਾਂ, ਖ਼ਤਮ ਹੋ ਜਾਣਗੀਆਂ; ਅਤੇ ਅਸੀਂ ਜਾਣਦੇ ਹਾਂ ਕਿ ਬਾਈਬਲ ਦੱਸਦੀ ਹੈ ਕਿ ਅਸੀਂ ਰੂਹਾਨੀ ਦੇਹਾਂ ਵਿਚ ਜ਼ਿੰਦਾ ਰਹਾਂਗੇ। ਸਾਨੂੰ ਸਚਮੁਚ ਵਿਚ ਫ਼ਤਹਿਮੰਦ ਬਣਾਉਣ ਲਈ ਸਾਡੀ ਨਿਹਚਾ ਫ਼ਤਹਿ ਵਿਚ ਮੌਤ ਉੱਤੇ ਫ਼ਤਹਿਮੰਦ ਹੁੰਦੀ ਹੈ। ''ਨਿਹਚਾ ਫ਼ਤਹਿ ਹੈ!'' ਇਹ ਸਾਡੇ ਲਈ ਸੰਸਾਰ ਉੱਤੇ ਜਿੱਤ ਪਾਉਂਦੀ ਹੈ (1 ਯੂਹੰਨਾ 5:4)। ''ਫਤਹਿ'' ਸ਼ਬਦ *nikos* ਵਿੱਚੋਂ ਨਿੱਕਲਿਆ ਹੈ ਜਿਸ ਤੋਂ ''*Nike*'' ਨਾਮਕ ਕੰਪਨੀ ਦਾ ਨਾਂਅ ਲਿਆ ਗਿਆ ਹੈ। ਜ਼ਿੰਦਗੀ ਦੀਆਂ ਅਜ਼ਮਾਇਸ਼ਾਂ ਤੇ ਨਿਹਚਾ ਨਾਲ ਫ਼ਤਹਿ ਪਾਈ ਜਾਂਦੀ ਹੈ। ਮੌਤ ਵਿਚ ਅਖ਼ੀਰ ਵਿਚ ਅਸੀਂ ਉਹ ਵੇਖਾਂਗੇ ਜੋ ਸਭ ਤੋਂ ਅਨੋਖਾ ਹੈ; ਫਿਰ ਇਹ ਚੀਜ਼ਾਂ ਉਸ ਤੋਂ ਵੀ ਵੱਧ ਸਾਫ਼ ਹੋ ਜਾਣਗੀਆਂ ਜੋ ਨਿਹਚਾ ਨੇ ਉਨ੍ਹਾਂ ਨੂੰ ਸਾਡੇ ਲਈ ਬਣਾਇਆ ਹੈ।

**ਘਰ ਵਾਪਸੀ ਦੀ ਤਾਂਘ** (11:13-16)

ਤਕਰੀਬਨ ਹਰ ਕੋਈ ਘੁੰਮ ਘੁੰਮ ਕੇ ਅਖ਼ੀਰ ਥੱਕ ਜਾਂਦਾ ਹੈ ਅਤੇ ਘਰ ਜਾਣਾ ਚਾਹੁੰਦਾ ਹੈ ਜਿੱਥੇ ਉਹ ਜ਼ਿੰਦਗੀ ਦੇ ਬਾਕੀ ਦਿਨ ਕੱਟ ਸਕੇ। ਸਾਨੂੰ ਸਭ ਨੂੰ ''ਘਰ'' ਦੀ ਤਾਂਘ ਕਰਨੀ ਚਾਹੀਦੀ ਹੈ। ਬਹੁਤ ਸਾਰੇ ਲੋਕ ਜਿਹੜੇ ਕੰਮ ਜਾਂ ਕਾਮਯਾਬੀ ਦੀ ਤਲਾਸ਼ ਵਿਚ ਵੱਡੇ ਸ਼ਹਿਰਾਂ ਵਿਚ ਚਲੇ ਜਾਂਦੇ ਹਨ। ਅਖ਼ੀਰ ਰਿਟਾਇਰ ਹੋ ਕੇ ਆਪੋ ਆਪਣੇ ਸ਼ਹਿਰ ਜਾਂ ਦੇਸ਼ ਪਰਤ ਜਾਂਦੇ ਹਨ। ਜੇ ਪੁਰਖਿਆਂ ਨੇ ਦੁਨਿਆਵੀ ਦੌਲਤ ਦੀ ਹੀ ਤਲਾਸ਼ ਕੀਤੀ ਹੁੰਦੀ ਤਾਂ ਉਹ ਊਰ ਦੇਸ਼ ਨੂੰ ਜਾਂ ਮਿਸਰ ਨੂੰ ਪਰਤ ਜਾਂਦੇ, ਜਿਵੇਂ ਅਬਰਾਹਾਮ ਨੇ ਥੋੜ੍ਹੀ ਦੇਰ ਵਾਸਤੇ ਕੀਤਾ। ਪਰ ਉਹ ਜਾਣਦੇ ਸਨ ਕਿ ਖ਼ੁਦਾ ਦੇ ਵਾਅਦੇ ਉਹਦੀਆਂ ਸ਼ਰਤਾਂ ਨੂੰ ਮੰਨਣ ਤੇ ਟਿਕੇ ਹਨ, ਜਿਸ ਕਰਕੇ ਉਨ੍ਹਾਂ ਦਾ ਵਾਪਸ ਜਾਣ ਦਾ ਕੋਈ ਇਰਾਦਾ ਨਹੀਂ ਸੀ।

ਕਿੰਨੀ ਵਾਰ ਅਸੀਂ ਬਚਪਨ ਦੇ ਉਨ੍ਹਾਂ ਚੰਗੇ ਦਿਨਾਂ ਦੀ ਗੱਲ ਕਰਦਿਆਂ ਘਰ ਪਰਤ ਜਾਣਾ ਚਾਹੁੰਦੇ ਹਾਂ। ਬੇਸ਼ੱਕ ਅਸੀਂ ਪਰਤ ਨਹੀਂ ਸਕਦੇ। ਇਕ ਵਾਰ ਛੱਡ ਦਿੱਤਾ ਤਾਂ ਇਹ ਪਹਿਲਾਂ ਵਰਗਾ ਨਹੀਂ ਰਹਿੰਦਾ। ਪੁਰਖੇ ਆਪਣੇ ਦੁਨਿਆਵੀ ਘਰਾਂ ਤੇ ਖ਼ਾਸਕਰ ਉਸ ਦੇਸ਼ ਤੇ ਜਿਸ ਨੂੰ ਉਹ ਛੱਡ ਆਏ ਸਨ, ਬੜ੍ਹਾ ਧਿਆਨ ਦਿੰਦੇ ਸਨ (ਆਇਤ 15)। ਉਨ੍ਹਾਂ ਦਾ ਅਤੇ ਸਾਡਾ ਵਤਨ ਸੁਰਗ ਵਿਚ ਸਾਡੀ ਉਡੀਕ ਕਰ ਰਿਹਾ ਹੈ। ਸੁਰਗ ਨੂੰ ਆਪਣੀ ਮੰਜ਼ਿਲ ਬਣਾ ਲੈਣ ਵਾਲੇ ਲੋਕ ''ਐਨੇ ਸੁਰਗੀ ਸੋਚ ਵਾਲੇ'' ਨਹੀਂ ਹਨ ''ਕਿ ਉਹ ਧਰਤੀ ਦੇ ਕਿਸੇ ਕੰਮ ਦੇ ਨਾ ਹੋਣ''; ਬਲਕਿ ਉਹ ਅਜਿਹੇ ਲੋਕ ਹਨ ਜਿਨ੍ਹਾਂ ਤੋਂ ਧਰਤੀ ਤੇ ਜ਼ਿਆਦਾਤਰ ਭਲਿਆਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਉਹ ਕਿਸੇ ਵੀ ਸਮਾਜ ਦਾ ਸਰਮਾਇਆ ਹਨ, ਕਿਉਂ ਜੋ ਉਨ੍ਹਾਂ ਦੀਆਂ ਤਰਜੀਹਾਂ ਬਿਲਕੁਲ ਸਹੀ ਹਨ। ਖ਼ੁਦਾ ਨੂੰ ਪੁਰਖਿਆਂ ਤੇ ਮਾਣ ਸੀ ਅਤੇ ਉਨ੍ਹਾਂ ਦਾ ਖ਼ੁਦਾ ਅਖਵਾਉਣ ਵਿਚ ਉਹ ਨੂੰ ਕੋਈ ਸ਼ਰਮ ਨਹੀਂ ਸੀ (ਕੂਚ 3:6)।

ਭਲਾ ਉਹ ਤੁਹਾਡਾ ਖ਼ੁਦਾ ਹੈ? ਭਲਾ ਉਸ ਨੂੰ ਤੁਹਾਥੋਂ ਕਿਸੇ ਤਰ੍ਹਾਂ ਦੀ ਕੋਈ ਸ਼ਰਮਿੰਦਗੀ ਹੈ? ਭਲਾ ਇਹ ਜ਼ਿੰਦਗੀ ਦੀ ਸੰਤੁਸ਼ਟੀ ਸਾਨੂੰ ਆਪਣੇ ਸੁਰਗੀ ਘਰ ਨੂੰ ਵੇਖਣ ਲਈ ਘੱਟ ਉਤਸੁਕ ਬਣਾ ਦਿੰਦੀ ਹੈ? ਮੈਂ ਹੁਣ ਆਪਣੇ ਘਰ ਵਿਚ ਪੂਰਾ ਆਨੰਦ ਕਰਦਾ ਹਾਂ, ਪਰ ਮੇਰਾ ਅਸਲੀ ਆਨੰਦ ਮੇਰੇ ਪਰਿਵਾਰ ਭਾਵ ਮੇਰੀ ਪਤਨੀ, ਬੱਚਿਆਂ, ਅਤੇ ਦੋਹਤੇ ਪੋਤਿਆਂ ਤੋਂ ਮਿਲਦਾ ਹੈ। ਉਨ੍ਹਾਂ ਦੇ ਬਗੈਰ ਘਰ ਘਰ ਨਹੀਂ ਹੋਵੇਗਾ। ਜਿਵੇਂ ਜਿਵੇਂ ਉਮਰ ਵੱਧਦੀ ਹੈ ਮੈਂ ਸੁਰਗ ਵੱਲ ਹੋਰ ਤੱਕਦਾ ਹਾਂ। ਬੁੱਢੇ ਅਤੇ ਕਮਜ਼ੋਰ ਹੋਣ ਨਾਲ ਸਾਨੂੰ ਹੋਰ ਵੀ ਚੰਗੀ ਤਰ੍ਹਾਂ ਨਾਲ ਅਹਿਸਾਸ ਹੁੰਦਾ ਹੈ ਕਿ ਸੁਰਗ ਕਿਨਾਂ ਸ਼ਾਨਦਾਰ ਹੋਵੇਗਾ।

ਸੁਰਗ ਦੀ ਇੱਛਾ ਕਿਵੇਂ ਵੱਧਦੀ ਹੈ? ਇਹ ਥੋੜ੍ਹੀ ਦੇਰ ਦੀਆਂ ਚੀਜ਼ਾਂ ਨਾਲੋਂ ਸੁਰਗੀ ਅਹਿਮੀਅਤ ਵਾਲੀਆਂ ਚੀਜ਼ਾਂ ਨੂੰ ਵੇਖਣ ਦੇ ਸਾਡੇ ਵਿਸ਼ਵਾਸ ਕਰਕੇ ਹੈ। ਪੁਰਖਿਆਂ ਵਾਂਗ ਅਸੀਂ ''ਉੱਤਮ ਸੁਰਗੀ ਦੇਸ਼ ਨੂੰ ਲੋਚਦੇ'' ਹਾਂ ਜਿਹੜਾ ਹਮੇਸ਼ਾ ਤਕ ਰਹੇਗਾ। ਨਿਹਚਾ ਨਾਲ ਅਸੀਂ ਜਾਣਦੇ ਹਾਂ ਕਿ ਸੁਰਗ ਨਜ਼ਰ ਆਉਣ ਵਾਲੀਆਂ ਚੀਜ਼ਾਂ ਨਾਲੋਂ ਸਰੇਸ਼ਠ ਹੈ, ਜੋ ਸਾਨੂੰ ਉਸ ਪਾਰ ਵਾਲੇ ਆਪਣੇ ਘਰ ਦੀ ਇੱਛਾ ਕਰਨ ਲਈ ਮਜਬੂਰ ਕਰਦਾ ਹੈ।

ਇਸ ਜ਼ਿੰਦਗੀ ਵਿਚ ਨਾ ਤਾਂ ਅਬਰਾਹਾਮ ਨੂੰ ਅਤੇ ਨਾ ਕਿਸੇ ਹੋਰ ਪੁਰਖੇ ਨੂੰ ਖ਼ੁਦਾ ਦੇ ਸਾਰੇ ਵਾਅਦੇ ਭਰਪੂਰੀ ਨਾਲ ਹਾਸਲ ਹੋਏ। ਉਹ ''ਨਿਹਚਾ ਵਿਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਵਚਨ ਪ੍ਰਾਪਤ ਨਾ ਹੋਏ, ਪਰ ਉਨ੍ਹਾਂ ਦੂਰੋਂ ਉਨ੍ਹਾਂ ਨੂੰ ਵੇਖ ਕੇ ਜੀ ਆਇਆਂ ਨੂੰ ਆਖਿਆ ਅਤੇ ਮੰਨ ਲਿਆ...'' (ਆਇਤ 13)।

**ਸਾਡੀ ਵੱਲੋਂ ਨਹੀਂ ਸ਼ਰਮਾਉਂਦਾ** (11: 16)

ਇਸਰਾਏਲੀਆਂ ਨੂੰ ਇਸ ਗੱਲ ਤੇ ਮਾਣ ਸੀ ਕਿ ਖ਼ੁਦਾ ਉਨ੍ਹਾਂ ਨੂੰ ਆਪਣੇ ਲੋਕ ਕਹਿਣ ਤੋਂ ਨਹੀਂ ਸ਼ਰਮਾਉਂਦਾ ਸੀ ਅਤੇ ਉਸ ਨੂੰ ''ਉਨ੍ਹਾਂ ਦਾ ਖ਼ੁਦਾ'' ਕਹਿਣਾ ਸਹੀ ਹੋ ਸਕਦਾ ਸੀ। ਪਰ ਸਦੀਆਂ ਬਾਅਦ ਉਨ੍ਹਾਂ ਨੂੰ ਉਸ ਦੇ ਉੱਤਰ ਵਿਚ ਯਕੀਨ ਕਰਨ ਤੋਂ ਇਨਕਾਰ ਲਈ ਸ਼ਰਮ ਆਉਣੀ ਚਾਹੀਦੀ ਹੈ। ਭਲਾ ਤੁਹਾਡੇ ਦੋਸਤ ਅਤੇ ਸਾਥੀ ਸਰੇਆਮ ਤੁਹਾਨੂੰ ਖ਼ੁਦਾ ਨੂੰ ਮੰਨਣ ਲਈ ਬੇਇੱਜ਼ਤ ਕਰਦੇ ਹਨ? ਇਹ ਸੋਚਣਾ ਕਿ ਸਾਡਾ ਪ੍ਰਭੂ ਸਾਡੇ ਨਾਲ ਸੰਗਤੀ ਕਰਨ ਦਾ ਚਾਹਵਾਨ ਹੈ ਸਾਡੇ ਮਨਾਂ ਨੂੰ ਰੋਮਾਂਚਿਤ ਕਰ ਦੇਣ ਵਾਲਾ ਹੋਣਾ ਚਾਹੀਦਾ ਹੈ। ਸਾਨੂੰ ਵੀ ਆਪਣੇ ਆਪ ਨੂੰ ਉਹਦੇ ਨਾਲ ਜੋੜਨ ਲਈ ਤਿਆਰ ਹੋਣਾ ਚਾਹੀਦਾ ਹੈ। ਜਿੱਥੇ ਵੀ ਅਤੇ ਜਿਸ ਨਾਲ ਵੀ ਤੁਸੀਂ ਗੱਲ ਕਰ ਸਕੋ ਉਹਦੀ ਗੱਲ ਕਰੋ। ਮਸੀਹ ਵਾਸਤੇ ਆਪਣੇ ਜੋਸ਼ ਨੂੰ ਠੰਡਾ ਕਰਨ ਲਈ ਛੇਕੇ ਜਾਣ ਜਾਂ ਆਲੋਚਨਾ ਦੇ ਡਰ ਨੂੰ ਅੱਗੇ ਨਾ ਆਉਣ ਦਿਓ।

**ਅਬਰਾਹਾਮ ਦੀ ਪਰੀਖਿਆ ਅਤੇ ਖ਼ੁਦਾ ਦਾ ਸੁਭਾਅ** (11: 17-19)

ਭਲਾ ਇਹ ਸਹੀ ਲਗਦਾ ਹੈ ਕਿ ਖ਼ੁਦਾ ਵਾਅਦੇ ਦੀ ਸੰਤਾਨ ਨੂੰ ਮਰਾਉਣਾ ਚਾਹੁੰਦਾ ਹੋਵੇ? ਸਾਡੇ ਲਈ, ਮਨੁੱਖੀ ਸਮਝ ਅਤੇ ਤਰਕ ਨਾਲ, ਇਹ ਸਹੀ ਨਹੀਂ ਹੈ। ਇਮਾਨੁਏਲ ਕੈਂਟ ਨੇ ਕਿਹਾ ਹੈ ਕਿ ਖ਼ੁਦਾ ਅਬਰਾਹਾਮ ਨੂੰ ਇਸਹਾਕ ਦਾ ਕਤਲ ਕਰਨ ਦਾ ਹੁਕਮ ਨਹੀਂ ਦੇ ਸਕਦਾ ਸੀ ਕਿਉਂ ਇਸ ਨਾਲ ਇਖ਼ਲਾਕੀ ਨਿਯਮ ਦਾ ਉਲੰਘਣ ਹੋ ਜਾਣਾ ਸੀ।[100] ਕੁਧਰਮੀਆਂ ਅਤੇ ਨਾਸਤਿਕ ਲੋਕਾਂ ਨੂੰ ਉਨ੍ਹਾਂ ਵਿਰੋਧਾਭਾਸਾਂ ਨੂੰ ਲੱਭਣਾ ਚੰਗਾ ਲਗਦਾ ਹੈ ਜਿਹੜੇ ਖ਼ੁਦਾ ਦੇ ਸੁਭਾਅ ਦੇ ਉਨ੍ਹਾਂ ਦੇ ਮੁਤਅੱਸਬੀ ਲੋਕਾਂ ਨੂੰ ਛੱਡ ਕੋਈ ਹੋਰ ਕਿਤੇ ਨਹੀਂ ਹੈ।

ਇਹ ਭੇਂਟ ਮਨੁੱਖ ਦੇ ਵਿਸ਼ਵਾਸ ਦੀ ਸਭ ਤੋਂ ਵੱਡੀ ਪਰਖ ਸੀ ਜਿਸ ਨੂੰ ਆਉਣ ਵਾਲੀਆਂ ਸਭ ਪੀੜ੍ਹੀਆਂ ਨੂੰ ਮਿਸਾਲ ਦੇ ਰੂਪ ਵਿਚ ਦਿੱਤਾ ਗਿਆ। ''ਨਿਹਚਾਵਾਨਾਂ ਦੇ ਪਿਤਾ'' ਨੂੰ ਆਪਣੀ ਨਿਹਚਾ ਦੀ ਸਭ ਤੋਂ ਵੱਡੀ ਲੱਗਣ ਵਾਲੀ ਪਰੀਖਿਆ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮਾਮਲੇ ਵਿਚ ਅਬਰਾਹਾਮ ਲਈ ਖ਼ੁਦਾ ਦੇ ਨਿਆਂ ਨੂੰ ਚੁਣੌਤੀ ਦੇਣਾ ਸੋਚ ਤੋਂ ਬਾਹਰ ਸੀ ਅਤੇ ਸਾਡੇ ਲਈ ਵੀ ਅਜਿਹਾ ਹੀ ਹੋਣਾ ਚਾਹੀਦਾ ਹੈ। ਸਿਰਫ਼ ਪ੍ਰਭੂ ਹੀ ਜਾਣਦਾ ਹੈ ਕਿ ਹੋਰ ਪੱਕੇ ਵਿਸ਼ਵਾਸ ਨੂੰ ਵਧਾਉਣ ਲਈ ਸਾਡੇ ਦਿਲਾਂ ਨੂੰ ਯੋਗ ਬਣਾਉਦ ਵਾਸਤੇ ਕੀ ਬੇਹਤਰ ਹੈ। ਇਸ ਪਰੀਖਿਆ ਦਾ ਸਾਹਮਣਾ ਕਰਨ ਨਾਲ ਅਬਰਾਹਾਮ ਦੀ ਨਿਹਚਾ ਡਗਮਗਾਈ ਨਹੀਂ ਬਲਕਿ ਭਵਿੱਖ ਦੀਆਂ ਸਭ ਪਰੀਖਿਆ ਲਈ ਮਜ਼ਬੂਤ ਹੋ ਗਈ। ਉਹ ਦਾ ਪਰੀਖਿਆ ਪਾਸ ਕਰ ਲੈਣਾ ਸਾਨੂੰ ਦਿੱਤਾ ਗਿਆ ਹੈ ਤਾਂ ਜੋ ''ਸਾਨੂੰ ਪੱਕਾ ਦਿਲਾਸਾ ਮਿਲੇ ਜਿਹੜੇ ਆਪਣੇ ਸਾਹਮਣੇ ਰੱਖੀ ਹੋਈ ਆਸਾ ਨੂੰ ਫੜ ਲੈਣ ਲਈ ਭੱਜ ਕੇ ਪਨਾਹ ਲੈਂਦੇ ਹਾਂ'' (6: 18)। ਜੇ ਹੁਕਮ ਨਾ ਮੰਨਣ ਲਈ ਅਬਰਾਹਾਮ ਨੇ ਪਰੀਖਿਆ ਨੂੰ ਝੱਲ ਲਿਆ ਤਾਂ ਅਸੀਂ ਕਿਉਂ ਨਹੀਂ ਝੱਲ ਸਕਦੇ। ਖ਼ੁਦਾ ਲਈ ਕੁਝ ਵੀ ਨਾਮੁਮਕਿਨ ਨਹੀਂ ਹੈ।

ਕਈ ਵਾਰ ਮਨੁੱਖ ਦੇ ਦੁੱਖ ਨਾ ਮੁੱਕਣ ਵਾਲੇ ਅਤੇ ਬੇਕਾਰ ਲਗਦੇ ਹਨ। ਪਰ ਨਿਹਚਾ ਦੀ ਨਜ਼ਰ ਨਾਲ ਅਸੀਂ ਵੇਖ ਸਕਦੇ ਹਾਂ ਕਿ ਇਹ ਕਿਵੇਂ ਲੋਕਾਂ ਨੂੰ ਹਲੀਮੀ ਨਾਲ ਹੁਕਮ ਮੰਨਣ ਲਈ ਤਿਆਰ ਕਰ ਸਕਦਾ ਹੈ (5:8, 9)। ਇਹ ਸਾਡੇ ਵਿਸ਼ਵਾਸ ਨੂੰ ਹੋਰ ਵੀ ਵਧਾਉਂਦਾ ਹੈ ਤਾਂ ਜੋ ਅਸੀਂ ਬੇਹੱਤਰ ਹਾਲਤ ਵਿਚ ਆਈਏ (2 ਕੁਰਿੰਥੀਆਂ 4: 16–18)। ਅਸੀਂ ਉਵੇਂ ਹੀ ਦੁੱਖ ਝੱਲ ਸਕਦੇ ਹਾਂ ਜਿਵੇਂ

ਅੱਗ ਕੱਚੀ ਧਾਤ ਨੂੰ ਸ਼ੁੱਧ ਕਰਕੇ ਉਸ ਨੂੰ ਪਹਿਲਾਂ ਨਾਲੋਂ ਵੱਧ ਸ਼ੁੱਧ, ਖਾਲਸ, ਨਿੱਗਰ ਧਾਤ ਬਣਾਉਂਦੀ ਹੈ। ਇਸ ਤਰ੍ਹਾਂ ਨਾਲ ਸਾਨੂੰ ਪ੍ਰਭੂ ਦੇ ਕੰਮ ਆਉਣ ਲਈ ਯੋਗ ਬਣਾਇਆ ਜਾਂਦਾ ਹੈ। ਯਿਸੂ ਨੂੰ ਸਾਡੀ ਮਦਦ ਕਰਨ ਲਈ ਹੋਰ ਸਿੱਧ ਰੂਪ ਨਾਲ ਯੋਗ ਬਣਾਉਣ ਲਈ ਉਹ ਦੀ ਪਰੀਖਿਆ ਲਈ ਗਈ ਅਤੇ ਉਸ ਨੂੰ ਪਰਖਿਆ ਗਿਆ (ਇਬਰਾਨੀਆਂ 2:18)।

ਇਕ ਅਰਥ ਵਿਚ ਇਬਰਾਨੀਆਂ ਦਾ ਲੇਖਕ ਕਹਿ ਰਿਹਾ ਸੀ, ''ਆਪਣੇ ਪੁਰਖਿਆ ਨੂੰ ਵੇਖੋ ਜਿਨ੍ਹਾਂ ਨੇ ਐਨਾਂ ਦੁੱਖ ਝੱਲਿਆ; ਅਬਰਾਹਾਮ ਉੱਤੇ ਧਿਆਨ ਦਿਓ ਜਿਸ ਦੀ ਪਰੀਖਿਆ ਕੀਤੀ ਗਈ।'' ਖ਼ੁਦਾ ਲਈ ਉਸ ਨੂੰ ਵਾਅਦੇ ਦੇ ਆਪਣੇ ਪੁੱਤਰ ਨੂੰ ਕੁਰਬਾਨ ਕਰਨ ਲਈ ਕਹਿਣ ਨਾਲੋਂ ਵੱਡੀ ਨਿਹਚਾ ਦੀ ਕੋਈ ਅਜ਼ਮਾਇਸ਼ ਨਹੀਂ ਹੋ ਸਕਦੀ (ਉਤਪਤ 22:2)।

**ਪਿਤਾ ਦੀ ਨਿਹਚਾ ਪੁੱਤਰ ਦੀ ਨਿਹਚਾ ਬਣ ਗਈ** (11:20-22)

ਇਸਹਾਕ ਵੱਡਾ ਹੋ ਗਿਆ ਅਤੇ ਉਸ ਦੀ ਨਜ਼ਰ ਕਮਜ਼ੋਰ ਸੀ, ਪਰ ਉਹ ਨੇ ਆਪਣੇ ਪਿਤਾ ਅਬਰਾਹਾਮ ਦੀ ਪੱਕੀ ਨਜ਼ਰ ਅਤੇ ਨਿਹਚਾ ਨੂੰ ਗੁਆਇਆ ਨਹੀਂ, ਕਿਉਂ ਜੋ ਉਸ ਨੇ ਵੀ ਆਪਣੇ ਪੁੱਤਰਾਂ ਨੂੰ ਬਰਕਤ ਦਿੱਤੀ। ਇਸੇ ਤਰ੍ਹਾਂ ਨਾਲ ਆਪਣੀ ਜ਼ਿੰਦਗੀ ਦੇ ਅਖ਼ੀਰ ਦੇ ਨੇੜੇ ਪਹੁੰਚ ਜਾਣ ਤੇ ਯਾਕੂਬ ਨੇ ਇਫ਼ਰਾਇਮ ਅਤੇ ਮਨਸ਼ੈ ਦੀ ਆਉਣ ਵਾਲੀ ਮਹਾਨਤਾ ਦਾ ਐਲਾਨ ਕਰ ਦਿੱਤਾ (ਉਤਪਤ 48:1–20)। ਯੂਸੁਫ਼ ਨਿਹਚਾ ਦੇ ਰਾਹੀਂ ਭਵਿੱਖ ਵਿਚ ਝਾਕ ਸਕਿਆ ਸੀ। ਉਸ ਨੇ ਇਸਰਾਏਲੀਆਂ ਦੇ ਵਾਅਦੇ ਦੇ ਦੇਸ਼ ਲਈ ਮਿਸਰ ਵਿੱਚੋਂ ਨਿੱਕਲ ਆਪਣੀ ਖ਼ੁਦ ਦੀ ਮੌਤ ਅਤੇ ਆਪਣੀਆਂ ਹੱਡੀਆਂ ਦੇ ਮਿਸਰ ਵਿੱਚੋਂ ਲਿਜਾ ਕੇ ਕਨਾਨ ਵਿਚ ਦਫ਼ਨਾਏ ਜਾਣ ਦੇ ਢੰਗ ਨੂੰ ਵੇਖ ਲਿਆ ਸੀ (ਆਇਤ 22)।

ਸਾਨੂੰ ਆਪਣੇ ਅਤੇ ਬੱਚਿਆਂ ਦੇ ਬੱਚਿਆਂ ਦੇ ਬੱਚਿਆਂ ਦੇ ਆਪਣੇ ਇਤਿਹਾਸ ਬਾਰੇ, ਉਨ੍ਹਾਂ ਦੀ ਵਿਰਾਸਤ ਬਾਰੇ ਵੱਧ ਤੋਂ ਵੱਧ ਦੱਸਣਾ ਚਾਹੀਦਾ ਹੈ। ਸਾਨੂੰ ਦੱਸਣਾ ਚਾਹੀਦਾ ਹੈ ਕਿ ਉਹ ਆਪਣੇ ਹੱਕਾਂ ਤੋਂ ਹੇਠਾਂ ਨਹੀਂ ਬਲਕਿ ਉਨ੍ਹਾਂ ਦੇ ਮੁਤਾਬਿਕ ਜ਼ਿੰਦਗੀ ਬਸਰ ਕਰਨ। ਉਨ੍ਹਾਂ ਨੂੰ ਯਾਦ ਦੁਆਓ ਕਿ ਜ਼ਿੰਦਗੀ ਦੇ ਸਫ਼ਰ ਵਿਚ ਖ਼ੁਦਾ ਨੇ ਕਿਵੇਂ ਸਾਨੂੰ ਬਰਕਤ ਦਿੱਤੀ ਹੈ ਅਤੇ ਕਿਵੇਂ ਦੁੱਖ ਦੀਆਂ ਘੜੀਆਂ ਵੀ ਆਮ ਤੌਰ ਤੇ ਬਰਕਤਾਂ ਵਿਚ ਬਦਲ ਗਈਆਂ ਹਨ।

ਪਿਤਾਵਾਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਉਹ ਕਹਾਣੀਆਂ ਸੁਣਨ ਲਈ ਮਜ਼ਬੂਰ ਕਰਨ ਜਿਨ੍ਹਾਂ ਤੋਂ ਸਾਡੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੇ ਇੰਤਜ਼ਾਮ ਦਾ ਪਤਾ ਲਗਦਾ ਹੈ। ਜੇ ਅਸੀਂ ਅਜਿਹਾ ਕਰਦੇ ਹਾਂ ਤਾਂ ਉਨ੍ਹਾਂ ਨੂੰ ਭਵਿੱਖ ਵਿਚ ਬੜੀ ਦਿਲੇਰੀ ਅਤੇ ਵਿਸ਼ਵਾਸ ਮਿਲੇਗਾ।

**ਪਰੀਖਿਆਵਾਂ ਦੌਰਾਨ ਨਿਹਚਾ** (11:23-27)

ਆਪਣੇ ਪੈਦਾ ਹੋਣ ਦੇ ਸਮੇਂ ਤੋਂ ਹੀ ਖ਼ਤਰੇ ਵਿਚ ਹੋਣ ਦੇ ਬਾਵਜੂਦ ਮੂਸਾ ਆਪਣੇ ਮਾਪਿਆਂ ਦੀ ਨਿਹਚਾ ਕਾਰਣ ਬਚਿਆ ਰਿਹਾ (ਆਇਤ 23)। ਅਮਰਾਮ ਅਤੇ ਯੋਕੇਬਦ ਨੇ ਸਿਫ਼ਰਾ ਅਤੇ ਪੂਆ ਨੂੰ ਸੱਦ ਕੇ ਆਪਣੇ ਵਿਸ਼ਵਾਸ ਨੂੰ ਵਿਖਾਇਆ (ਕੂਚ 1:15–22)। ਉਹ ਆਪਣੇ ਬਰਚੇ ਨੂੰ ਜਨਮ ਦੁਆਉਣ ਲਈ ਕਿਸੇ ਹੋਰ ਤੇ ਭਰੋਸਾ ਨਹੀਂ ਕਰ ਸਕਦੇ ਸਨ।

ਮੂਸਾ ਆਪਣੇ ਕੰਨਾਂ ਵਿਚ ਆਪਣੀ ਮਾਂ/ਆਯਾ ਦੀਆਂ ਗੱਲਾਂ ਸੁਣ ਸੁਣ ਕੇ ਵੱਡਾ ਹੋਇਆ ਕਿ ''ਤੂੰ ਇਕ ਇਬਰਾਨੀ ਹੈਂ, ਜਿਹੜੇ ਖ਼ੁਦਾ ਦੇ ਚੁਣੇ ਹੋਏ ਲੋਕ ਹਨ, ਨਾ ਕਿ ਮਿਸਰੀ।'' ਯੋਕੇਬਦ ਦਾ ਵਿਸ਼ਵਾਸ ਉਸ ਦਾ ਆਪਣਾ ਵਿਸ਼ਵਾਸ ਬਣ ਗਿਆ। ਇਹ ਪਤਾ ਲੱਗਣ ਤੇ ਕਿ ਉਹਦੇ ਮਾਤਾ ਪਿਤਾ ਨੇ ਉਹਦੇ ਲਈ ਆਪਣੀ ਜ਼ਿੰਦਗੀ ਦਾਅ ਤੇ ਲਾ ਦਿੱਤੀ ਸੀ ਉਹਦਾ ਵਿਸ਼ਵਾਸ ਕਿਉਂ ਨਾ ਵੱਧਦਾ? ਆਪਣੇ ਬੱਚਿਆਂ ਨੂੰ ਯਾਦ ਦੁਆਉਂਦੇ ਰਹਿਣਾ ਜ਼ਰੂਰੀ ਹੈ ਕਿ ਵਰ੍ਹਿਆਂ ਤੋਂ ਅਸੀਂ ਉਨ੍ਹਾਂ ਨੂੰ ਖੁਆਇਆ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ, ਸ਼ਾਇਦ ਉਨ੍ਹਾਂ ਦੇ ਬਿਮਾਰ ਹੋਣ ਵੇਲੇ ਕਈ ਵਾਰ ਰਾਤ ਰਾਤ ਭਰ ਜਾਗ

ਕੇ ਵੀ। ਅਜਿਹੀਆਂ ਕਹਾਣੀਆਂ ਦੱਸ ਕੇ ਅਸੀਂ ਆਪਣੇ ਬੱਚਿਆਂ ਨੂੰ ਸਾਡੇ ਲਈ ਉਨ੍ਹਾਂ ਦੀ ਅਹਿਮੀਅਤ ਨੂੰ ਅਤੇ ਦੁਨੀਆਂ ਵਿਚ ਉਨ੍ਹਾਂ ਦੀ ਵੱਡੀ ਅਹਿਮੀਅਤ ਨੂੰ ਵਿਖਾ ਸਕਦੇ ਹਾਂ।

ਮੈਨੂੰ ਥੋੜ੍ਹਾ ਥੋੜ੍ਹਾ ਯਾਦ ਆਉਂਦਾ ਹੈ ਕਿ ਮੇਰੀ ਮਾਂ ਮੈਨੂੰ *ਹਰਲਬਟ'ਜ਼ ਸਟੋਰੀਜ਼ ਆਫ਼ ਦ ਬਾਈਬਲ* ਵਿੱਚੋਂ ਪੜ੍ਹ ਕੇ ਸੁਣਾਉਂਦੀ ਹੁੰਦੀ ਸੀ। ਜਿੱਥੋਂ ਤਕ ਮੈਨੂੰ ਪਤਾ ਹੈ ਅੱਜ ਮੇਰੇ ਵਿਸ਼ਵਾਸ ਦਾ ਕਾਰਣ ਕਿਸੇ ਵੀ ਹੋਰ ਗੱਲ ਨਾਲੋਂ ਵੱਧ ਕੇ ਉਹ ਕਹਾਣੀਆਂ ਵਿਚ ਹੈ। ਮਾਤਾਓ, ਤੁਹਾਡਾ ਵਿਸ਼ਵਾਸ, ਪ੍ਰੇਮ ਅਤੇ ਦੇਖਭਾਲ ਪੀੜ੍ਹੀਆਂ ਤਕ ਅੱਗੇ ਚੱਲ ਸਕਦੇ ਹਨ ਜੇ ਤੁਆਡੇ ਬੱਚੇ ਇਹ ਵਿਹਾਰ ਨੂੰ ਤੁਹਾਡੇ ਵਿਚ ਵੇਖਣ।

ਇਕ ਬਾਲਗ ਦੇ ਰੂਪ ਵਿਚ ਮੂਸਾ ਹਰ ਖ਼ਤਰਨਾਕ ਫ਼ੈਸਲੇ ਵਿਚ ਅਧਿਕਾਰੀਆਂ ਦੇ ਖ਼ਿਲਾਫ਼ ਰਿਹਾ ਕਿਉਂ ਜੋ ਉਸ ਨੇ ਸਰਵਉੱਚ ਅਧਿਕਾਰ ਨੂੰ ਮੰਨ ਲਿਆ ਸੀ। ਉਸ ਨੇ ਦਿਹਾਤੀ ਲੋਕਾਂ ਲਈ ਰਾਜਗੱਦੀ ਨੂੰ ਛੱਡ ਦੇਣਾ ਚੁਣਿਆ, ਮਹਿਲ ਦੇ ਐਸ਼ੋ–ਆਰਾਮ ਨਾਲੋਂ ਬਦਸਲੂਕੀ ਕੀਤੇ ਜਾਣ ਨੂੰ ਅਪਣਾਇਆ, ਖਾਨਾਬਦੋਸ਼ ਹੋ ਕੇ ਗਰੀਬੀ ਲਈ ਗਜ਼ਬ ਦੇ ਖਜ਼ਾਨਿਆਂ ਦਾ ਤਿਆਗ ਕਰ ਦਿੱਤਾ ਅਤੇ ਇੱਥੋਂ ਤਕ ਕਿ ਆਪਣੇ ਲੋਕਾਂ ਅਤੇ ਖ਼ੁਦਾ ਦੀ ਖ਼ਾਤਿਰ ''ਮਸੀਹ ਦੇ ਨਮਿੱਤ ਨਿੰਦਿਆਂ ਜਾਣਾ'' ਮੰਨ ਲਿਆ। ਭਲਾ ਅਸੀਂ ''ਅਲੱਖ ਨੂੰ ਜਾਣੀਦਾ ਲੱਖ ਕੇ'' ਝੱਲ ਲੈਂਦੇ ਹਾਂ। ਭਲਾ ਅਸੀਂ ਆਪਣੀ ਪਸੰਦ ਸਮੇਂ ਦੇ ਅਧਾਰ ਤੇ ਬਣਾਉਂਦੇ ਹਾਂ ਜਾਂ ਅਨਾਦੀਕਾਲ ਦੇ ਅਧਾਰ ਤੇ? ਭਲਾ ਅਸੀਂ ਸਿਆਸੀ ਤੌਰ ਤੇ ਜ਼ਰੂਰੀ ਗੱਲਾਂ ਨੂੰ ਚੁਣਦੇ ਹਾਂ ਜਾਂ ਉਸ ਰਾਹ ਨੂੰ ਜਿਹਦਾ ਸਾਨੂੰ ਪਤਾ ਹੈ ਕਿ ਉਹ ਖ਼ੁਦਾ ਦਾ ਰਾਹ ਹੈ? ਅਸੀਂ ਸਹੀ ਪਸੰਦ ਚੁਣ ਸਕਦੇ ਹਾਂ ਜੇ ਅਸੀਂ ''ਇਨਾਮ ਵੱਲ ਵੇਖੀਏ'' ਅਤੇ ਆਉਣ ਵਾਲੇ ਮਸੀਹਾ ਦੇ ਨਾਲ ਹੋਣ ਦੀ ਉਮੀਦ ਰੱਖੀਏ।

ਖ਼ੁਦਾ ਲਈ ਆਪਣੀ ਡੂੰਘੀ ਸ਼ਰਧਾ ਦੇ ਕਾਰਣ ਮੂਸਾ ਨੇ ਆਪਣੇ ਡਰ ਨੂੰ ਹਾਵੀ ਨਹੀਂ ਹੋਣ ਦਿੱਤਾ। ਨਿਹਚਾ ਸਿਰਫ਼ ਸਰੀਰਕ ਅਵਸਥਾ ਜਾਂ ਪਰੇਸ਼ਾਨੀ ਵੱਲ ਨਹੀਂ ਵੇਖ ਰਹੀ ਸੀ। ਇਹ ਇਸ ਗੱਲ ਦਾ ਦਿਖਾਵਾ ਨਹੀਂ ਕਰਦੀ ਕਿ ਸੰਸਾਰ ਵਿਚ ਕੋਈ ਬੁਰਿਆਈ ਨਹੀਂ ਹੈ ਭਾਵ ਕੋਈ ਫ਼ਿਰਊਨ ਨਹੀਂ ਹੈ, ਕੋਈ ਸ਼ੈਤਾਨ ਨਹੀਂ ਹੈ। ਬਲਕਿ ਇਹ ਹਕੀਕਤ ਨੂੰ ਮੰਨ ਲੈਂਦੀ ਹੈ ਅਤੇ ਉਨ੍ਹਾਂ ਭਲੀਆਂ ਗੱਲਾਂ ਦੀ ਖੋਜ ਵਿਚ ਰਹਿੰਦੀ ਹੈ ਜਿਹੜੀਆਂ ਕਲਪਨਾ ਤੋਂ ਬਾਹਰ ਹਨ। ਇਹ ਦੁਆ ਵਿਚ ਸੁਰਗ ਦੇ ਹਾਲਾਂ ਵਿਚ ਵੜਨ ਦੇ ਹੱਕ ਨੂੰ ਵੇਖ ਕੇ ਉਹਦੇ ਨੇੜੇ ਆਉਂਦੀ ਹੈ ਜਿਹੜਾ ਰਹਿਮਦਿਲ ਅਤੇ ਦਿਆਲੂ ਹੈ, ਜਿਹੜਾ ਸਾਡੀ ਹਰ ਲੋੜ ਨੂੰ ਸਮਝਦਾ ਹੈ ਅਤੇ ਹੁਣ ਵੀ ਮਦਦ ਕਰਨ ਦੀ ਪੇਸ਼ਕਸ਼ ਕਰਦਾ ਹੈ (ਇਬਰਾਨੀਆਂ 4: 15, 16)। ''ਅਲੱਖ ਨੂੰ ਜਾਣੀਦਾ ਲੱਖ'' ਨਾਲੋਂ ਵੱਧ ਜਲਾਲੀ ਕੁਝ ਨਹੀਂ ਹੋ ਸਕਦਾ।

## ਪਾਪ ਦੇ ਭੋਗਵਿਲਾਸ ਅਤੇ ਸੋਚ ਸਮਝ ਕੇ ਕੀਤੀ ਗਈ ਪਸੰਦ (11: 25, 26)

ਬੇਸ਼ੱਕ ਪਾਪ ਵਿਚ ਆਨੰਦ ਤਾਂ ਹੈ। ਜਿਹੜਾ ਬੰਦਾ ਇਹ ਕਹਿੰਦਾ ਹੈ ਕਿ ਇਸ ਵਿਚ ਆਨੰਦ ਨਹੀਂ ਹੈ ਉਹ ਜਾਂ ਤਾਂ ਝੂਠ ਬੋਲਦਾ ਹੈ ਜਾਂ ਉਸ ਨੂੰ ਸਮਝ ਨਹੀਂ ਹੈ। ਪਰ ਪਾਪ ਦਾ ਸੁੱਖ ਧੋਖਾ ਹੈ ਕਿਉਂ ਜੋ ਇਹ ਪਹਿਲਾਂ ਮਨਭਾਉਂਦਾ ਲਗਦਾ ਹੈ ਪਰ ਅਖ਼ੀਰ ਵਿਚ ਬੁਰੀ ਤਰ੍ਹਾਂ ਨਾਲ ਬਰਬਾਦ ਕਰਨ ਵਾਲਾ ਹੁੰਦਾ ਹੈ। ਦਾਊਦ ਬਾਦਸ਼ਾਹ ਦੀ ਕਹਾਣੀ ਇਕ ਵਧੀਆ ਉਦਾਹਰਣ ਹੈ ਕਿ ਪਾਪ ਕਿਵੇਂ ਦੋਸ਼ ਦੇ ਬੋਝ ਨੂੰ ਵਧਾ ਸਕਦਾ ਹੈ। ਬਾਦਸ਼ਾਹ ਦੀ ਨਵੀਂ ਪਤਨੀ ਬਤਸ਼ੇਬਾ ਅਖ਼ੀਰ ਵਿਚ ਇਹ ਯਕੀਨੀ ਬਣਾਉਣ ਲਈ ਕਿ ਉਹਦੇ ਪੁੱਤਰ ਨੂੰ ਗੱਦੀ ਮਿਲ ਜਾਵੇ, ਚਾਲ ਚੱਲਣ ਵਾਲੀ ਬਣ ਗਈ। ਇਹ ਪੱਕਾ ਪਤਾ ਨਹੀਂ ਹੈ ਕਿ ਉਹ ਅਤੇ ਦਾਊਦ ਕਦੇ ਇਕੱਠੇ ਖੁਸ਼ਹਾਲ ਰਹੇ ਜਾਂ ਨਹੀਂ, ਉਹ ਇਸ ਦੇ ਹੱਕਦਾਰ ਵੀ ਨਹੀਂ ਸਨ। ਬਾਦਸ਼ਾਹ ਦੇ ਪਾਪਾਂ ਦੀ ਚਰਚਾ ਪੂਰੇ ਇਸਰਾਏਲ ਵਿਚ ਹੁੰਦੀਆਂ ਹੋਣਗੀਆਂ।

ਬਤਸ਼ੇਬਾ ਨਾਲ ਆਪਣੇ ਪਾਪ ਦੇ ਬਾਅਦ ਦਾਊਦ ਦੀ ਹਕੂਮਤ ਵਿਚ ਸਚਮੁਚ ਵਿਚ ਗੜਬੜ ਵੱਧ ਗਈ। ਦਾਊਦ ਅਤੇ ਬਤਸ਼ੇਬਾ ਦੇ ਵਿਭਚਾਰ ਨਾਲ ਭੈਦਾ ਹੋਇਆ ਬੱਚਾ ਜਨਮ ਦੇ ਥੋੜ੍ਹੀ ਦੇਰ ਬਾਅਦ ਮਰ ਗਿਆ। ਦਾਊਦ ਦੇ ਇਕ ਪੁੱਤਰ ਅਮਨੋਨ ਨੇ ਆਪਣੀ ਭੈਣ ਤਾਮਾਰ ਦੀ ਇੱਜ਼ਤ ਤੇ

ਹੱਥ ਪਾਇਆ; ਫਿਰ ਉਸ ਕੁੜੀ ਦੇ ਸਕੇ ਭਰਾ ਅਬਸ਼ਾਲੋਮ ਨੇ ਅਮਨੋਨ ਨੂੰ ਕਤਲ ਕਰਕੇ ਬਦਲਾ ਲੈ ਲਿਆ। ਬਾਅਦ ਵਿਚ ਅਬਸ਼ਾਲੋਮ ਨੇ ਆਪਣੇ ਪਿਤਾ ਦੇ ਖ਼ਿਲਾਫ਼ ਬਗ਼ਾਵਤ ਕੀਤੀ ਅਤੇ ਦਾਊਦ ਦੇ ਹੁਕਮ ਦੇ ਉਲਟ ਮਾਰਿਆ ਗਿਆ। ਮਰਦਮਸ਼ੁਮਾਰੀ ਲਈ ਬਾਦਸ਼ਾਹ ਦੇ ਹੁਕਮ ਕਰਕੇ ਜਿਸ ਤੋਂ ਉਸ ਦੇ ਜ਼ਰਨੈਲ ਨੇ ਉਸ ਨੂੰ ਰੋਕਿਆ ਸੀ ਇਕ ਖ਼ਤਰਨਾਕ ਆਫ਼ਤ ਆਈ। ਜ਼ਿੰਦਗੀ ਵਿਚ ਅਜਿਹੀਆਂ ਕਹਾਣੀਆਂ ਦੀ ਭਰਮਾਰ ਹੈ। ਲਗਦਾ ਹੈ ਕਿ ਪਾਪ ਤੋਂ ਬਹੁਤ ਸੁੱਖ ਅਤੇ ਆਨੰਦ ਮਿਲੇਗਾ ਪਰ ਇਹ ਜਿਸ ਦਾ ਵਾਅਦਾ ਕਰਦਾ ਹੈ ਉਸ ਦੇ ਉਲਟ ਕਰਦਾ ਹੈ। ਪਾਪ ਨਾਲ ਕਦੇ ਸੰਤੁਸ਼ਟੀ ਜਾਂ ਸ਼ਾਂਤੀ ਨਹੀਂ ਮਿਲਦੀ। ਸਿਰਫ਼ ਖ਼ੁਦਾ ਤੋਂ ਮਿਲੀ ਮਾਫ਼ੀ ਹੀ ਇਹ ਕੰਮ ਕਰ ਸਕਦੀ ਹੈ।

ਇਕ ਇਸਰਾਏਲੀ ਦੇ ਰੂਪ ਵਿਚ ਰਹਿਣ ਦੀ ਮੂਸਾ ਦੀ ਪਸੰਦ ਕਿਸੇ ਵੀ ਤਰਕਸੰਗਤ ਅਤੇ ਭੌਤਿਕ ਮਾਪਦੰਡ ਤੋਂ ਮੂਰਖਤਾ ਭਰਿਆ ਫੈਸਲਾ ਲਗਦਾ ਹੈ। ਉਸ ਦੇ ਵਿਸ਼ਵਾਸ ਦੀ ਮਹਾਨਤਾ ਇਸ ਗੱਲ ਵਿਚ ਵੇਖੀ ਜਾਂਦੀ ਹੈ ਕਿ ਉਸ ਨੇ ਰੂਹਾਨੀ ਮਾਮਲਿਆਂ ਨੂੰ ਸੋਨੇ ਚਾਂਦੀ ਨਾਲੋਂ ਕਿਤੇ ਵੱਧ ਕੀਮਤੀ ਮੰਨਿਆ। ਡੇਰਿਆਂ ਵਿਚ ਰਹਿੰਦਿਆਂ ਅਬਰਾਹਾਮ ਨਾਲੋਂ ਉਸ ਨੂੰ ਕਿਤੇ ਵੱਧ ਝੱਲਣਾ ਪਿਆ, ਇੱਥੋਂ ਤਕ ਕਿ ਉਸ ਦੀਆਂ ਅਜ਼ਮਾਇਸ਼ਾਂ ਨੂੰ ''ਮਸੀਹ ਦੇ ਨਮਿੱਤ ਨਿੰਦਿਆ ਜਾਣਾ'' ਨਾਲ ਮਿਲਾਇਆ ਗਿਆ (ਆਇਤ 26)। ਜਦ ਤੁਸੀਂ ਬੜੀ ਪਰੇਸ਼ਾਨੀ ਅਤੇ ਦੁੱਖ ਵਿਚ ਹੋਵੇ ਤੇ ਧਿਆਨ ਦਿਓ ਕਿ ਪ੍ਰਭੂ ਨੇ ਕਿਵੇਂ ਝੱਲਿਆ ਸੀ। ਅਜਿਹੀ ਸੋਚ ਨਾਲ ਤੁਹਾਨੂੰ ਉਹ ਦੀ ਪੈੜ ਤੇ ਚੱਲਣ ਵਿਚ ਮਦਦ ਮਿਲੇਗੀ। ਆਪਣੀ ਪਸੰਦ ਚੁਣਨ ਅਤੇ ਮਿਸਰ ਤੋਂ ਜਾਣ ਵਿਚ ਘੱਟੋ ਘੱਟ ਥੋੜ੍ਹੀ ਦੇਰ ਲਈ ਮਿਸਰ ਦੇ ਰਾਜਿਆਂ ਨੇ ਮੂਸਾ ਦਾ ਕਿੰਨਾਂ ਮਜ਼ਾਕ ਉਡਾਇਆ ਹੋਵੇਗਾ! ਬੇਖ਼ੌਫ਼ ਨਿਹਚਾ ਰੱਖੋ! ਤੁਸੀਂ ਵੀ ''ਫਲ'' ਦੀ ਉਮੀਦ ਕਰ ਸਕਦੇ ਹੋ (ਆਇਤ 26)।

**ਲੁਕਿਆ ਹੋਇਆ** (11:27)

ਇਬਰਾਨੀਆਂ ਦੇ ਲੇਖਕ ਲਈ ਵਰਤਣ ਵਾਸਤੇ ਫ਼ਤਹਿਮੰਦ ਵਿਸਵਾਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਸਨ, ਜਿਸ ਕਰਕੇ ਉਸ ਨੇ ਉਹ ਸਭ ਕਹਾਣੀਆਂ ਨਹੀਂ ਦੱਸੀਆਂ। ਇਹਦੀ ਥਾਂ ਉਸ ਨੇ ਕੁਝ ਕਹਾਣੀਆਂ ਨੂੰ ਦੱਸਣਾ ਚੁਣਿਆ। ਇਕ ਵੇਰਵਾ ਜਿਹੜਾ ਇਬਰਾਨੀਆਂ ਦੀ ਕਿਤਾਬ ਵਿਚ ਨਹੀਂ ਮਿਲਦਾ ਉਹ ਬਲਦੀ ਝਾੜੀ ਵਿਚ ਮੂਸਾ ਦੀ ਖ਼ੁਦਾ ਨਾਲ ਮੁਲਾਕਾਤ ਦਾ ਹੈ (ਕੂਚ 3)। ਬਲਦੀ ਝਾੜੀ ਨੂੰ ਜਿਸ ਵਿਚ ਅੱਗ ਤਾਂ ਸੀ ਪਰ ਉਹ ਲਾਟਾਂ ਨਾਲ ਭਸਮ ਨਹੀਂ ਹੋ ਰਹੀ ਸੀ, ਵੇਖਣ ਦਾ ਮੂਸਾ ਨੂੰ ਅਲੋਕਾਰ ਮੌਕਾ ਮਿਲਿਆ। ਮੂਸਾ ਨੇ ਅਲੱਖ ਨੂੰ ਡਿੱਠਾ ਅਤੇ ਉਸ ਨੂੰ ਪਤਾ ਸੀ ਕਿ ਉਹ ਬੇਚੈਨੀ ਨਾਲ ਸਰਵਸ਼ਕਤੀਮਾਨ ਦੇ ਨੇੜੇ ਆਇਆ ਹੈ। ਬੇਸ਼ੱਕ ਉਹ ਡਰ ਗਿਆ ਸੀ, ਜਿਵੇਂ ਇਕ ਵਾਰ ਫੇਰ ਸੀਨਈ ਤੇ ਹੋਣ ਵਾਲੇ ਹੰਗਾਮੇ ਤੋਂ ਡਰਿਆ ਸੀ।

ਇਹ ਪਤਾ ਲੱਗਣ ਤੇ ਕਿ ਉਹ ਇਸਰਾਏਲੀਆਂ ਨੂੰ ਗੁਲਾਮੀ ਵਿੱਚੋਂ ਬਚਾਉਣ ਲਈ ਚੁਣਿਆ ਹੋਇਆ ਹੈ, ਮੂਸਾ ਨੇ ਮਿਸਰ ਨੂੰ ਵਾਪਸ ਜਾਣ ਦੀ ਖ਼ੁਦਾ ਦੀ ਬੁਲਾਹਟ ਨੂੰ ਮੰਨ ਲਿਆ। ਉਹ ਕਿਨਾਂ ਧੀਰਜ ਵਾਲਾ ਹੋਵੇਗਾ ਜਿੰਨੇ ਵੱਡੀ ਇੱਜ਼ਤ ਪਾਉਣ ਲਈ ਚਾਲੀ ਸਾਲ ਮਿਸਰ ਵਿਚ ਕੱਟ ਦਿੱਤੇ ਅਤੇ ਫਿਰ ਚਾਲੀ ਸਾਲ ਗੁਮਨਾਮੀ ਵਿਚ ਉਜਾੜ ਵਿਚ! ਖ਼ੁਦਾ ਆਪਣੇ ਲੋਕਾਂ ਵਿਚ ਧੀਰਜ ਭਰੇ ਵਿਸ਼ਵਾਸ ਦੀ ਉਮੀਦ ਹੀ ਕਰਦਾ ਹੈ। ਵਿਸ਼ਵਾਸ ਨਾਲ ਮੂਸਾ ਮਿਸਰ ਤੋਂ ਭੱਜ ਗਿਆ ਸੀ ਅਤੇ ਵਿਸ਼ਵਾਸ ਵਿਚ ਹੀ ਉਸ ਨੇ ਵਾਪਸ ਆਉਣ ਦਾ ਹੁਕਮ ਮੰਨਿਆ ਸੀ। ਖ਼ੁਦਾ ਨੇ ਮੂਸਾ ਨੂੰ ਉਦੋਂ ਚੁਣਿਆ ਜਦ ਉਸ ਨੂੰ ਇਸ ਦੀ ਉਮੀਦ ਵੀ ਨਹੀਂ ਹੋਵੇਗੀ ਕਿਉਂਕਿ ਉਸ ਨੇ ਆਪਣੇ ਆਪ ਨੂੰ ਇਸ ਕੰਮ ਦੇ ਅਯੋਗ ਮੰਨਿਆ ਸੀ, ਜਦ ਕਿ ਚਾਲੀ ਸਾਲ ਪਹਿਲਾਂ ਉਹ ਨੂੰ ਲੱਗਾ ਹੋਵੇਗਾ ਕਿ ਉਹ ਪੂਰੀ ਤਰ੍ਹਾਂ ਨਾਲ ਇਸ ਦੇ ਯੋਗ ਹੈ। ਖ਼ੁਦਾ ਲੋਕਾਂ ਦੇ ਰਾਹੀਂ ਵੱਡੇ ਵੱਡੇ ਕੰਮ ਕਰਵਾਉਣ ਲਈ ਸਚਮੁਚ ਵਿਚ ਉਨ੍ਹਾਂ ਦੀ ਜ਼ਿੰਦਗੀ ਵਿਚ

ਅਜਿਹੇ ਪਲ ਚੁਣਦਾ ਹੈ ਜਦ ਉਹ ਕਿਸੇ ਕੰਮ ਦੇ ਨਹੀਂ ਹੁੰਦੇ।

**ਲੇਲੇ ਦਾ ਲਹੂ ਅਤੇ ਬੱਚਿਆਂ ਦਾ ਬਚਾਇਆ ਜਾਣਾ** (11:28)

ਬੱਚਿਆਂ ਨੂੰ ਬਚਾਉਣ ਨਾਲ ਭਲਾ ਲੇਲੇ ਦੇ ਲਹੂ ਦਾ ਕੀ ਸਬੰਧ ਹੋ ਸਕਦਾ ਹੈ? ਇਸ ਵਿਚ ਕੋਈ ਤਰਕਸੰਗਤ, ਸਿੱਧਾ ਸਬੰਧ ਨਹੀਂ ਹੈ। ਪਰ ਮਨ ਲਵੋ ਕਿ ਯੇਹੂਨੇ ਨਾਮਕ ਇਕ ਇਬਰਾਨੀ ਵਿਅਕਤੀ ਨੂੰ ਇਹ ਪਤਾ ਲੱਗਣ ਦੇ ਬਾਅਦ ਕਿ ਲੇਲਾ ਕਟ ਕੇ ਉਹ ਦਾ ਲਹੂ ਆਪਣੇ ਘਰ ਦੀ ਚੌਖਟ ਦੇ ਲਾਉਣਾ ਹੈ, ਆਪਣੇ ਘਰ ਆਉਂਦਾ ਹੈ। ਉਹ ਆਪਣੀ ਪਤਨੀ ਮਾਰਾ ਨੂੰ ਆਖਦਾ ਹੈ, ''ਸਾਨੂੰ ਸਾਹਮਣੇ ਵਾਲੇ ਦਰਵਾਜੇ ਤੇ ਲਹੂ ਛਿੜਕਣਾ ਪਵੇਗਾ।'' ਉਹ ਜਵਾਬ ਦਿੰਦੀ ਹੈ, ''ਮੈਂ ਆਪਣੇ ਘਰ ਵਿਚ ਅਜਿਹਾ ਗੰਦ ਨਹੀਂ ਪਾਵਾਂਗੀ। ਅਸੀਂ ਆਪਣੇ ਬੱਚੇ ਨੂੰ ਬਚਾਉਣ ਦਾ ਇਸ ਨਾਲੋਂ ਵੀ ਗੰਦਾ ਤਰੀਕਾ ਲੱਭ ਲਵਾਂਗੇ। ਇਸ ਨਾਲ ਸਾਡਾ ਸਾਰਾ ਘਰ ਖਰਾਬ ਹੋ ਜਾਵੇਗਾ। ਸਾਨੂੰ ਅਤੇ ਸਾਡੇ ਅਜ਼ੀਜ਼ਾਂ ਨੂੰ ਬਚਾਉਣ ਲਈ ਅਸੀਂ ਖ਼ੁਦਾ ਦੇ ਪ੍ਰੇਮ ਤੇ ਭਰੋਸਾ ਕਰ ਸਕਦੇ ਹਾਂ। ਆਖ਼ਰ ਉਸ ਨੇ ਇਸ ਨਾਲੋਂ ਵੱਡੀਆਂ ਗਲਤੀਆਂ ਕਰਨ ਵਾਲੇ ਹੋਰਨਾਂ ਲੋਕਾਂ ਨੂੰ ਬਚਾਇਆ ਹੈ, ਇੰਜ ਕਰਦੇ ਹਾਂ ਕਿ ਅਸੀਂ ਇਹੋ ਜਿਹੀ ਗੰਦਗੀ ਪਾਏ ਬਗੈਰ ਉਹ ਦੀ ਦਯਾ ਤੇ ਭਰੋਸਾ ਕਰਕੇ ਉਸ ਨਾਲ ਪ੍ਰੇਮ ਕਰਦੇ ਰਹਿੰਦੇ ਹਾਂ।'' ਨਤੀਜਾ ਇਹ ਹੁੰਦਾ ਹੈ ਕਿ ਉਹ ਹੁਕਮ ਨਹੀਂ ਮੰਨਦੇ।

ਅਜਿਹੀ ਹਾਲਤ ਵਿਚ ਕੀ ਹੋਵੇਗਾ? ਅਸੀਂ ਪੱਕਾ ਆਖ ਸਕਦੇ ਹਾਂ ਕਿ ਗੋਸ਼ੇਨ ਵਿਚ ਹਰ ਵਿਸ਼ਵਾਸੀ ਇਬਰਾਨੀ ਪਰਿਵਾਰ ਨੇ ਉਸ ਰਾਤ ਆਪਣੇ ਘਰ ਦੇ ਮੂਹਰੇ ਦਰਵਾਜ਼ੇ ਤੇ ਸਾਫ਼ ਨਜ਼ਰ ਆਉਣ ਵਾਲਾ ਲਹੂ ਲਾਇਆ ਸੀ।

**ਜਦ ਇਸਰਾਏਲੀਆਂ ਨੂੰ ਬਚਾਇਆ ਗਿਆ** (11:29)

ਕੂਚ 14:30 ਦੱਸਦਾ ਹੈ, ''ਸੋ ਉਸ ਦਿਨ ਯਹੋਵਾਹ ਨੇ ਇਸਰਾਏਲ ਨੂੰ ਮਿਸਰੀਆਂ ਦੇ ਹੱਥੋਂ ਇਉਂ ਬਚਾਇਆ।'' ਕਈਆਂ ਨੂੰ 1 ਕੁਰਿੰਥੀਆਂ 10:1, 2 ਵਿਚ ਪੌਲੁਸ ਦੇ ਤਰਕ ਤੋਂ ਬਚਣਾ ਚੰਗਾ ਲੱਗੇਗਾ। ਉਸ ਨੇ ਕਿਹਾ ਕਿ ਬੱਦਲ ਅਤੇ ਸਮੁੰਦਰ ਵਿਚ ਡੁਬਕੀ ਲੈਣ ਨਾਲ ਇਸਰਾਏਲੀਆਂ ਨੇ ''ਮੂਸਾ ਦਾ ਬਪਤਿਸਮਾ ਲਿਆ'' ਅਤੇ ਇਸ ਤਰ੍ਹਾਂ ਨਾਲ ਉਹ ਉਸ ਵਕਤ ਬਚਾਏ ਗਏ ਸਨ। ਇਸ ਸੋਚ ਨੂੰ ਤਰਜੀਹ ਦੇਣ ਵਾਲੇ ਕਿ ਬਚਾਇਆ ਜਾਣਾ ਪਾਣੀ ਦੇ ਬਪਤਿਸਮੇ ਤੋਂ ਪਹਿਲਾਂ ਹੁੰਦਾ ਹੈ, ਇਹ ਦਾਅਵਾ ਕਰਦੇ ਹਨ ਕਿ ਇਸਰਾਏਲੀ ਲੋਕ ਮਿਸਰ ਵਿਚ ਪਸਾਹ ਦੇ ਛਿੜਕੇ ਹੋਏ ਲਹੂ ਨਾਲ ਬਚਾਏ ਗਏ ਸਨ। ਉਹ ਤਰਕ ਦਿੰਦੇ ਹਨ ਕਿ ''ਸਾਡਾ ਬਚਾਇਆ ਜਾਣਾ ਲਹੂ ਰਾਹੀਂ ਹੁੰਦਾ ਹੈ, ਅਤੇ ਇਸਰਾਏਲੀ ਲੋਕ ਪਾਣੀ ਦੇ ਸਮੁੰਦਰ ਵਿਚ ਬੱਦਲ ਦੇ ਹੇਠ ਆਪਣੀ ਡੁਬਕੀ ਤੋਂ ਪਹਿਲਾਂ ਪਸਾਹ ਦੇ ਵਕਤ ਲਹੂ ਤਕ ਪਹੁੰਚੇ ਸਨ ਜਦ ਕਿ ਉਹ ਅਜੇ ਮਿਸਰੀ ਹੀ ਸਨ।'' ਇਸ ਦੇ ਉਲਟ ਪੌਲੁਸ ਨੇ ''ਮਸੀਹ ਵਿਚ'' ਸਾਡੇ ਬਪਤਿਸਮੇ ਨੂੰ ਇਸਰਾਏਲ ਦੇ ਲਾਲ ਸਮੁੰਦਰ ਵੇਲੇ ਹੋਏ ''ਬਪਤਿਸਮੇ'' ਨਾਲ ਮਿਲਾਇਆ।

ਇਸਰਾਏਲੀਆਂ ਦਾ ਬਚਾਇਆ ਜਾਣਾ ਪਾਣੀ ਵਿੱਚੋਂ ਦੀ ਨਿੱਕਲਣ ਦੇ ਰਾਹੀਂ ਹੋਇਆ ਸੀ ਅਤੇ ਸਾਡਾ ਵੀ ਬਚਾਇਆ ਜਾਣਾ ਉਵੇਂ ਹੀ ਹੁੰਦਾ ਹੈ (ਮਰਕੁਸ 16:16; 1 ਪਤਰਸ 3:21)। ਪਸਾਹ ਦੇ ਲਹੂ ਦੇ ਰਾਹੀਂ ਬਚਾਇਆ ਜਾਣਾ ਪਹਿਲੌਠੇ ਦੀ ਮੌਤ ਤੋਂ ਬਚਾਇਆ ਜਾਣਾ ਸੀ ਨਾ ਕਿ ਮਿਸਰ ਦੀ ਗੁਲਾਮੀ ਤੋਂ ਲੋਕਾਂ ਦਾ ਬਚਾਇਆ ਜਾਣਾ। ਉਹ ਗੁਲਾਮੀ ਅੱਜ ਪਾਪ ਵਿਚ ਸਾਡੀ ਗੁਲਾਮੀ ਨੂੰ ਹੋਰ ਚੰਗੀ ਤਰ੍ਹਾਂ ਨਾਲ ਦੱਸਦੀ ਹੈ; ਇਸ ਕਰਕੇ ਲਾਲ ਸਮੁੰਦਰ ਵਿਚ ਬਪਤਿਸਮਾ ਮਸੀਹ ਵਿਚ ਸਾਡੇ ਬਪਤਿਸਮੇ ਵਰਗਾ ਹੈ, ਜਿਸ ਦੇ ਰਾਹੀਂ ਅਸੀਂ ਬਚਾਏ ਜਾਂਦੇ ਹਾਂ। 1 ਕੁਰਿੰਥੀਆਂ 10:1, 2 ਵਿਚ ਪੌਲੁਸ ਵੱਲੋਂ ਇਹੀ ਗੱਲ ਕਹੀ ਗਈ ਹੈ (ਗਲਾਤੀਆਂ 3:26, 27 ਵੀ ਵੇਖੋ)। ਮੂਸਾ ਨੇ ਲਿਖਿਆ ਕਿ ਇਸਰਾਏਲ

ਦਾ ''ਬਚਾਇਆ'' ਜਾਣਾ ''ਉਸ ਦਿਨ'' ਹੋਇਆ ਜਿਸ ਦਿਨ ਮਿਸਰੀ ਡੁੱਬੇ ਸਨ (ਕੂਚ 14:30)।

**ਖ਼ੁਦਾਈ ਇਖ਼ਤਿਆਰ** (11:29)

ਜਿੱਥੇ ਸਰਵਸ਼ਕਤੀਮਾਨ ਵਲੋਂ ਹੁਕਮ ਨਾ ਦਿੱਤਾ ਗਿਆ ਹੋਵੇ ਜਾਂ ਸਿੱਖਿਆ ਵਿਚ ਸੰਕੇਤ ਨਾ ਹੋਵੇ, ਉੱਥੇ ਨਿਹਚਾ ਨਾਲ ਕੰਮ ਨਹੀਂ ਹੋ ਸਕਦਾ। ਲਾਲ ਸਮੁੰਦਰ ਤੇ ਜਦ ਖ਼ੁਦਾ ਨੇ ਆਖਿਆ ਕਿ ''ਅੱਗੇ ਵਧੋ'' ਤਾ ਇਸਰਾਏਲੀ ਨਿਹਚਾ ਨਾਲ ਉਸ ਵਿੱਚੋਂ ਦੀ ਨਿੱਕਲ ਸਕਦੇ ਸਨ (ਕੂਚ 14:15, 16)। ਜੇ ਖ਼ੁਦਾ ਨੇ ਸਾਡੇ ਕਰਨ ਲਈ ਕੋਈ ਗਤੀਵਿਧੀ ਸਾਫ਼ ਦੱਸ ਦਿੱਤੀ ਹੈ, ਜਿਵੇਂ ''ਜਾਓ, ਇੰਜੀਲ ਦਾ ਪ੍ਰਚਾਰ ਕਰੋ,'' ਪਰ ਇਹ ਨਾ ਦੱਸਿਆ ਹੋਵੇ ਕਿ ਕਿਵੇਂ ਜਾਈਏ ਤਾਂ ਜਾਣ ਦਾ ਤਰੀਕਾ ਚੁਣਨਾ ਸਾਡੇ ਉੱਤੇ ਹੈ। ਕਈ ਇਸਰਾਏਲੀ ਚੱਲ ਕੇ ਗਏ, ਜਦ ਕਿ ਹੋਰ ਜਾਨਵਰਾਂ ਦੀ ਪਿੱਠ ਤੇ ਬੈਠ ਕੇ ਜਾਂ ''ਛੋਟੇ ਬੱਚੇ ਆਪਣੀਆਂ ਮਾਂਵਾਂ ਦੀ ਗੋਦ ਵਿਚ ਗਏ ਹੋਣਗੇ। ਜਿੱਥੇ ਖ਼ੁਦਾ ਨੇ ਕਿਸੇ ਕੰਮ ਨੂੰ ਕਰਨ ਦਾ ਢੰਗ ਦੱਸ ਦਿੱਤਾ ਹੋਵੇ ਉੱਥੇ ਕਿਸੇ ਹੋਰ ਢੰਗ ਨੂੰ ਨਹੀਂ ਚੁਣਨਾ ਚਾਹੀਦਾ। ਇਹ ਖ਼ੁਦਾਈ ਇਖ਼ਤਿਆਰ ਦਾ ਉਲੰਘਣ ਹੋਵੇਗਾ।

ਸੂਚਕ ਗੱਲਾਂ, ਉਪਮਾ, ਉਦਾਹਰਣਾਂ ਅਤੇ ਅੰਦਾਜ਼ੇ ਵਿਚ ਕੁਝ ਕੰਮਾਂ ਵਿਚ ਨਵਾਂ ਨੇਮ ਖ਼ੁਦਾ ਦਾ ਇਖ਼ਤਿਆਰ ਸਾਨੂੰ ਦਿੰਦਾ ਹੈ। ਬਾਈਬਲ ਦਾ ਕੋਈ ਵੀ ਹੁਕਮ ਅੱਜ ਦੇ ਕਿਸੇ ਵੀ ਜ਼ਿੰਦਾ ਵਿਅਕਤੀ ਨੂੰ ਸਿੱਧੇ ਤੌਰ ਤੇ ਨਹੀਂ ਦਿੱਤਾ ਗਿਆ। ਸਾਨੂੰ ਇਹ ਤੈਅ ਕਰਨ ਲਈ ਕਿ ਕੋਈ ਹੁਕਮ ਅੱਜ ਸਾਡੇ ਉੱਤੇ ਲਾਗੂ ਹੁੰਦਾ ਹੈ ਜਾਂ ਨਹੀਂ, ਤਰਕਸੰਗਤ ਨਿਚੋੜਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ। ਉਦਾਹਰਣ ਲਈ ਨਵਾਂ ਨੇਮ ਕਿਤੇ ਵੀ ਇਹ ਨਹੀਂ ਕਹਿੰਦਾ ਕਿ ''ਹੇ ਮਾਰਟਲ ਪੇਸ, ਪਾਪਾਂ ਦੀ ਮਾਫ਼ੀ ਲਈ ਤੈਨੂੰ ਤੌਬਾ ਕਰਕੇ ਬਪਤਿਸਮਾ ਲੈਣਾ ਪਵੇਗਾ।'' ਪਰ ਰਸੂਲਾਂ ਦੇ ਕੰਮ 2:38 ਤੋਂ ਮੈਂ ਇਹ ਨਿਚੋੜ ਕੱਢ ਸਕਦਾ ਹਾਂ। ਪੈਂਟੀਕਾਸਟ ਵਾਲੇ ਦਿਨ ਮੌਜੂਦ ਹਰ ਸ਼ਖ਼ਸ ਨੂੰ ਆਪਣੇ ਪਾਪਾਂ ਤੋਂ ਤੌਬਾ ਕਰਨੀ ਜ਼ਰੂਰੀ ਸੀ। ਮੈਂ ਪਾਪ ਕੀਤਾ ਅਤੇ ਮੈਂ ਆਪਣੇ ਪਾਪ ਭਰੇ ਕੰਮਾਂ ਦੀ ਮਾਫ਼ੀ ਚਾਹੁੰਦਾ ਹਾਂ। ਇਹ ਅੰਦਾਜ਼ਾ ਲਾਉਣਾ ਤਰਕਸੰਗਤ ਹੈ ਕਿ ਮੈਨੂੰ ਉਹੀ ਗੱਲਾਂ ਕਰਨੀਆਂ ਪੈਣਗੀਆਂ ਜਿਹੜੀਆਂ ਮਾਫ਼ੀ ਪਾਉਣ ਲਈ ਇਨ੍ਹਾਂ ਲੋਕਾਂ ਨੂੰ ਕਰਨ ਦਾ ਹੁਕਮ ਦਿੱਤਾ ਗਿਆ ਸੀ, ਭਾਵੇਂ ਮੇਰੇ ਪਾਪ ਬਿਲਕੁਲ ਉਹੀ ਨਾ ਹੋਣ ਜਿਹੜੇ ਉਨ੍ਹਾਂ ਦੇ ਸਨ।

ਆਮ ਇਖ਼ਤਿਆਰ ਦੇ ਖ਼ੁਦਾ ਦੇ ਹੁਕਮ ਦੇ ਅੰਦਰ ਮਸੀਹੀ ਲੋਕਾਂ ਨੂੰ ਸਹੂਲਤ ਮਿਲੀ ਹੈ। ਉਦਾਹਰਣ ਲਈ ਮਸੀਹੀ ਲੋਕਾਂ ਲਈ ਇਕੱਠੇ ਹੋਣ ਦਾ ਰਸੂਲਾਂ ਦਾ ਹੁਕਮ (ਇਬਰਾਨੀਆਂ 10:25), ਪਰ ਅਜਿਹਾ ਕਿਸੇ ਇਕੱਠਾ ਹੋਣ ਬਾਰੇ ਸਾਫ਼ ਨਹੀਂ ਦੱਸਿਆ ਗਿਆ ਇਸ ਕਰਕੇ ਇਹ ਸਾਡੇ ਉੱਤੇ ਛੱਡ ਦਿੱਤਾ ਜਾਂਦਾ ਹੈ। ਕੀਤੀ ਜਾਣ ਵਾਲੀ ਪਸੰਦ ਦੀ ਸਹੂਲਤ ਹੈ।

ਮਿਸਰੀਆਂ ਨੇ ਤਰਕ ਦਿੱਤਾ ਹੋ ਸਕਦਾ ਹੈ, ''ਅਸੀਂ ਇਸਰਾਏਲੀਆਂ ਨੂੰ ਸਮੁੰਦਰ ਪਾਰ ਕਰਦਿਆਂ ਵੇਖਿਆ ਹੈ। ਜੇ ਇਸਰਾਏਲੀਆਂ ਨੂੰ ਅਜਿਹਾ ਕਰਨ ਦਾ ਇਖ਼ਤਿਆਰ ਖ਼ੁਦਾ ਵੱਲੋਂ ਦਿੱਤਾ ਗਿਆ ਸੀ ਤਾਂ ਯਕੀਨਨ ਹੀ ਅਸੀਂ ਵੀ ਉਵੇਂ ਹੀ ਕਰ ਸਕਦੇ ਹਾਂ।'' ਪਰ ਇਹ ਹੁਕਮ ਮਿਸਰੀਆਂ ਲਈ ਨਹੀਂ ਸੀ ਬਲਕਿ ਬੱਦਲ ਦੇ ਹੇਠ ਰਹਿੰਦਿਆਂ ਸਮੁੰਦਰ ਵਿੱਚੋਂ ਦੀ ਜਾਣ ਦਾ ਹੁਕਮ ਸਿਰਫ਼ ਇਸਰਾਏਲੀਆਂ ਨੂੰ ਸੀ। ਅਸੀਂ ਵੀ ਅਜਿਹਾ ਹੀ ਮੰਨ ਸਕਦੇ ਹਾਂ, ''ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਕਰਨ ਲਈ ਦਾਊਦ ਨੂੰ ਇਖ਼ਤਿਆਰ ਦਿੱਤਾ ਗਿਆ ਸੀ, ਸੋ ਸਾਨੂੰ ਵੀ ਉਹੀ ਕਰਨ ਦਾ ਇਖ਼ਤਿਆਰ ਹੈ'' (2 ਇਤਿਹਾਸ 29:25)। ਪਰ ਦਾਊਦ ਨੂੰ ਖ਼ੁਦਾ ਦੇ ਪੁਰਾਣੇ ਪ੍ਰਬੰਧ ਦੇ ਤਹਿਤ ਇਖ਼ਤਿਆਰ ਦਿੱਤਾ ਗਿਆ ਸੀ, ਉਹ ਨਿਯਮ ਅੱਜ ਸਾਡੇ ਉੱਤੇ ਲਾਗੂ ਨਹੀਂ ਹੁੰਦੇ ਹਨ (ਰੋਮੀਆਂ 7:1–6; 2 ਕੁਰਿੰਥੀਆਂ 3:1–11; ਕੁਲੁੱਸੀਆਂ 2:14)।

**ਜਦ ਨਿਹਚਾ ਕੰਮ ਕਰਦੀ ਹੈ, ਤਾਂ ਕਿਰਪਾ ਅਸਰਦਾਇਕ ਹੋ ਜਾਂਦੀ ਹੈ** (11:30, 31)

ਯਹੋਸ਼ੁਆ ਨੂੰ ਦਲੇਰੀ ਦਿੱਤੀ ਗਈ ਸੀ ਕਿ ''ਤਕੜਾ ਹੋ ਅਤੇ ਹੌਸਲਾ ਰੱਖ'' (ਯਹੋਸ਼ੁਆ 1:9), ਪਰ ਬਹੁਤ ਵਿਰੋਧ ਦੇ ਸਾਹਮਣੇ ਉਸ ਨੂੰ ਆਪਣੇ ਦਿਲੇਰੀ ਭਰੇ ਜੋਸ਼ ਨੂੰ ਕਾਇਮ ਰੱਖਣਾ ਜ਼ਰੂਰੀ ਸੀ। ਯਰਦਨ ਦਰਿਆ ਪਾਰ ਕਰਨ ਵਿਚ ਅਤੇ ਯਰੀਹੋ ਤੇ ਫ਼ਤਹਿ ਪਾਉਣ ਵਿਚ ਉਸ ਨੇ ਨਿਹਚਾ ਨਾਲ ਕੰਮ ਕੀਤਾ। ਯਰੀਹੋ ਦੀ ਸ਼ਹਿਰਪਨਾਹ ਅਜਿੱਤ, ਲਗਦੀ ਸੀ ਪਰ ਨਿਹਚਾ ਨਾਲ ਉਸ ਦੇ ਦੁਆਲੇ ਚੱਕਰ ਲਾਉਣ ਨਾਲ ਉਹ ਢਹਿ ਢੇਰੀ ਹੋ ਗਈ।

ਜਦ ਅਸੀਂ ਬਚਾਏ ਗਏ ਸਾਂ ਤਾਂ ਇਹ ਬਚਾਇਆ ਜਾਣਾ ਨਿਹਚਾ ਦੇ ਰਾਹੀਂ ਕਿਰਪਾ ਨਾਲ ਹੋਇਆ ਸੀ (ਅਫ਼ਸੀਆਂ 2:8, 9)। ਪਰ ਖ਼ੁਦਾ ਦੀ ਕਿਰਪਾ ਦੇ ਪ੍ਰਭਾਵੀ ਹੋਣ ਲਈ ਜ਼ਿੰਦਾ ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ। ਇੱਕਲਾ ਵਿਸ਼ਵਾਸ ''ਮੁਰਦਾ'' ਅਤੇ ''ਅਕਾਰਥ'' ਹੈ (ਯਾਕੂਬ 2:17, 20)।

ਅਸੀਂ ਆਖ ਸਕਦੇ ਹਾਂ ਕਿ ਨਿਹਚਾ ਨਾਲ ਉਨ੍ਹਾਂ ਦੇ ਸੱਤ ਦਿਨਾਂ ਤਕ ਪਰਕਰਮਾਂ ਕਰਨ ਤੇ ਯਰੀਹੋ ਦੀ ਸ਼ਹਿਰਪਨਾਹ ਢਹਿ ਗਈ। ਇਸੇ ਤਰ੍ਹਾਂ ਨਿਹਚਾ ਦੇ ਰਾਹੀਂ ਕਿਰਪਾ ਨਾਲ ਰਹਾਬ ਧਰਮੀ ਠਹਿਰਾਈ ਗਈ, ਜਾਂ ਬਚਾਈ ਗਈ, ਜਦ ਉਸ ਨੇ ਇਸਰਾਏਲੀ ਜਸੂਸਾਂ ਦੀ ਰੱਖਿਆ ਕਰਕੇ (ਉਸ ਨੂੰ ਮਿਲੇ ਸਬੂਤ ਦੇ ਅਧਾਰ ਤੇ) ਆਪਣੀ ਨਿਹਚਾ ਨੂੰ ਵਿਖਾਇਆ। ਯਾਕੂਬ 2:25 ਇਹ ਆਖ਼ਦਿਆਂ ਕਿ ਆਪਣੀ ਨਿਹਚਾ ਨਾਲ ਉਹ ''ਅਮਲਾਂ ਨਾਲ ਧਰਮੀ ਠਹਿਰੀ'' ਇਹੀ ਗੱਲ ਆਖਦਾ ਹੈ। ਇਬਰਾਨੀਆਂ ਦੀ ਕਿਤਾਬ ਇਹ ਗੱਲ ਨਹੀਂ ਦੱਸਦੀ ਅਤੇ ਨਾ ਹੀ ਨਵੇਂ ਨੇਮ ਦੀ ਹੋਰ ਕਿਤਾਬ ਕਿ ਆਦਮੀ ਨਿਰੇ ਵਿਸ਼ਵਾਸ ਨਾਲ ਧਰਮੀ ਠਹਿਰਾਇਆ ਜਾਂਦਾ ਹੈ। ਜਿਨ੍ਹਾਂ ਨੂੰ ਇਹ ਲਗਦਾ ਹੈ ਕਿ ਯਾਕੂਬ ਸਿਰਫ਼ ਆਪਣੇ ਸਾਥੀ ਦੀ ਨਜਰ ਵਿਚ ਧਰਮੀ ਠਹਿਰਣ ਵਾਲੇ ਸਾਥੀ ਦੀ ਗੱਲ ਕਰ ਰਿਹਾ ਸੀ, ਨਾ ਕਿ ਰੂਹ ਦੇ ਬਚਾਏ ਜਾਣ ਦੀ, ਉਨ੍ਹਾਂ ਨੇ ਯਾਕੂਬ 2:14 ਤੇ ਧਿਆਨ ਨਹੀਂ ਕੀਤਾ: ''ਹੇ ਮੇਰੇ ਭਰਾਵੋ, ਜੇ ਕੋਈ ਆਖੇ ਕਿ ਮੈਨੂੰ ਨਿਹਚਾ ਹੈ ਤਾਂ ਉਹ ਅਮਲ ਨਾ ਕਰਦਾ ਹੋਵੇ ਤਾਂ ਕੀ ਲਾਭ ਹੋਇਆ? ਭਲਾ, ਇਹ ਨਿਹਚਾ ਉਹ ਨੂੰ *ਬਚਾਅ* ਸਕਦੀ ਹੈ?'' ਯਾਕੂਬ ਬਚਾਏ ਜਾਣ ਦੀ ਗੱਲ ਕਰ ਰਿਹਾ ਸੀ ਨਾ ਕਿ ਸਿਰਫ਼ ਦੂਜਿਆਂ ਦੀ ਨਜ਼ਰ ਵਿਚ ਧਰਮੀ ਠਹਿਰਣ ਦੀ।

## ਸਦਾਚਾਰ ਦੀ ਹਾਲਤ?

ਸਦੀਆਂ ਤੋਂ ਮਸੀਹੀ ਸਦਾਚਾਰ ਦੇ ਅਧਿਐਨ ਵਿਚ ਮਿਸਰ ਵਿਚ ਦਾਈਆਂ ਵੱਲੋਂ (ਕੂਚ 1:15–21) ਅਤੇ ਰਹਾਬ ਵਲੋਂ ਬੋਲੇ ਗਏ ਝੂਠ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਮਾਮਲਿਆਂ ਵਿਚ ਸਵਾਲ ਉੱਠਦੇ ਹਨ ਕਿਉਂ ਜੋ ਦੋਹਾਂ ਨੂੰ ਹੀ ਬਾਈਬਲ ਦੀ ਹਮਾਇਤ ਮੜ੍ਹੀ ਜਾਂਦੀ ਹੈ। ਪੁਰਾਣੇ ਨੇਮ ਵਿਚ ਲਗਦਾ ਹੈ ਕਿਸੇ ਵੱਡੀ ਬੁਰਿਆਈ ਨੂੰ ਰੋਕਣ ਲਈ ਝੂਠ ਬੋਲਣ ਨੂੰ ਪਾਪ ਨਹੀਂ ਮੰਨਿਆ ਗਿਆ। ਮਿਸਰ ਵਿਚ ਬੇਦੋਸ਼ੇ ਬਾਲਕਾਂ ਨੂੰ ਕਤਲ ਨੂੰ ਰੋਕਣ ਲਈ ਦਾਈਆਂ ਨੇ ਝੂਠ ਬੋਲਿਆਂ ਅਤੇ ਰਹਾਬ ਦੇ ਝੂਠ ਨਾਲ ਉਨ੍ਹਾਂ ਜਸੂਸਾਂ ਦੀ ਰੱਖਿਆ ਹੋਈ ਜਿਹੜੇ ਯਰੀਹੋ ਵਿਚ ਗਏ ਸਨ। ਦੋਹਾਂ ਨਾਲ ਜਾਨਾਂ ਬਚੀਆਂ ਸਨ।

ਇਹ ਬਹਿਸ ਕਰਨਾ ਕਿ ਖ਼ੁਦਾ ਨਵੇਂ ਨੇਮ ਦੇ ਅਧੀਨ ਵੱਖਰੀ ਤਰ੍ਹਾਂ ਨਾਲ ਵਿਹਾਰ ਕਰਦਾ ਹੈ, ਢੀਠਪੁਣਾ ਹੋ ਸਕਦਾ ਹੈ। ਬੇਸ਼ੱਕ ਰਹਾਬ ਖ਼ੁਦਾ ਦੇ ਲੋਕਾਂ ਨਾਲ ਆਪਣੇ ਆਪ ਨੂੰ ਮਿਲਾਉਣ ਦੀ ਚਾਹਵਾਨ ਸੀ। ਅਤੇ ਇਸ ਕੰਮ ਦੇ ਰਾਹੀਂ ਉਸ ਨੇ ਆਪਣੇ ਯੋਗ ਹੋਣ ਨੂੰ ਵਿਖਾ ਦਿੱਤਾ। ਉਹ ਆਪਣੀ ਪਾਪ ਭਰੀ ਜ਼ਿੰਦਗੀ ਤੋਂ ਨਫ਼ਰਤ ਕਰਨ ਲੱਗੀ ਹੋਵੇਗੀ ਅਤੇ ਜਸੂਸਾਂ ਨੂੰ ਬਚਾਉਣ ਵੇਲੇ ਆਪਣੇ ਲੋਕਾਂ ਦੀ ਬੁਰਿਆਈ ਬਾਰੇ ਉਹ ਦੇ ਮਨ ਵਿਚ ਨਫ਼ਰਤ ਪੈਦਾ ਹੋ ਗਈ ਹੋਵੇਗੀ। ਉਸ ਨੇ ਇਵੇਂ ਕੰਮ ਕੀਤਾ ਜਿਵੇਂ ਇਸਰਾਏਲ ਵਿਚ ਰਹਿਣ ਵਾਲਾ ਕੋਈ ਹੀ ਵਿਅਕਤੀ ਕਰਦਾ; ਇਸ ਤਰ੍ਹਾਂ ਨਾਲ ਦਿਲ ਜਾਨ ਨਾਲ ਉਹ ਖ਼ੁਦਾ ਦੇ ਲੋਕਾਂ ਦੇ ਨਾਲ ਰਲ ਗਈ।

## ਸ਼ਹਿਰਾਂ ਦਾ ਨਾਸ (11:31)

ਬੇਪਰਤੀਤੇ ਲੋਕ ਪੂਰੇ ਪੂਰੇ ਸ਼ਹਿਰ ਅਤੇ ਲੋਕਾਂ ਦਾ ਨਾਸ ਕਰਨ ਦੇ ਖ਼ੁਦਾ ਦੇ ਹੁਕਮ ਦੇ ਸਬੰਧ ਵਿਚ ਪੁਰਾਣੇ ਨੇਮ ਦੀਆਂ ਕਹਾਣੀਆਂ ਦੇ ''ਕੁਧਰਮ'' ਤੇ ਹਮਲਾ ਕਰਦੇ ਹਨ। ਉਹ ਵਿਰੋਧ ਕਰਦੇ ਹਨ, ''ਇਕ ਧਰਮੀ ਅਤੇ ਪ੍ਰੇਮੀ ਪਰਮੇਸ਼ੁਰ ਅਜਿਹਾ ਕਿਵੇਂ ਕਰ ਸਕਦਾ ਹੈ? ਨਵੇਂ ਨੇਮ ਦੇ ਖ਼ੁਦਾ ਨਾਲ ਇਹ ਮੇਲ ਨਹੀਂ ਖਾਂਦਾ!'' ਅਜਿਹੀ ਬਰਬਾਦੀ ਦਾ ਕਾਰਣ ਹੁਕਮ ਨਾ ਮੰਨਣਾ ਦੱਸਿਆ ਗਿਆ ਹੈ। ਮੋਟੇ ਤੌਰ ਤੇ ਮਨੁੱਖ ਦੇ ਬਣਾਏ ਧਰਮਾਂ ਵਿਚ ਪੂਰੀ ਤਰ੍ਹਾਂ ਨਾਲ ਲੱਗੇ ਸ਼ਹਿਰਾਂ ਦੀ ਬੁਰਿਆਈ ਵਾਲੇ ਵਿਹਾਰ ਨਾਲ ਨਜਿੱਠਣ ਲਈ ਸੱਤਿਆਨਾਸ ਤੋਂ ਛੁੱਟ ਕੋਈ ਹੋਰ ਤਰੀਕਾ ਨਹੀਂ ਹੈ। ਲੋਕ ਪੂਰੀ ਤਰ੍ਹਾਂ ਨਾਲ ਖ਼ੁਦਾ ਵਿਚ ਬਗ਼ਾਵਤ ਵਿਚ ਉੱਤਰੇ ਹੋਏ ਸਨ ਜਿੱਥੋਂ ਉਹ ਵਾਪਸ ਨਹੀਂ ਹੋ ਸਕਦੇ ਸਨ (ਇਬਰਾਨੀਆਂ 6:4–6 ਤੇ ਚਰਚਾ ਵੇਖੋ।) ਉਨ੍ਹਾਂ ਦੇ ਪਾਪਾਂ ਲਈ ਵਾਅਦੇ ਦੀ ਧਰਤੀ ਵਿਚ ਅਜਿਹੇ ਨਗਰਾਂ ਦਾ ਨਾਸ ਜ਼ਰੂਰੀ ਸੀ।

ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਸਥਾਨਕ ਬਾਸ਼ਿੰਦਿਆਂ ਦੀ ਬੁਰਿਆਈ ਦੇ ਪੂਰਾ ਹੋ ਜਾਣ ਤੇ ਉਹ ਦੇਸ਼ ਇਸਰਾਏਲੀਆਂ ਨੂੰ ਮਿਲ ਜਾਣਾ ਸੀ (ਉਤਪਤ 15:16)। ਕਨਾਨ ਦੇਸ਼ ਵਿਚ ਵੜਨ ਵੇਲੇ ਇਸਰਾਏਲੀ ਲੋਕ ਅਮੋਰੀਆਂ ਨਾਲੋਂ ਬਹੁਤੇ ਧਰਮੀ ਸਨ। ਜੇ ਉਹ ਕਨਾਨੀਆਂ ਨੂੰ ਹੁਕਮ ਮੁਤਾਬਿਕ ਦੇਸ਼ ਵਿੱਚੋਂ ਖ਼ਤਮ ਕਰ ਦਿੰਦੇ ਤਾਂ ਉਨ੍ਹਾਂ ਦੇ ਸਾਹਮਣੇ ਕਾਫ਼ਿਰ ਮੂਰਤੀਪੂਜਾ ਦਾ ਸਵਾਲ ਹੀ ਨਹੀਂ ਹੋਣਾ ਸੀ। ਖ਼ੁਦਾ ਦੇ ਹੁਕਮ ਮੁਤਾਬਿਕ ਨਾ ਕਰ ਸਕਣ ਕਰਕੇ ਬਾਅਦ ਵਿਚ ਉਹ ਬੇਦੀਨੀ ਵਿਚ ਚਲੇ ਗਏ। ਆਪਣੇ ਆਲੇ ਦੁਆਲੇ ਦੇ ਕਾਫ਼ਿਰਾਂ ਦੀ ਨਕਲ ਕਰਕੇ ਇਸਰਾਏਲੀਆਂ ਨੇ ਸਭ ਤੋਂ ਪਹਿਲਾਂ ਖ਼ੁਦਾ ਦੇ ਉਨ੍ਹਾਂ ਨੂੰ ਉਹ ਦੇਸ਼ ਦੇਣ ਦੇ ਕਾਰਣ ਨੂੰ ਹੀ ਖ਼ਤਮ ਕਰ ਦਿੱਤਾ।

ਬਰਟਨ ਕਾਫ਼ਮੈਨ ਨੇ ਇਸ ਦੀ ਇਕ ਵਧੀਆ ਮਿਸਾਲ ਦਿੱਤੀ ਹੈ। ਕਿਸੇ ਵਕਤ ਅਮਰੀਕਾ ਵਿਚ ਰੇਲਗੱਡੀਆਂ ਕੋਲੋਰਾਡੋ ਦੀ ਮੌਫ਼ਟ ਸੁਰੰਗ ਵਿੱਚੋਂ ਦੀ ਕਾਂਟੀਨੈਂਟਲ ਡਿਵਾਈਡ (ਮਹਾਦੀਪੀ ਵੰਡ) ਨੂੰ ਪਾਰ ਕਰਦਿਆਂ ਸਨ। ਇਨ੍ਹਾਂ ਰੇਲਗੱਡੀਆਂ ਨੂੰ ਪਹਾੜ ਚੜ੍ਹਣ ਅਤੇ ਉੱਤਰਣਾ ਬੜਾ ਔਖਾ ਹੁੰਦਾ ਸੀ, ਜਿਸ ਕਰਕੇ ਹਰ ਮੋੜ ਤੇ ਡੀਰੇਲ ਯੰਤਰ ਲਾਏ ਗਏ ਸਨ। ਹੇਠਲੇ ਪਿੰਡਾਂ ਨੂੰ ਬਰਬਾਦੀ ਤੋਂ ਬਚਾਉਣ ਲਈ ਓਪਰੇਟਰ ਚੱਲਦੀ ਗੱਡੀ ਨੂੰ ਪਟਰੀ ਉੱਤੋਂ ਲਾਹ ਸਕਦਾ ਸੀ। ਬੇਕਾਬੂ ਹੋ ਜਾਣ ਵਾਲੀ ਗੱਡੀ ਨਾਸ ਹੁੰਦੀ ਹੈ ਤੇ ਹੋ ਜਾਵੇ।[101] ਇਸੇ ਤਰ੍ਹਾਂ ਨਾਲ ਖ਼ੁਦਾ ਨੂੰ ਪਤਾ ਹੁੰਦਾ ਹੈ ਜਦ ਅਸੀਂ ਹਮੇਸ਼ਾ ਦੀ ਬਰਬਾਦੀ ਵੱਲ ਨੂੰ ਜਾ ਰਹੇ ਹੁੰਦੇ ਹਾਂ। ਇਸਰਾਏਲ ਨੂੰ ਪਰਦੂਸ਼ਣ ਤੋਂ ਬਚਾਉਣ ਲਈ ਉਸ ਨੇ ਕਨਾਨ ਵਿਚ ਰਹਿਣ ਵਾਲੀਆ ਕੌਮਾਂ ਦੇ ਖਾਤਮੇ ਦਾ ਹੁਕਮ ਦਿੱਤਾ।

## ਕਈਆਂ ਦੀ ਮਦਦ ਮੋਅਜਜ਼ਿਆਂ ਦੇ ਰਾਹੀਂ ਹੋਈ, ਜਦ ਕਿ ਹੋਰਨਾਂ ਦੀ ਇੰਤਜ਼ਾਮ ਦੇ ਰਾਹੀਂ (11:32-34)

11:33, 34 ਵਿਚ ਦਿੱਤੇ ਕੁਝ ਕੰਮ ਖ਼ੁਦਾ ਦੇ ਦਖ਼ਲ ਦੇ ਰਾਹੀਂ ਦਿੱਤੇ ਜਾਣੇ ਸਨ, ਜਦ ਕਿ ਹੋਰ ਉਸ ਦੇ ਇੰਤਜ਼ਾਮ ਦੇ ਰਾਹੀਂ ਕੀਤੇ ਜਾਣੇ ਲਗਦੇ ਹਨ। ਉਦਾਹਰਣ ਲਈ ਮਿਦਿਆਨੀਆਂ ਉੱਤੇ ਫ਼ਤਹਿ ਪਾਉਣ ਵਿਚ ਰਾਤ ਨੂੰ ਹਮਲਾ ਕਰਨ, ਘੜਿਆਂ ਨੂੰ ਭੰਨ ਕੇ ਹੱਥਾਂ ਵਿਚ ਮਿਸਾਲਾਂ ਲੈ ਕੇ ਦੁਸ਼ਮਣ ਨੂੰ ਭਜਾ ਦੇਣ ਵਿਚ ਬੜੀ ਸੂਝ ਬੂਝ ਵਿਖਾਈ। ਲਗਦਾ ਨਹੀਂ ਹੈ ਕਿ ਇਹਦੇ ਲਈ ਕਿਸੇ ਵੀ ਕੁਦਰਤੀ ਸ਼ਕਤੀ ਨਾਲੋਂ ਵੱਧ ਕੇ ਖ਼ੁਦਾ ਦਾ ਸਿੱਧਾ ਦਖ਼ਲ ਜ਼ਰੂਰੀ ਸੀ। ਅਜਿਹੀਆਂ ਗੱਲਾਂ ਬਿਨਾਂ ਮੋਅਜਜ਼ਿਆਂ ਦੇ ਹੁੰਦੀਆਂ ਸਨ। ਗਿਦਾਊਨ ਦੀ ਜ਼ਿੰਦਗੀ ਦੀਆਂ ਹੋਰ ਘਟਨਾਵਾਂ ਬੇਸ਼ੱਕ ਮੋਅਜਜ਼ੇ ਨਾਲ ਹੋਈਆਂ (ਨਿਆਈਆਂ 6:36–40)। ਗਿਦਾਊਨ ਨੂੰ ਸੁੱਕੀ ਜ਼ਮੀਨ ਉੱਤੇ ਉਨ ਉੱਤੇ ਤਰੇਲ ਅਤੇ ਫਿਰ ਗਿੱਲੀ ਜ਼ਮੀਨ ਤੇ ਸੁੱਕੀ ਉਨ ਮਿਲੀ ਉਸ ਨੂੰ ਪਤਾ ਸੀ ਕਿ ਸੰਜੋਗ ਨਹੀਂ ਬਲਕਿ ਮੋਅਜਜ਼ਾ ਸੀ। ਮਿਦਯਾਨੀ ਸਿਪਾਹੀ ਨੂੰ ਦਿੱਤਾ ਗਿਆ ਮੁਕਾਸ਼ਫ਼ਾ (ਨਿਆਈਆਂ 7:9–15) ਮੋਅਜਜ਼ਾ ਹੋਣਾ ਸੀ ਕਿਉਂ ਜੋ ਭਵਿੱਖ ਦੀਆਂ ਘਟਨਾਵਾਂ ਦੀ ਖ਼ਾਸ ਜਾਣਕਾਰੀ ਸਿਰਫ਼ ਮੁਕਾਸ਼ਫ਼ੇ ਦੇ ਰਾਹੀਂ ਹੀ ਦਿੱਤੀ ਜਾ ਸਕਦੀ ਹੈ ਜੋ ਕਿ ਅਲੌਕਿਕ ਢੰਗ ਨਾਲ ਦਿੱਤਾ ਜਾਂਦਾ ਹੈ। ਗਿਦਾਊਨ ਦਾ ਸਿਪਾਹੀ ਨੂੰ ਆਪਣੀ ਹੋਣ ਵਾਲੀ ਹਾਰ ਦੀਆਂ

ਗੱਲਾਂ ਕਰਨਾ ਸੁਣਨਾ ਮੋਅਜਜ਼ਾ ਨਹੀਂ ਸੀ, ਪਰ ਇਹ ਇਕ ਫ਼ਾਇਦੇਮੰਦ ਇੰਤਜ਼ਾਮ ਦੇਣ ਵਾਲੀ ਘਟਨਾ ਸੀ। ਇਸ ਨੂੰ ਮੋਅਜਜ਼ਾ ਮੰਨਿਆ ਜਾਣਾ ਸੀ ਜੇ ਉਸ ਨੇ ਡੇਰੇ ਵਿਚ ਗਏ ਬਿਨਾਂ ਇਹ ਗੱਲਬਾਤ ਸੁਣੀ ਹੁੰਦੀ (ਘੱਟੋ ਘੱਟ ਉਸ ਵਕਤ ਦੀ ਮੌਜੂਦਾ ਤਕਨੀਕ ਦੱਸੀ)।

ਕਈ ਵਾਰ ਖ਼ੁਦਾ ਅਦਿੱਖ ਤਰੀਕਿਆਂ ਨਾਲ ਕੰਮ ਕਰਦਾ ਸੀ, ਕਿਉਂਕਿ ਜ਼ਾਹਿਰ ਤੌਰ ਤੇ ਮੋਅਜਜ਼ੇ ਹੁੰਦੇ ਸਨ। ਔਰਤਾਂ ਨੇ ਆਪਣੇ ਮੁਰਦਿਆਂ ਨੂੰ ਜੀ ਉੱਠੇ ਪਾਇਆ। ਜੇ ਕੋਈ ਆਖਦਾ ਹੈ ਕਿ ਉਸ ਨੇ ਮੋਅਜਜ਼ੇ ਵੇਖੇ ਹਨ ਤਾਂ ਉਸ ਨੂੰ ਕਹੋ ਕਿ ਕੋਈ ਅਜਿਹਾ ਵਿਅਕਤੀ ਵਿਖਾਏ ਜਿਹੜਾ ਕਈ ਦਿਨ ਮੁਰਦਾ ਰਹਿਣ ਦੇ ਬਾਅਦ ਜੀ ਉੱਠਿਆ ਹੋਵੇ। ''ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲਾ'' ਕੋਈ ਵੀ ਵਿਅਕਤੀ ਫ਼ੌਰਨ ਕਿਸੇ ਦੀ ਖਰੋਚ ਵੀ ਠੀਕ ਨਹੀਂ ਕਰ ਸਕਦਾ, ਅਤੇ ਬੇਸ਼ੱਕ ਅੱਜ ਕੋਈ ਕਿਸੇ ਮੁਰਦੇ ਨੂੰ ਜ਼ਿੰਦਾ ਨਹੀਂ ਕਰ ਸਕਦਾ।

ਜੇ ਬੀਤੇ ਵਿਚ ਖ਼ੁਦਾ ਨੇ ਆਪਣੇ ਲੋਕਾਂ ਨੂੰ ਲਾਭ ਦੇਣ ਲਈ ਬਿਨਾਂ ਮੋਅਜਜ਼ਿਆਂ ਦੇ ਕੰਮ ਕੀਤੇ ਤਾਂ ਭਲਾ ਉਹ ਅੱਜ ਕਿਉਂ ਨਹੀਂ ਕਰ ਸਕਦਾ? ਉਹ ਪਰਦੇ ਦੇ ਪਿੱਛੇ ਇਸ ਤਰੀਕੇ ਨਾਲ ਕੰਮ ਕਰ ਰਿਹਾ ਹੋ ਸਕਦਾ ਹੈ ਜਿਸ ਦਾ ਸਾਨੂੰ ਕੋਈ ਪਤਾ ਨਾ ਹੋਵੇ। ਹੋ ਸਕਦਾ ਹੈ ਕਿ ਸਾਨੂੰ ਉਦੋਂ ਤਕ ਪਤਾ ਨਾ ਲੱਗੇ ਕਿ ਉਸ ਨੇ ਸਾਡੇ ਲਈ ਕੀ ਕੀਤਾ ਹੈ ਜਦ ਤਕ ਅਸੀਂ ਨਿਆਂ ਤੋਂ ਬਾਅਦ ਉਸ ਦੀ ਹਜ਼ੂਰੀ ਵਿਚ ਨਾ ਜਾਈਏ। ਇਹ ਦਾਅਵਾ ਕਰਨ ਵਿਚ ਬੜੀ ਚੌਕਸੀ ਵਰਤੋ ਕਿ ਅਸੀਂ ਮੋਅਜਜ਼ਾ ਵੇਖਿਆ ਹੈ। ਖ਼ੁਦਾ ਦੇ ਨਿਸ਼ਾਨ ਅਤੇ ਚਮਤਕਾਰ ਸਾਡੀ ਸਹੂਲਤ ਜਾਂ ਹੈਰਾਨੀ ਲਈ ਨਹੀਂ ਬਲਕਿ ਖ਼ੁਦਾਈ ਸੰਦੇਸ਼ ਜਾਂ ਖ਼ੁਦਾ ਦੇ ਦੂਤ ਦੀ ਤਸਦੀਕ ਕਰਨ ਲਈ ਹੁੰਦੇ ਸਨ। ਮੋਅਜਜ਼ੇ ਨਵੇਂ ਨੇਮ ਵਿਚ ਪਰਗਟ ਕੀਤੇ ਗਏ ਸੰਦੇਸ਼ ਦਾ ਭਾਗ ਸਨ। ਨਵਾਂ ਮੁਕਾਸ਼ਫ਼ਾ ਅਤੇ ਮੋਅਜਜ਼ੇ ਨਾਲ ਨਾਲ ਚੱਲਦੇ ਹਨ।

ਇਬਰਾਨੀਆਂ 11 ਵਿਚ ਅਸੀਂ ਜਿਨ੍ਹਾਂ ਲੋਕਾਂ ਬਾਰੇ ਪੜ੍ਹਦੇ ਹਾਂ ਉਨ੍ਹਾਂ ਨੇ ਆਪਣੀ ਨਿਹਚਾ ਦੇ ਰਾਹੀਂ ਵੱਡੇ ਵੱਡੇ ਕੰਮ ਕੀਤੇ। ਕਈ ਵਾਰ ਅਸੀਂ ਬਿਨਾਂ ਪੱਕੇ ਵਿਸ਼ਵਾਸ ਦੇ ਬੜੇ ਬੜੇ ਕੰਮ ਕਰਨਾ ਚਾਹੁੰਦੇ ਹਾਂ। ਵੱਡੇ ਵਿਸ਼ਵਾਸ ਤਕ ਪਹੁੰਚਣ ਦਾ ਸਫ਼ਰ ਲੰਮਾ ਹੋ ਸਕਦਾ ਹੈ, ਸੋ ਤੁਹਾਨੂੰ ਇਸ ਨੂੰ ਪਾਉਣ ਲਈ ਹੁਣੇ ਤੋਂ ਸ਼ੁਰੂਆਤ ਕਰ ਦੇਣੀ ਚਾਹੀਦੀ ਹੈ। ਰੋਜ਼-ਬ-ਰੋਜ਼ ਵਿਸ਼ਵਾਸ ਵਿਚ ਚੱਲਣਾ, ਥੋੜ੍ਹਾ ਥੋੜ੍ਹਾ ਕਰਕੇ ਤੁਹਾਡੇ ਵਿਸ਼ਵਾਸ ਨੂੰ ਵਧਾ ਦਵੇਗਾ। ਇਕ ਦਿਨ ਉੱਠ ਕੇ ਤੁਸੀਂ ਵੇਖੋਗੇ ਕਿ ਤੁਹਾਡਾ ਵਿਸ਼ਵਾਸ ਵਧ ਗਿਆ ਹੈ ਤੁਸੀਂ ਖ਼ੁਦਾ ਦੀ ਹਜ਼ੂਰੀ ਵਿਚ ਉਹਦੇ ਨਾਲ ਰਹਿਣਾ ਚਾਹੋਗੇ ਜਿਹਦੇ ਨਾਲ ਤੁਸੀਂ ਸਾਲਾਂ ਤੋਂ ਚੱਲਦੇ ਆ ਰਹੇ ਹੋ। ਭਲਿਆਈ ਲਈ ਤੁਹਾਡਾ ਪ੍ਰਭਾਅ ਦੂਜਿਆਂ ਉੱਤੇ ਬੜਾ ਅਸਰ ਪਾਵੇਗਾ।

**ਸੰਸਾਰ ਉਨ੍ਹਾਂ ਦੇ ਯੋਗ ਨਹੀਂ ਸੀ** (11:35-40)

ਵਿਸ਼ਵਾਸ ਕੀੜਿਆਂ ਅਤੇ ਬਿਮਾਰੀ ਤੋਂ ਸੁਰੱਖਿਅਤ ਰੱਖੇ ਗਏ ਸ਼ੀਸ਼ੇ ਦੀ ਪੌਦਸ਼ਾਲਾ ਵਿਚ ਨਹੀਂ ਸਗੋਂ ਅਸਲ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਜ਼ਿੰਦਗੀ ਦੀ ਮਘਦੀ ਕੁਠਾਲੀ ਵਿਚ ਵੱਧਦਾ ਹੈ। ਅਜ਼ਮਾਇਸ਼ਾਂ ਦੇ ਦਰਮਿਆਨ ਸਾਡਾ ਵਿਸਵਾਸ ਉਹ ਭਰੋਸਾ ਬਣ ਜਾਂਦਾ ਹੈ ਜਿਹੜਾ ਕਾਇਮ ਰਹਿੰਦਾ ਹੈ। ਆਪਣੇ ਵਿਸ਼ਵਾਸ ਦੀ ਖ਼ਾਤਰ ਦੁੱਖ ਝੱਲਣ ਵਾਲੇ ਬਹੁਤ ਸਾਰੇ ਲੋਕ ਸਜ਼ਾ ਤੋਂ ਬਚਣ ਲਈ ''ਆਪਣੇ ਛੁਟਕਾਰੇ ਨੂੰ ਮੰਨਣ'' ਜਾਂ ਮੂਸਾ ਦੇ ਨੇਮ ਤੋਂ ਮੁੱਕਰਣ ਦੇ ਦੋਸ਼ੀ ਨਹੀਂ ਸਨ। ਪਹਿਲੀ ਸਦੀ ਈਸਵੀ ਦੇ ਅਖ਼ੀਰ ਤਕ ਮਸੀਹੀ ਲੋਕ ਵੀ ਆਪਣੇ ਇਕਰਾਰ ਵਿਚ ''*Kurios Christos*'' (''ਮਸੀਹ ਪ੍ਰਭੂ ਹੈ'') ਤੋਂ ਇਕ ਸ਼ਬਦ ਵਿਚ ਬਦਲਾਅ ਕਰਕੇ *Kurios Kaisar* (''ਕੈਸਰ ਪ੍ਰਭੂ ਹੈ'') ਸੰਭਵ ਮੌਤ ਤੋਂ ਛੁੱਟ ਸਕਦੇ ਸਨ। ਸੰਸਾਰ ਹਮੇਸ਼ਾ ਆਖਦਾ ਹੈ, ''ਸਾਡੇ ਨਾਲ ਚੱਲੋ, ਅਤੇ ਅਸੀਂ ਤੁਹਾਨੂੰ ਪਰੇਸ਼ਾਨ ਨਹੀਂ ਕਰਾਂਗੇ। ਤੁਸੀਂ ਵੱਖਰੇ ਨਾ ਰਹੋ। ਅਸੀਂ ਤੁਹਾਨੂੰ ਸਤਾਵਾਂਗੇ ਨਹੀਂ ਜੇ ਤੁਸੀਂ ਉਵੇਂ ਹੀ ਕਰੋ ਜਿਵੇਂ ਅਸੀਂ ਆਖਦੇ ਹਾਂ।''

ਹਾਰ ਮਨ ਕੇ ਸੰਸਾਰ ਨਾਲ ਮਸ਼ਹੂਰ ਹੋਣ ਦੀ ਪਰੀਖਿਆ ਕਿੰਨੀ ਵੱਡੀ ਹੈ! ਮੇਰਾ ਮੰਨਣਾ ਹੈ

ਕਿ ਜਿਹੜੇ ਲੋਕ ਕਲੀਸੀਆ ਨੂੰ ਅਜਿਹੀ ਚੀਜ਼ ਵਿਚ ਬਦਲਣਾ ਚਾਹੁੰਦੇ ਹਨ ਜਿਹਦੇ ਲਈ ਇਸ ਨੂੰ ਬਣਾਇਆ ਨਹੀਂ ਗਿਆ ਉਨ੍ਹਾਂ ਲਈ ਇਹ ਬਹੁਤ ਵਡੀ ਪ੍ਰੇਰਣਾ ਹੈ। ਇਬਰਾਨੀਆਂ ਦੀ ਕਿਤਾਬ ਦੇ ਇਨ੍ਹਾਂ ਸ਼ਬਦਾਂ ਨੂੰ ਮੁੱਢਲੇ ਸੰਤਾਂ ਨੂੰ ਮਸੀਹ ਦੇ ਪ੍ਰਤੀ ਆਪਣੀ ਇਮਾਨਦਾਰੀ ਨੂੰ ਬਣਾਈ ਰੱਖਣ ਲਈ ਬੜੀ ਦਿਲੇਰੀ ਮਿਲਦੀ ਹੋਵੇਗੀ। ਉਹ ਮਜ਼ਬੂਤ ਰਹੇ ਅਤੇ ਆਪਣੇ ਮੁਕਤੀਦਾਤੇ ਦੀ ਖ਼ਾਤਿਰ ਉਨ੍ਹਾਂ ਦਾ ਲਹੂ ਵਹਾਇਆ ਗਿਆ। ਉਹ ''ਉੱਤਮ ਕਿਆਮਤ'' ਨੂੰ ਪਾਉਣ ਲਈ ਕਾਇਮ ਰਹੇ (ਆਇਤ 35)। ਹੋਰ ਸੰਤਾਂ ਦੇ ਸਤਾਏ ਜਾਣ ਅਤੇ ਮਾਰੇ ਜਾਣ ਨਾਲ ਕਲੀਸੀਆ ਵਿਚ ਹੋਰ ਲੋਕ ਜੁੜਦੇ ਜਾਂਦੇ ਸਨ। ਬਹੁਤ ਸਾਰੇ ਲੋਕ ਸਹੀ ਕੰਮ ਕਰਨ ਲਈ ਖੜੇ ਹੋਣ ਨੂੰ ਤਿਆਰ ਰਹਿੰਦੇ ਹਨ ਭਾਵੇਂ ਇਸ ਵਿਚ ਦੁੱਖ ਹੀ ਮਿਲਦੇ ਹੋਣ। ਕਈ ਤਾਂ ਯਿਸੂ ਦੇ ਸੰਦੇਸ਼ ਨੂੰ ਫੈਲਾਉਣ ਲਈ ਆਪਣੀ ਜਾਨ ਕੁਰਬਾਨ ਕਰਨ ਨੂੰ ਵੀ ਤਿਆਰ ਰਹਿੰਦੇ ਹਨ।

**ਛੇਤੀ ਹੀ ਬਹੁਤ ਸਾਰੇ ਲੋਕਾਂ ਨੇ ਉਵੇਂ ਹੀ ਦੁੱਖ ਝੱਲਣਾ ਸੀ** (11:36-40)

ਦੂਜੀ ਸਦੀ ਈ. ਪੂ. ਦੇ ਸ਼ੁਰੂ ਵਿਚ ਅੰਤਿਓਕੁਸ ਏਪੀਫੇਨਸ ਦੀ ਹਕੂਮਤ ਵਿਚ ਸੀਰੀਆਈ ਲੋਕਾਂ ਵੱਲੋਂ ਬਹੁਤ ਸਾਰੇ ਯਹੂਦੀਆਂ ਦਾ ਕਤਲ ਕੀਤੇ ਜਾਣ ਨਾਲ ਯਹੂਦੀਵਾਦ ਨੂੰ ਵਡਿਆਈ ਮਿਲੀ। ਯਹੂਦੀਆਂ ਵੱਲੋਂ ਸਿਨਾਗੋਗ ਦੀਆਂ ਖ਼ਾਸ ਸਭਾਵਾਂ ਵਿਚ ਇਤਿਹਾਸ ਦੇ ਇਸ ਕਾਲ ਨੂੰ ਬਰਾਬਰ ਯਾਦ ਕੀਤਾ ਜਾਂਦਾ ਹੈ।

''ਦੁਖੀ'' (*thlibō*; ਆਇਤ 37) ਨਾਲ ਬੜਾ ਤਨਾਅ ਜਾਂ ਸਤਾਅ ਹੁੰਦਾ ਸੀ। ਯਹੂਦੀ ਇਤਿਹਾਸ ਦੀਆਂ ਘਟਨਾਵਾਂ ਕਰਕੇ ਆਇਤਾਂ 36 ਤੋਂ 40 ਵਿਚ ਵਰਤੇ ਸ਼ਬਦਾਂ ਦੀ ਬੇਸ਼ੱਕ ਅਹਿਮੀਅਤ ਹੈ ਪਰ ਕਲੀਸੀਆ ਦੇ ਵਿਰੁਧ ਅਜਿਹਾ ਹੀ ਸਤਾਅ ਹੋਇਆ ਸੀ। ਪੂਰਵ ਮਸੀਹੀ ਸੰਤਾਂ ਦੇ ਸੁਭਾਅ ਨੂੰ ਸਲੀਬ ਉੱਤੇ ਯਿਸੂ ਦੀ ਮੌਤ ਦੇ ਬਾਅਦ ਆਪਣੇ ਵਿਸ਼ਵਾਸ ਕਾਰਣ ਮਰਨ ਵਾਲਿਆਂ ਤੋਂ ਅਡ ਨਹੀਂ ਕੀਤਾ ਜਾ ਸਕਦਾ। ਉਹ ਸਭ ਮਿਲ ਕੇ ਇੱਕੋ ਹੀ ਸੰਗਤੀ ਦਾ ਭਾਗ ਹਨ, ''ਭਈ ਉਹ ਸਾਥੋਂ ਬਿਨਾਂ ਕਾਮਿਲ ਨਾ ਹੋਣ'' (ਆਇਤ 40)।

ਮਸੀਹ ਵਿਚ ਆਉਣ ਵਾਲਿਆਂ ਨੂੰ ਕਈ ਵਾਰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਦੱਸਿਆ ਜਾਂਦਾ ਹੈ ਕਿ ਉਹ ''ਮਰ ਗਏ'' ਹਨ ਅਤੇ ਇਸ ਦੇ ਬਾਅਦ ਉਨ੍ਹਾਂ ਨਾਲ ਕੋਈ ਰਿਸ਼ਤੇਦਾਰ ਕੋਈ ਸਬੰਧ ਨਹੀਂ ਰੱਖੇਗਾ। ਉਨ੍ਹਾਂ ਦੇ ਪਰਿਵਾਰ ਦੇ ਰਿਕਾਰਡ ਮਿਟਾ ਦਿੱਤੇ ਜਾਂਦੇ ਹਨ ਅਤੇ ਕਦੇ ਉਨ੍ਹਾਂ ਦਾ ਨਾਂਅ ਨਹੀਂ ਲਿਆ ਜਾਂਦਾ। ਹੋਰ ਵੀ ਹਨ ਜਿਹੜੇ ਇਹ ਜਾਣਦਿਆਂ ਕਿ ਆਪਣੇ ਘਰ ਦਿਆਂ ਵੱਲੋਂ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ, ਮਸੀਹ ਵਿਚ ਬਪਤਿਸਮਾ ਲੈਣ ਦੀ ਚਾਹ ਰੱਖਦਿਆਂ, ਇਹ ਜਾਣਦੇ ਹੋਏ ਵੀ ਕਿ ਉਨ੍ਹਾਂ ਨੂੰ ਬਪਤਿਸਮਾ ਲੈਣਾ ਚਾਹੀਦਾ ਹੈ, ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦੇ ਹਨ। ਭਲਾ ਵਿਸ਼ਵਾਸ ਨੂੰ ਲੋਕਾਂ ਸਾਹਮਣੇ ਮੰਨਣ ਦੇ ਰੂਪ ਵਿਚ ਬਪਤਿਸਮਾ ਲੈਣ ਦੇ ਪ੍ਰਭੂ ਦੇ ਹੁਕਮ ਦਾ ਇਕ ਕਾਰਣ ਇਹ ਸੀ?

ਪਰੀਖਿਆਵਾਂ ਸਾਡੇ ਮਨ ਨੂੰ ਸਾਫ਼ ਕਰ ਦਿੰਦਿਆਂ ਹਨ (''ਫਟਕਦੀਆਂ'' ਨਹੀਂ ਹਨ, ਲੂਕਾ 22:31–34 ਵਿਚ ਸ਼ੈਤਾਨ ਨੇ ਪਤਰਸ ਨੂੰ ਫਟਕਣਾ ਚਾਹਿਆ ਸੀ)। ਮਜ਼ਬੂਤ ਹੋਣ ਲਈ ਸਾਡੇ ਵਿਸ਼ਵਾਸ ਦਾ ਪਰਖਿਆ ਜਾਣਾ ਜ਼ਰੂਰੀ ਹੈ (ਯਾਕੂਬ 1:12–15)।

ਅਜਿਹੇ ਦੁੱਖ ਦਾ ਫਲ਼ ਉਹ ''ਉੱਤਮ ਗੱਲ'' ਹੈ ਜਿਹੜੀ ਖ਼ੁਦਾ ਨੇ ਸਾਡੇ ਲਈ ਤਿਆਰ ਕੀਤੀ ਹੈ (ਆਇਤ 40)। ਅਸੀਂ ''ਹੱਦੋਂ ਵੱਧ ਫ਼ਤਹਿ ਪਾਉਂਦੇ ਹਾਂ'' (ਰੋਮੀਆਂ 8:37; NKJV)। ''ਪਹਿਲਾ ਜੀ ਉੱਠਣ'' ਦੀ ਬਰਕਤ ਦੇ ਕਾਰਣ ਅਸੀਂ ''ਹੱਦੋਂ ਵੱਧ ਫ਼ਤਹਿ ਪਾਉਂਦੇ ਹਾਂ'' (NASB) (ਪ੍ਰਕਾਸ਼ ਦੀ ਪੋਥੀ 20:5, 6; ਵੇਖੋ 2:10, 11)। ਪ੍ਰਕਾਸ਼ ਦੀ ਪੋਥੀ ਵਿਚ ਜਿਨ੍ਹਾਂ ਲੋਕਾਂ ਦੇ ਨਾਂਅ ਦਿੱਤੇ ਗਏ ਹਨ ਉਹ ਮਸੀਹੀ ਬਣ ਕੇ ਅਤੇ ਸ਼ਹਾਦਤ ਪਾਉਣ ਦੇ ਬਾਵਜੂਦ ਵਫ਼ਾਦਾਰ ਰਹਿ ਕੇ ''ਪਹਿਲੀ ਕਿਆਮਤ'' ਵਿਚ ਸਾਂਝੀ ਹੋਏ ਸਨ। ਇਸ ਤਰ੍ਹਾਂ ਨਾਲ ਫ਼ਤਹਿ ਪਾ ਕੇ ਉਨ੍ਹਾਂ ਨੂੰ ''ਦੂਜੀ ਮੌਤ'' ਤੋਂ ਨੁਕਸਾਨ ਨਹੀਂ

ਹੋ ਸਕਦਾ ਸੀ (ਪ੍ਰਕਾਸ਼ ਦੀ ਪੋਥੀ 21:8)। ''ਫ਼ਤਹਿਮੰਦ'' ਹੋਣ ਤੋਂ ਭਾਵ ਪਰੀਖਿਆਵਾਂ ਅਤੇ ਸਤਾਵਾਂ ਵਿਚ ਕਾਇਮ ਰਹਿਣਾ ਹੈ ਜਿਹਦਾ ਵੇਰਵਾ ਰੂਹਾਨੀ ''ਜੀ ਉੱਠਣ'' ਦੇ ਰੂਪ ਵਿਚ ਕੀਤਾ ਗਿਆ ਹੈ। ''ਪਹਿਲਾ ਜੀ ਉੱਠਣ'' ਮਸੀਹ ਦੀ ਵਾਪਸੀ ਵੇਲੇ ਦੇਹ ਦੇ ਸਰੀਰਕ ਜੀ ਉੱਠਣ ਨਾਲ ਨਹੀਂ ਬਲਕਿ ਵਿਅਕਤੀ ਦੇ ਸੁਰਗ ਵਿਚ ਪਹੁੰਚਣ ਤੋਂ ਪਹਿਲਾਂ ਮੌਤ ਉੱਤੇ ਫ਼ਤਹਿ ਨਾਲ ਜੁੜਿਆ ਹੈ।

**ਉਹ ਅਨੋਖੇ ਨਬੀ** (11:36-40)

ਨਬੀਆਂ ਦਾ ਕੰਮ ''ਨਬੂਵਤ'' ਕਰਨ ਦੀ ਬਜਾਇ ਖ਼ੁਦਾ ਲਈ ਹੋਰ ''ਗੱਲ ਕਰਨਾ'' ਹੁੰਦਾ ਸੀ। ਉਹ ਪਾਪ ਨੂੰ ਝਿੜਕਦੇ ਅਤੇ ਪੁਰਾਣੇ ਰਾਹਾਂ ਦੇ ਅਨੁਸਾਰ ਜੀਣ ਦਾ ਸਹੀ ਢੰਗ ਸਮਝਾਉਂਦੇ ਸਨ (ਯਿਰਮਿਯਾਹ 6:16)। ਕਿਸੇ ਖ਼ਾਸ ਲੋੜ ਵੇਲੇ ਉਹ ਖ਼ੁਦਾ ਵੱਲੋਂ ਸਿੱਧਾ ਸੰਦੇਸ਼ ਪਾਉਣ ਲਈ ਬਰਕਤ ਪਾਏ ਹੋਏ ਸਨ। ਬੇਸ਼ੱਕ ਕੁਝ ਲੋਕ ਮੋਅਜਜ਼ੇ ਕਰਦੇ ਸਨ ਅਤੇ ਕੁਝ ਨਹੀਂ, ਪਰ ਉਹ ਸਾਰੇ ਆਤਮਾ ਦੇ ਰਾਹੀਂ ਬੋਲਦੇ ਸਨ।

1 ਪਤਰਸ 1:10–12 ਇਹ ਵਿਖਾਉਂਦਾ ਹੈ ਕਿ ਜਿਹੜੇ ਸੰਦੇਸ਼ ਉਨ੍ਹਾਂ ਨੇ ਬੋਲੇ ਜਾਂ ਲਿਖੇ, ਉਹ ਖ਼ੁਦਾ ਵੱਲੋਂ ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਸਨ। ਉਨ੍ਹਾਂ ਨੇ ਆਪਣੇ ਨਿੱਜੀ ਵਿਚਾਰਾਂ ਦਾ ਪ੍ਰਚਾਰ ਨਹੀਂ ਕੀਤਾ ਬਲਕਿ ''ਯਹੋਵਾਹ ਇਉਂ ਫ਼ਰਮਾਉਂਦਾ ਹੈ'' ਹੀ ਦੱਸਿਆ। ਖ਼ੁਦਾ ਨੇ ਵੀ ਉਨ੍ਹਾਂ ਨੂੰ ਸਿਰਫ਼ ਕੁਝ ਵਿਚਾਰ ਦੇਣ ਵਾਸਤੇ ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਅਤੇ ਆਖਿਆ, ''ਜਿਵੇਂ ਤੁਹਾਨੂੰ ਚੰਗਾ ਲੱਗੇ ਉਵੇਂ ਇਹ ਸੰਦੇਸ਼ ਲੋਕਾਂ ਨੂੰ ਦਿਓ।'' ਇਸ ਦੇ ਉਲਟ ਪ੍ਰਚਾਰ ਕਰਦਿਆਂ ਉਨ੍ਹਾਂ ਨੇ ਖ਼ੁਦਾ ਦਾ ਵਚਨ ਦੱਸਿਆ। ਲਿਖਣ ਵੇਲੇ ਉਨ੍ਹਾਂ ਨੇ ਸਿਰਫ਼ ਖ਼ੁਦਾ ਦੇ ਵਚਨ ਹੀ ਲਿਖੇ। ਇਹ ਹੋ ਸਕਦਾ ਹੈ ਕਿ ਖ਼ੁਦਾ ਨੇ ਹਰ ਲੇਖਕ ਦੀ ਸ਼ਬਦਾਵਲੀ ਅਤੇ ਬੋਲਣ ਦੀ ਸ਼ੈਲੀ ਦੀ ਵਰਤੋਂ ਕੀਤੀ। ਜਿਸ ਵਾਕਰਚਨਾ ਨੂੰ ਵਰਤਣ ਤੋਂ ਨਬੀ ਜਾਣਕਾਰ ਸੀ ਅਤੇ ਲੋਕ ਸੁਣਦੇ ਸਨ ਉਸ ਤੋਂ ਅੱਡ ਵਾਕਰਚਨਾ ਵਿਚ ਸੰਦੇਸ਼ ਨੂੰ ਬਦਲਣ ਦੀ ਕੀ ਲੋੜ ਸੀ? 1 ਕੁਰਿੰਥੀਆਂ 2:13 ਇਹ ਸੁਝਾਅ ਦਿੰਦਾ ਹੈ ਕਿ ਖ਼ੁਦਾ ਨੇ ਉਸ ਦੇ ਅਰਥ ਨੂੰ ਉਨ੍ਹਾਂ ਦੀਆਂ ਸ਼ਬਦਾਵਲੀਆਂ ਵਿਚ ''ਆਤਮਿਕ ਗੱਲਾਂ ਆਤਮਿਕ ਸ਼ਬਦਾਂ ਨਾਲ ਮਿਲਾ ਮਿਲਾ ਕੇ'' ਦਿੱਤੀਆਂ।

ਜਾਂ ਤਾਂ ਲਿਖਤ ਵਿਚ ਪੂਰੀ (''ਮੁਕੰਮਲ'') ਪ੍ਰੇਰਣਾ ਹੈ, ਜਾਂ ਅਸੀਂ ਇਸ ਉੱਤੇ ਬਿਲਕੁਲ ਨਿਰਭਰ ਨਹੀਂ ਹੋ ਸਕਦੇ। ਜੇ ਖ਼ੁਦਾ ਨੇ ''ਜ਼ਬਾਨੀ, ਮੁਕੰਮਲ ਪ੍ਰੇਰਣਾ'' ਨਹੀਂ ਦਿੱਤੀ, ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਸਾਡੇ ਕੋਲ ਉਹ ਦਾ ਉਹੀ ਸੰਦੇਸ਼ ਹੈ ਜਿਸ ਨੂੰ ਉਹ ਦੇਣ ਦਾ ਚਾਹਵਾਨ ਸੀ? ਲੋੜੀਂਦੇ ਸੰਦੇਸ਼ ਨੂੰ ਦੇਣ ਲਈ ਸ਼ਬਦਾਂ ਦਾ ਹੋਣਾ ਲਾਜ਼ਮੀ ਸੀ।

---

ਟਿੱਪਣੀਆਂ

[1]ਡੋਨਲਡ ਏ. ਹੈਗਨਰ, *ਐਨਕਾਉਂਟਰਿੰਗ ਦ ਬੁਕ ਆਫ਼ ਹਿਬਰੂਜ਼: ਐਨ ਐਕਸਪੋਜ਼ਿਸ਼ਨ*, ਐਨਕਾਉਂਟਰਿੰਗ ਬਿਬਲੀਕਲ ਸਟੱਡੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਅਕੈਡਮੀ, 2002), 142. [2]ਡੋਨਲਡ ਗੁਥਰੀ, *ਦ ਲੈਟਰ ਟੂ ਦ ਹਿਬਰੂਜ਼: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1983), 227. [3]ਥੌਮਸ ਜੀ. ਲੌਂਗ, *ਹਿਬਰੂਜ਼*, ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1997), 113. [4]ਹੈਗਨਰ, 143. [5]ਲੌਂਗ, 113. [6]ਰੇਅ ਸੀ. ਸਟੈਡਮੈਨ, *ਹਿਬਰੂਜ਼,* ਦ IVP ਨਿਊ ਟੈਸਟਾਮੈਂਟ ਕਮੈਂਟਰੀ ਸੀਰੀਜ਼ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਟੀ ਪ੍ਰੈੱਸ, 1992), 116–17, ਐੱਨ. [7]ਫ਼ਿਲਿਪ ਐਜਕੂੰਬ ਹਿਯੂਜਸ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1977), 438–39. [8]ਹੈਗਨਰ, 142. [9]ਰੇਅਮੰਡ ਬ੍ਰਾਊਨ, *ਦ ਮੈਸੇਜ ਆਫ਼ ਹਿਬਰੂਜ਼: ਕ੍ਰਾਈਸਟ*

*ਅਬੱਵ ਆਲ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1982), 198–99. [10]ਐੱਫ਼. ਐੱਫ਼. ਬਰੂਸ, *ਦ ਐਪਿਸਟਲ ਟੂ ਦ ਹਿਬਰੂਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 279.

[11]ਮੇਰਵਿਨ ਆਰ. ਵਿਨਸੈਂਟ, *ਵਰਡ ਸਟੱਡੀਜ਼ ਇਨ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1946), 4:509–10. [12]ਗੁਥਰੀ, 225. [13]ਗਰੇਥ, ਐੱਲ. ਰੀਸ, *ਏ ਕ੍ਰਿਟਿਕਲ ਐਂਡ ਐਕਸਜੇਟਿਕਲ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਮੋਬਰਲੀ, ਮਿਜ਼ੋਰੀਃ ਸਕਰਿਪਚਰ ਐਕਸਪੋਜ਼ਿਸ਼ਨ 1992), 193, ਐੱਨ. 1. [14]ਹਿਯੂਜਸ, 441. [15]ਉਹੀ, 438. [16]ਥੋਮਸ ਹੇਵਿਟ, *ਦ ਐਪਿਸਟਲ ਟੂ ਦ ਹਿਬਰੂਜ਼ਃ ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1960), 171. [17]ਜੇਮਸ ਮੈਕਨਾਈਟ, *ਏ ਨਿਊ ਲਿਟਰਲ ਟ੍ਰਾਂਸਲੇਸ਼ਨ, ਫ਼ਰਾਮ ਦ ਓਰਿਜਿਨਲ ਗ੍ਰੀਕ ਆਫ਼ ਆਲ ਦ ਅਪੋਸਟਲਿਕਲ ਐਪਿਸਟਲਜ਼ ਵਿਦ ਏ ਕਮੈਂਟਰੀ ਐਂਡ ਨੋਟਸ* (ਐਡਿਨਬਰਗਃ ਲੇਖਕ ਦੁਆਰਾ, 1795; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1984), 560. [18]ਰੀਸ, 194. [19]ਬਰੂਸ, *ਹਿਬਰੂਜ਼,* 279. [20]ਜੇਮਸ ਟੀ. ਡ੍ਰੇਪਰ ਜੂਨੀ., *ਹਿਬਰੂਜ਼, ਦ ਲਾਈਫ਼ ਦੈਟ ਪਲੀਜ਼ਜ਼ ਗੌਡ* (ਵ੍ਹੀਟਨ, ਇਲਿਨੋਇਃ ਟਿੰਡੇਲ ਹਾਊਸ ਪਬਲੀਸ਼ਰਜ਼, 1976), 294.

[21]ਹੇਵਿਟ, 172. [22]ਹੈਨਰੀ ਐਲਫ਼ਰਡ, *ਦ ਨਿਊ ਟੈਸਟਾਮੈਂਟ ਫ਼ਾਰ ਇੰਗਲਿਸ਼ ਰੀਡਰਜ਼* (ਸ਼ਿਕਾਗੋਃ ਮੂਡੀ ਪ੍ਰੈੱਸ, 1958), 1553. [23]ਬਰੂਸ, *ਹਿਬਰੂਜ਼,* 281, ਐੱਨ. 24. [24]ਇਨ੍ਹਾਂ ਸਮੂਹਾਂ ਨੂੰ ਲੌਂਗ, 115, 119 ਤੋਂ ਲਿਆ ਗਿਆ ਹੈ। [25]ਸਟੈਡਮੈਨ, 119. ਵਚਨ ਵਿਚ ''ਤੋਂ ਵਧ ਕੇ'' ਦੇ ਵਿਚਾਰ ਲਈ ਵੇਖੋ ਲੂਕਾ 12:23. [26]ਰੀਸ, 195, ਐੱਨ. 9. [27]ਮੈਕਨਾਈਟ, 560. [28]ਹਿਯੂਜਸ, 455. [29]ਨੀਲ ਆਰ. ਲਾਈਟਫ਼ੁਟ, *ਜੀਜ਼ਸ ਕ੍ਰਾਈਸਟ ਟੁਡੇਃ ਏ ਕਮੈਂਟਰੀ ਆਨ ਦ ਬੁਕ ਆਫ਼ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਊਸ, 1976), 207, ਐੱਨ. 10. ਲਾਈਟਫ਼ੁਟ ਨੇ ਧਿਆਨ ਦੁਆਇਆ ਕਿ ਇਬਰਾਨੀਆਂ ਦੀ ਕਿਤਾਬ ਵਿਚ ***laleō*** (''ਗੱਲ ਕਰਨਾ ਹੈ'') ''ਦੀ ਵਰਤੋਂ ਹਮੇਸ਼ਾ ਖ਼ੁਦਾਈ ਬੋਲ ਲਈ ਹੀ ਹੁੰਦੀ ਹੈ।'' ਇਸ ਕਰਕੇ ਹਾਬਲ ਅੱਜ ''ਇਲਾਹੀ ਤੌਰ ਤੇ ਉਚਰੀ ਗਈ ਲਿਖਤ'' ਦੇ ਰਾਹੀਂ ਗੱਲ ਕਰਦਾ ਹੈ। [30]ਉਤਪਤ 5:24 (LXX) ਸੰਕੇਤ ਦਿੰਦਾ ਹੈ ਕਿ ਉਠਾਏ ਜਾਣ ਤੋਂ ਪਹਿਲਾਂ ਹਨੋਕ ਨੇ ਖ਼ੁਦਾ ਨੂੰ ਖ਼ੁਸ਼ ਕੀਤਾ, ਪਰ ਬਾਈਬਲ ਦੀ ਲਿਖਤ ਦੀ ਗਵਾਹੀ ਉਸ ਦੇ ਸੁਰਗ ਵਿਚ ਚਲੇ ਜਾਣ ਦੇ ਬਾਅਦ ਦਿੱਤੀ ਗਈ (ਬਰੂਸ, *ਹਿਬਰੂਜ਼,* 289, ਐੱਨ. 52.)

[31]ਵਾਲਟਰ ਬਾਊਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋਃ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 302.[32]ਰੀਸ ਨੇ ਕਿਹਾ ਕਿ ਉਹ ਬਿਲਕੁਲ ਸਮਾਨਅਰਥੀ ਸ਼ਬਦ ਨਹੀਂ ਹਨ ਕਿਉਂ ਜੋ ''ਨਿਹਚਾ'' ਵਿਚ ਇੱਥੇ ਖ਼ੁਦਾ ਦੀ ਮਰਜ਼ੀ ਮੁਤਾਬਕ ਜੀਉਣਾ ਵੀ ਸ਼ਾਮਿਲ ਹੈ (ਰੀਸ, 196, ਐੱਨ. 11.) 11:3 ਦੇ ਸੰਭਾਵਤ ਅਪਵਾਦ ਨਾਲ ਇਹ ਇਬਰਾਨੀਆਂ ਦੀ ਕਿਤਾਬ ਵਿਚ ਆਮ ਅਰਥ ਨਾਲ ਮੇਲ ਖਾਂਦਾ ਲਗਦਾ ਹੈ। [33]ਕ੍ਰੇਗ ਆਰ. ਕੋਸਟਰ, *ਹਿਬਰੂਜ਼ਃ ਏ ਨਿਊ ਟ੍ਰਾਂਸਲੇਸ਼ਨ ਵਿਦ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਐਂਕਰ ਬਾਈਬਲ, ਜਿਲਦ 36 (ਨਿਊ ਯਾਰਕਃ ਡਬਲਡੇ, 2001), 477. LXX ਵਿਚ 2 ਮੱਕਾਬੀਆਂ 8:16 ਵਿਚ ਇਹ ਸ਼ਬਦ ਅੰਤਿਓਕੁਸ ਐਪੀਫੇਨਸ ਦੀ ਦੁਸ਼ਮਣ ਫ਼ੌਜ ਦੇ ''ਡਰ'' ਦੇ ਸਬੰਧ ਵਿਚ ਵਰਤਿਆ ਗਿਆ ਹੈ। [34]ਬਰੂਕ ਫੌਸ ਵੈਸਟਕੌਟ, *ਦ ਐਪਿਸਟਲ ਟੂ ਦ ਹਿਬਰੂਜ਼ਃ ਦ ਗ੍ਰੀਕ ਟੈਕਸਟ ਵਿਦ ਨੋਟਸ ਐਂਡ ਐਸੇਜ਼* (ਲੰਦਨਃ ਮੈਕਮਿਲਨ ਐਂਡ ਕੰ., 1889; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਨ ਕੰ., 1973), 358. [35]''ਵਾਅਦਾ ਕੀਤਾ ਦੇਸ਼'' ਜਾਂ ''ਵਾਅਦੇ ਦੀ ਧਰਤੀ'' ਇਜ਼ਹਾਰ ਬਾਈਬਲ ਵਿਚ ਸਿਰਫ਼ ਇਬਰਾਨੀਆਂ 11:9 ਵਿਚ ਹੀ ਮਿਲਦਾ ਹੈ। [36]ਕੋਸਟਰ, 485, 494–97. [37]NIV ਵਿਚ ਉਤਪਤ

12:1–3 ਵਿਚ ਸੰਕੇਤ ਹੈ ਕਿ ਖ਼ੁਦਾ ਦੇ ਪਹਿਲਾਂ ਅਬਰਾਹਾਮ ਨੂੰ ਇਹੀ ''ਆਖਿਆ ਸੀ।'' [38]ਚਾਰਲਸ ਰੋਜ਼ਮਰੀ ਅਰਡਮੈਨ: *ਦ ਐਪਿਸਟਲ ਟੂ ਦ ਹਿਬਰੂਜ਼, ਐਨ ਐਕਸਪੋਜੀਸ਼ਨ* (ਫ਼ਿਲਾਡੈਲਫ਼ੀਆ: ਵੈਸਮਿੰਸਟਰ ਪ੍ਰੈੱਸ, 1934), 113. [39]ਰੌਬਰਟ ਮਿਲੀਗਨ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼,* ਨਿਊ ਟੈਸਟਾਮੈਂਟ ਕਮੈਂਟਰੀਜ਼ (ਸਿੰਸਿਨਾਟੀ: ਚੇਜ਼ ਐਂਡ ਹਾਲ, 1876; ਰੀਪ੍ਰਿੰਟ, ਨੈਸ਼ਵਿੱਲ: ਗੌਸਪਲ ਐਡਵੋਕੇਟ ਕੰ., 1975), 396. [40]ਬਰੂਸ, ਹਿਬਰੂਜ਼, 298–99.

[41]ਉਹੀ, 299–301. [42]ਰੀਸ, 200. ਰੋਮੀਆਂ 4:19 ਵਿਚ ਪੌਲੁਸ ਨੇ ਰੋਮੀਆਂ ਦੀ ਕਿਤਾਬ ਵਿਚ ''ਮੁਰਦੇ ਵਰਗੀ'' ਲਈ ਉਸੇ ਪੂਰਣ ਕ੍ਰਿਦੰਤ ਨੂੰ ਵਰਤਿਆ ਹੈ ਜਿਹਦੀ ਵਰਤੋਂ ਇੱਥੇ ਹੋਈ ਹੈ। (ਬਰੂਸ, *ਹਿਬਰੂਜ਼,* 302.) [43]ਐਫ਼. ਐਫ਼. ਬਰੂਸ ਨੇ ਟਿੱਪਣੀ ਕੀਤੀ ਹੈ ਕਿ ਲੇਖਕ ਦਾ ***pistei*** (''ਨਿਹਚਾ ਨਾਲ'') ਤੋਂ ***kata pistin*** (''ਨਿਹਚਾ ਵਿਚ'') ਤਕ ਬਦਲਣਾ ''ਸਿਰਫ਼ ਸਾਹਿਤਕ ਬਦਲਾਅ ਨਾਲ'' ਸੀ (ਬਰੂਸ, ਹਿਬਰੂਜ਼, 302, ਐੱਨ. 113)। [44]ਅਲਗਜ਼ੈਂਡਰ ਨੇਅਰਨ, *ਦ ਐਪਿਸਟਲ ਆਫ਼ ਪ੍ਰੀਸਟਹੁਡ; ਸਟੱਡੀਜ਼ ਇਨ ਦ. ਐਪਿਸਟਲ ਟੂ ਦ ਹਿਬਰੂਜ਼* (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1913), 396. [45]ਕੋਸਟਰ, 498. [46]ਉਤਪਤ 22:1–14 ਵਿਚ ਦਿੱਤੇ ਵੇਰਵੇ ਨੂੰ ਯਹੂਦੀਆਂ ਵੱਲੋਂ ਲੰਮੇ ਸਮੇਂ ਤੋਂ ''ਇਸਹਾਕ ਦਾ ਬੰਧਨ'' ਆਖਿਆ ਜਾਂਦਾ ਸੀ। ਇਸ ਨੂੰ ''ਸ਼ਹਾਦਤ ਦੇ ਛੁਟਕਾਰਾ ਦੁਆਉਣ ਵਾਲੇ ਪ੍ਰਭਾਅ'' ਦੇ ਨਾਂਅ ਨਾਲ ਜਾਣਿਆ ਜਾਣਾ ਚਾਹੀਦਾ ਹੈ (ਬਰੂਸ, *ਹਿਬਰੂਜ਼,* 309)। ਖ਼ੁਦਾ ਨੇ ਸੁਚਮੁਚ ਵਿਚ ਉਸ ਨੂੰ ''ਪਰਖਿਆ'' ਜਿਸ ਤੋਂ ਭਾਵ ਹੈ ਕਿ ''ਕਿਸੇ ਨੂੰ ਕਿਸੇ ਸਖ਼ਤ ਹਾਲਾਤ ਵਿਚ ਪਾਉਣਾ ਜਿਸ ਨਾਲ ਉਸ ਸ਼ਖ਼ਸ ਦਾ ਸੁਭਾਅ ਪਤਾ ਲਗ ਸਕੇ'' (ਕੋਸਟਰ, 490–91)। [47]ਹਿਯੂਜਸ, 482, ਐੱਨ. 51. [48]ਗੁਥਰੀ, 236. [49]ਬਰੂਸ, *ਹਿਬਰੂਜ਼,* 311. [50]ਅਖ਼ੀਰ ਵਿਚ ਖ਼ੁਦਾ ਨੇ ਅਬਰਾਹਾਮ ਨੂੰ ਕੁਰਬਾਨੀ ਪੂਰੀ ਨਹੀਂ ਕਰਨ ਦਿੱਤੀ। ਇਹਦੀ ਥਾਂ ਉਸ ਨੇ ਉਹਦੇ ਲਈ ਇਕ ਲੇਲਾ ਮੁਹੱਈਆ ਕਰਵਾ ਦਿੱਤਾ। ਸੰਭਵ ਹੈ ਕਿ ਇਹ ਕੰਡਿਆਲੀਆਂ ਝਾੜੀਆਂ ਵਿਚ ਫਸਿਆ ਹੋਵੇਗਾ ਅਤੇ ਖਾਮੋਸ਼ ਨਾਲ ਉਡੀਕ ਕਰ ਰਿਹਾ ਹੋਵੇਗਾ। ਅਬਰਾਹਾਮ ਨੇ ਲੇਲੇ ਨੂੰ ਵੇਖਿਆ ਅਤੇ ਖ਼ੁਦਾ ਨੂੰ ਭੇਂਟ ਚੜ੍ਹਾਉਣ ਲਈ ਉਸੇ ਨੂੰ ਵਰਤਿਆ (ਵੇਖੋ ਉਤਪਤ 22:8, 13, 14.)

[51]*ਦ ਐਪਿਸਟਲ ਆਫ਼ ਬਰਨਾਬਸ* 7:3; ਇਰੇਨਿਉਸ *ਅਗੇਂਸਟ ਹੇਅਰਸੀਜ਼* 4.5.4. [52]ਕੋਸਟਰ 492. [53]ਹਿਯੂਜਸ, 487. [54]ਜੋਸੇਫ਼ਸ *ਐਂਟੀਕੁਇਟੀਜ਼* 15.7.9. [55]ਬ੍ਰਾਊਨ, 212. [56]ਇਬਰਾਨੀ ਬਾਈਬਲ ਵਿਚ ***mittah*** ਹੈ ਜਿਸ ਤੋਂ ਭਾਵ ਹੈ ''ਬਿਸਤਰ,'' ਅਤੇ ''ਲਾਠੀ'' ਲਈ ਸ਼ਬਦ ***matteh*** ਸ਼ਬਦ ਹੈ। ਮੂਲ ਇਬਰਾਨੀ ਭਾਸ਼ਾ ਵਿਚ ਦੋਵੇਂ ਸ਼ਬਦ ਬਿਲਕੁਲ ਉਹੀ ਹਨ। ਸਵਰ ਦੇ ਬਿੰਦੂ ਈਸਵੀ 900 ਦੇ ਕਰੀਬ ਮੇਸੋਰੇਟੀਆਂ ਵੱਲੋਂ ਜੋੜੇ ਗਏ ਸਨ। ਉਨ੍ਹਾਂ ਨੂੰ ਹੀ ਸ਼ਬਦ ਦੀ ਗਲਤੀ ਲੱਗੀ ਹੋ ਸਕਦੀ ਹੈ। (ਜਿਮੀ ਐਲਨ, *ਸਰਵੇ ਆਫ਼ ਹਿਬਰੂਜ਼,* ਜਿਲਦ 2 [ਸਰਸੀ, ਆਰਕੈਂਸਾ: ਲੇਖਕ ਦੁਆਰਾ, 1984], 129.) [57]ਕੋਸਟਰ, 493. [58]ਗੁਥਰੀ, 238. [59]ਮਾਪਿਆਂ ਦੇ ਬੱਚੇ ਨੂੰ ਲਕਾਉਣ ਦੀ ਗੱਲ ਤਾਂ ਹੈ, ਪਰ ਫਿਰ ਉਹ ਸ਼ਾਹੀ ਮਹਿਲ ਵਿਚ ਵੱਡਾ ਹੁੰਦਾ ਹੈ। ਬਾਅਦ ਵਿਚ ਉਹ ਆਪਣੇ ਅਹੁਦੇ ਨੂੰ ਛੱਡ ਦਿੰਦਾ ਹੈ ਅਤੇ ਦੁੱਖਾਂ ਤਕਲੀਫ਼ਾਂ ਵਾਲੀ ਜ਼ਿੰਦਗੀ ਅਪਣਾ ਲੈਂਦਾ ਹੈ। ਬਰਬਾਦੀ ਦਾ ਖ਼ਤਰਾ ਹੁੰਦਾ ਹੈ ਪਰ ਦੁਸ਼ਮਣ ਬਰਬਾਦ ਹੋ ਜਾਂਦਾ ਹੈ ਅਤੇ ਇਸਰਾਏਲ ਬਚ ਜਾਂਦਾ ਹੈ (ਕੋਸਟਰ, 507 ਤੋਂ ਲਿਆ ਗਿਆ।) [60]ਜਿਵੇਂ ਕਿ ਬਰੂਸ, *ਹਿਬਰੂਜ਼,* 317, ਐੱਨ. 171 ਵਿਚ ਦੱਸਿਆ ਗਿਆ, LXX ਵਿਚ ਮਾਂ–ਬਾਪ ਦੋਹਾਂ ਦੇ ਵਿਸ਼ਵਾਸ ਦੀ ਗੱਲ ਹੈ।

[61]ਫਿਲੋ *ਲਾਈਫ਼ ਆਫ਼ ਮੋਜ਼ਜ਼,* 1, 3.9. [62]ਉਹੀ, *1* 3.23–24; ਜੋਸੇਫ਼ਸ *ਐਂਟੀਕੁਇਟੀਜ਼* 2.9.6. [63]ਜੋਸੇਫ਼ਸ *ਐਂਟੀਕੁਇਟੀਜ਼* 2.10. [64]ਯੂਪੋਲੇਮੁਸ (ਲਗਭਗ 150 ਈ.ਪੂ.) ਦੇ ਲੇਖ ਸਿਰਫ਼ ਖੰਡਾਂ ਵਿਚ ਬਚੇ ਹਨ। ਇਹ ਗੱਲ ਯੂਸਬਿਯੁਸ ਆਫ਼ ਕੈਸਰੀਆ *ਪ੍ਰੈਪਰੇਸ਼ਨ ਆਫ਼ ਦ ਗੌਸਪਲ* 9.26.1 ਵਿਚ ਸੰਭਾਲੀ ਗਈ ਹੈ। [65]ਇਹ ਮਨੇਥੋ (ਜਾਂ ਮਿਸਰ ਦੇ ਸਭ ਤੋਂ ਵੱਡੇ ਇਤਿਹਾਸਕਾਰ, ਸੇਬੇਨਾਈਟੋਸ ਦੇ ਮਨੇਥੋਨ) ਰਾਹੀਂ ਦਿੱਤੀ ਗਈ ਮਿਸਰੀ ਰਾਜਿਆਂ ਦੀ ਫ਼ਹਰਿਸਤ ਦੇ ਮੁਤਾਬਿਕ ਹੈ। ਇਸ ਫ਼ਹਰਿਸਤ ਤੇ ਝਗੜਾ ਹੈ ਪਰ ਜੇ ਇਹ ਸਹੀ ਹੈ ਤਾਂ ਮੂਸਾ ਦਾ ਜਨਮ ਲਗਭਗ 1525 ਈ. ਪੂ. ਵਿਚ ਹੋਇਆ ਅਤੇ ਕੂਚ 1446–1447 ਈ.ਪੂ. ਵਿਚ

ਹੋਇਆ। ਥੁਟਮੋਸ ਪਹਿਲੇ ਅਤੇ ਥੁਟਮੋਸ ਦੂਜੇ ਨਾਮਕ ਦੋ ਫ਼ਿਰਊਨਾਂ ਦੀ ਗੱਦੀ ਦੀ ਮਗਰਲੀ ਸ਼ਕਤੀ ਜ਼ਾਹਿਰ ਤੌਰ ਤੇ ਹੈਸ਼ਐਪਸੁਟ ਹੀ ਸੀ। ਚੰਗਾ ਸੰਖੇਪ ਵੇਰਵਾ ਰੀਸ, 205–6, ਐੱਨ. 36 ਵਿਚ ਦਿੱਤਾ ਗਿਆ ਹੈ। [66]''ਖ਼ਜ਼ਾਨਾ'' ਸ਼ਬਦ ਦਾ ਮੂਲ ਵਿਚਾਰ ''ਗੋਦਾਮ'' (*thēsauros*) ਸੀ। ਮਿਸਰ ਦੇ ਅਨਾਜ ਤੋਂ ਬਹੁਤ ਦੌਲਤ ਮਿਲਦੀ ਸੀ (ਕੋਸਟਰ, 503.) ਪਹਿਲੀ ਸਦੀ ਵਿਚ ਮਿਸਰ ਰੋਮ ਦਾ ਅਨਾਜ ਭੰਡਾਰ ਸੀ (ਜੋਸੇਫ਼ਸ, *ਵਾਰਜ਼,* 4.10.5.) [67]ਹਿਯੂਜਸ, 496–97. [68]ਲਾਈਟਫੁਟ, 217.[69]ਬਰੂਸ, *ਹਿਬਰੂਜ਼*, 322. [70]ਕੋਸਟਰ, 509.

[71]ਮਿਲੀਗਨ, 412–13. [72]ਵੈਸਟਕੌਟ, 373; ਹਿਯੂਜਸ, 498. [73]ਐੱਫ਼. ਐੱਫ਼. ਬਰੂਸ, *ਦ ਬੁਕਸ ਆਫ਼ ਦ ਪਾਰਚਮੈਂਟਸ,* ਸੋਧਿਆ ਅੰਕ (ਵੈਸਟਵੁਡ, ਨਿਊ ਜਰਸੀ: ਫ਼ਲੇਮਿੰਗ ਐਚ. ਰੇਵਲ ਕੰ., 1963), 44. [74]ਕੈਨਥ ਸੈਮੂਏਲ ਵੁਏਸਟ, *ਹਿਬਰੂਜ਼ ਇਨ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1951), 208. [75]ਬਰੂਸ, *ਹਿਬਰੂਜ਼,* 325, ਐੱਨ. 214. ''ਸਰਕੰਡਿਆਂ ਦਾ ਸਮੁੰਦਰ'' (*yam suph*) ਇਸਦੇ ਉੱਤਰੀ ਵਿਸਤਾਰ ਦੇ ਨਾਲ ਸ਼ਵੇਜ਼ ਖਾੜੀ ਅਤੇ ਅਕਾਬਾ ਦੀ ਖਾੜੀ ਦੋਹਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਸੀ। ਇਹ ਖਾੜੀਆਂ ਲਾਲ ਸਮੁੰਦਰ ਦਾ ਹਿੱਸਾ ਹਨ, ਜਿਸ ਕਰਕੇ ਕਿਸੇ ਵੀ ਤਰ੍ਹਾਂ ਨਾਲ ਇਸ ਨੂੰ ਚੁਣੇ, ਬਾਈਬਲ ਸਹੀ ਹੀ ਹੈ। (ਐਲਨ, 132.) [76]*ਦ ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ,* ਸੰਪਾ. ਐੱਫ਼. ਐੱਫ਼. ਬਰੂਸ, ਐੱਲ. ਐੱਲ. ਐਲੀਸਨ, ਐਂਡ ਜੀ. ਸੀ. ਡੀ. ਹਾਉਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1986), 1528 ਵਿਚ ਗੈਰਲਡ ਐਫ਼. ਹਾਅਥੌਰਨ, ''ਹਿਬਰੂਜ਼।'' [77]ਬਰੂਸ, *ਹਿਬਰੂਜ਼,* 327, ਐੱਨ. 226. [78]ਸਾਈਮਨ ਜੇ. ਕਿਸਟਮੇਕਰ, *ਐਕਸਪੋਜ਼ਿਸ਼ਨ ਆਫ਼ ਦ ਐਪਿਸਟਲ ਟੂ ਦ ਹਿਬਰੂਜ਼,* ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1984), 347. [79]ਕੋਸਟਰ, 517. [80]ਬਰੂਸ, *ਹਿਬਰੂਜ਼,* 332.

[81]ਉਹੀ, 333. [82]ਐਲਨ, 133. ਮੈਂ ਯੂਸੁਫ਼ ਨੂੰ ਇਸ ਵਰਗ ਵਿਚ ਨਹੀਂ ਰੱਖ ਸਕਦਾ; ਮੈਨੂੰ ਲਗਦਾ ਹੈ ਕਿ ਉਹ ਸਿਰਫ਼ ਇਕ ਮੁੱਛ–ਫੁੱਟ ਗੱਭਰੂ ਸੀ, ਜਿਸਨੇ ਬਚਪਨੇ ਦੇ ਜੋਸ਼ ਵਿਚ ਆਪਣੇ ਸੁਪਨਿਆਂ ਨੂੰ ਦੱਸ ਦਿੱਤਾ। [83]ਨਾਂਅ ਦੇਣ ਦਾ ਇਹ ਢੰਗ ਗੁਥਰੀ, 243–44 ਤੋਂ ਲਿਆ ਗਿਆ ਹੈ। [84]ਪਹਿਲਾਂ ਇਬਰਾਨੀਆਂ ਦੀ ਕਿਤਾਬ ਵਿਚ ਤਕਰੀਬਨ ਹਰ ਥਾਂ ''ਨਿਹਚਾ ਹੀ ਦੇ ਨਾਲ'' ਪਰ ਇੱਥੇ ਇਹ ''ਨਿਹਚਾ ਨਾਲ'' ਹੈ। NASB ਵਿਚ ਫ਼ਰਕ ਨਹੀਂ ਕੀਤਾ ਗਿਆ। (ਰੀਸ, 211, ਐੱਨ. 54.) ਬਰੂਸ ਨੇ ਲਿਖਿਆ ਹੈ ਕਿ ਚਾਰ ਜਣਿਆਂ ਵਿੱਚੋਂ ਤਿੰਨਾ ਤੇ ਯਹੋਵਾਹ ਦੇ ਆਤਮਾ ਦੇ ਉਤਰਣ ਦੀ ਗੱਲ ਕਹੀ ਜਾਂਦੀ ਹੈ (ਗਿਦਾਊਨ, ਨਿਆਈਆਂ 6:34; ਯਿਪਤਾ, ਨਿਆਈਆਂ 11:29; ਅਤੇ ਸਮਸੂਨ, ਨਿਆਈਆਂ 13:25), ''ਅਤੇ ਇਸ ਨੂੰ ਉਨ੍ਹਾਂ ਦੇ ਵਿਸ਼ਵਾਸ ਦੇ ਫ਼ੈਸਲਾਕੁੰਨ ਰੂਪ ਵਿਚ ਲਿਆ ਜਾ ਸਕਦਾ ਹੈ'' (ਬਰੂਸ, *ਹਿਬਰੂਜ਼,* 331)। [85]ਵੇਖੋ 1 ਮੱਕਾਬੀਆਂ 3:17–20. [86]2 ਮੱਕਾਬੀਆਂ 6:18–28. [87]2 ਮੱਕਾਬੀਆਂ 7. [88]ਜੋਸੇਫ਼ਸ *ਵਾਰਜ਼* 2.21.5; 6.5.3. [89]ਹੇਵਿਟ, 187. [90]1 ਮੱਕਾਬੀਆਂ 2:38.

[91]ਕੋਸਟਰ, 520. [92]ਚਾਰਲਸ ਵੈਸਲੀ, ''ਲੈਟ ਅਸ ਜੌਇਨ ਅਵਰ ਫ਼੍ਰੈਂਡਜ਼ ਅਬੱਵ'' (http://gbgm-umc.org/Umhistory/wesley/hmns/umh709.stm;ਇੰਟਰਨੈਟ; 21 ਸਤੰਬਰ 2006 ਨੂੰ ਵੇਖਿਆ ਗਿਆ)। [93]ਡ੍ਰੇਪਰ, 314. [94]ਜੇਮਸ ਰੱਸਲ ਲੌਵੱਲ (1819–91), ''ਦ ਪ੍ਰੈਜ਼ੰਟ ਕ੍ਰਾਇਸਿਸ'' ਦ ਕੰਪਲੀਟ ਪੋਇਟਿਕਲ ਵਰਕਸ ਆਫ਼ ਜੇਮਸ ਰੱਸਲ ਲੌਵੱਲ, ਸੰਪਾ. ਹੌਰੇਸ ਈ. ਸਕੱਢਰ (ਬੋਸਟਨ: ਹਾਊਟਨ ਮਿਫ਼ਲਿਨ ਕੰ., 1897), 67. [95]ਹਿਯੂਜਸ, 462. [96]ਲੌਂਗ, 115. [97]ਬ੍ਰਾਊਨ, 202. [98]''ਵਿਦੇਸ਼ੀ ਧਰਤੀ'' ਵਿਚ ਰਹਿਣ ਤੋਂ ਭਾਵ ਸੀ ਕਿ ਅਬਰਾਹਾਮ ਇਕ ''ਸਥਾਨਕ ਪਰਦੇਸੀ'' ਸੀ ਜਿਹਦੇ ਕੋਲ ਕਈ ਸਾਲਾਂ ਤਕ ਉਸ ਦੇਸ਼ ਵਿਚ ਰਹਿਣ ਦੇ ਬਾਵਜੂਦ, ਇਕ ਸ਼ਹਿਰੀ ਵਾਲੇ ਹੱਕ ਨਹੀਂ ਸਨ (ਕੋਸਟ, 494.) [99]*ਦ ਐਪਿਸਟਲ ਆਫ਼ ਮਥੇਟਸ ਆਫ਼ ਡਾਇਓਗਨੇਟਸ* 5:5 ਹੋ ਸਕਦਾ ਹੈ ਕਿ ''ਮਥੇਟਸ'' ਸਹੀ ਨਾਉਂ ਨਾ ਹੋਵੇ ਪਰ ਇਹਦਾ ਸਧਾਰਣ ਅਰਥ ਹੈ ''ਇੱਕ ਚੇਲਾ।'' [100]ਕੋਸਟਰ, ਐੱਨ. 400.

[101]ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਆਨ ਹਿਬਰੂਜ਼* (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਪਬਲੀਸ਼ਿੰਗ ਹਾਊਸ, 1971), 295.